ਸਾਲ ਪੰਦਰਵਾਂ, ਮਹੀਨਾ ਨਵੰਬਰ 2009

**ਫਾਉਂਡਰ ਚੇਅਰਮੈਨ**

**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ**

**(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ**

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque, Draft & correspondence
V.G.R.M Charitable Trust
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.

**ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-**

Head Office INDIA - (M) 94172-14379, 9417214391
0160-2255002, Fax - 2255009

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains - Phone : 403-270-3387

Canada - Bhai Sarmukh Singh Pannu
Phone - 604-433-0408

England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, Raj Mobile : 07968734058

Australia - Bhai Jiwan Singh ji
Phone : 03-943-65865, Fax : 03-943-65867

For more information please visit us on internet at:-
Email : atammarg@glide.net.in
http:# www.ratwarasahib.org, http # www.ratwarasahibmedia.org

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## ਤਤਕਰਾ

1. ਸੰਪਾਦਕੀ 2
2. ਮੰਘਿਰਿ ਦੀ ਸੰਗਰਾਂਦ 3
3. ਸ੍ਰੀ ਮਾਨ ਸੱਚਖੰਡਵਾਸੀ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਵੱਲੋਂ ਆਪਣੇ ਰੂਹਾਨੀ-ਸਫਰ ਪ੍ਰਤੀ ਪ੍ਰਵਚਨ 15
4. ਸੁਰਤਿ ਸਬਦਿ ਮਾਰਗ 23
5. ਮਹਾਂਪੁਰਖਾਂ ਦੀ ਅੱਠਵੀਂ ਬਰਸੀ ਤੇ ਵਿਸ਼ੇਸ਼ 29
6. ਕੀਨੋ ਬਡੋ ਕਲੂ ਮਹਿ ਸਾਕਾ 37
7. ਬਿਜੈ ਸਿੰਘ 51
8. ਮਾਰਗ ਚੋਣ 57
9. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ 60
10. ਸਿਹਤ ਰੱਖਿਆ ਗਿਆਨ 62

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

ਰਤਵਾੜਾ ਸਾਹਿਬ 0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386
ਪਰਮ ਸਤਿਕਾਰ ਯੋਗ ਬੀਜੀ 9417214381
ਜਰਨਲ - 9417214384, ਬੀ ਐਡ ਕਾਲਜ - 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਅਖੰਡਪਾਠ ਬੁਕਿੰਗ 9417214386
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**

**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਸੰਪਾਦਕੀ

ਇਹ ਪਿਆਰ ਭਰੀ ਮਾਸਿਕ ਰੂਹਾਨੀ ਪਤ੍ਰਿਕਾ ਪਾਠਕਾਂ ਤੱਕ ਉਸ ਸਮੇਂ ਪਹੁੰਚ ਰਹੀ ਹੈ ਜਦੋਂ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਮਹਾਨ ਪਵਿੱਤਰ ਭੂਮੀ ਉੱਪਰ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਅਤੇ ਆਤਮ ਮਾਰਗ ਸਾਇੰਟਿਫਿਕ ਸਪਿਰਚੂਅਲ ਐਜੂਕੇਸ਼ਨਲ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਪ੍ਰਉਪਕਾਰੀ ਮਹਾਂਪੁਰਸ਼ਾਂ ਦਾ ਮਹਾਂ ਸਮਾਧੀ ਲੈਣ ਦਾ ਦਿਨ 31 ਅਕਤੂਬਰ ਪਿਆਰ ਵੈਰਾਗ ਸ਼ਰਧਾ ਦੇ ਨਾਲ ਮਨਾਇਆ ਜਾ ਰਿਹਾ ਹੋਵੇਗਾ। ਪਰਉਪਕਾਰੀ ਮਹਾਂਪੁਰਸ਼ਾਂ ਦੇ ਪਿਆਰੇ ਦੇਸ਼ਾਂ ਵਿਦੇਸ਼ਾਂ ਤੋਂ ਆਪਣਾ ਨੈਤਿਕ ਫਰਜ ਪਛਾਣਦੇ ਹੋਏ ਮਹਾਂਪਵਿੱਤਰ ਰੂਹਾਨੀ ਸਤਿਸੰਗ ਅੰਦਰ ਗੁਰੂ ਪਾਤਿਸ਼ਾਹ ਦੇ ਚਰਨਾਂ ਵਿੱਚ ਬੈਠ ਕੇ ਅੰਤਰੰਗ ਸਾਧਨ ਕਰਦੇ ਹੋਏ ਗੁਰਮੰਤਰ ਅਭਿਆਸ ਗੁਰ-ਸੰਗਤ ਰਾਹੀਂ ਕਰਕੇ ਨਾਮ ਨਾਲ ਮਹਾਂਪੁਰਸ਼ਾਂ ਦੀ ਅੱਠਵੀਂ ਬਰਸੀ ਸਮਾਗਮ ਉੱਪਰ ਰਤਵਾੜਾ ਸਾਹਿਬ ਜੁੜ ਰਹੇ ਹਨ। ਮਹਾਂਪੁਰਸ਼ ਸਰੀਰ ਨਹੀਂ ਹੁੰਦੇ ਹੋਏ ਵੀ ਸੰਸਾਰਕ ਮਰਿਆਦਾ ਅਨੁਸਾਰ ਸਰੀਰ ਧਾਰਨ ਕਰਕੇ ਯੁੱਗ ਪੁਰਸ਼ ਬਣ ਕੇ ਕਲਯੁੱਗ ਨੂੰ ਸਤਿਜੁਗ ਵਿੱਚ ਬਦਲ ਦਿੰਦੇ ਹਨ । ਜਿਸ ਦਾ ਪ੍ਰਤੱਖ ਅਦਭੁੱਤ ਅਲੌਕਿਕ ਦ੍ਰਿਸ਼ ਮਹਾਂਪੁਰਸ਼ਾਂ ਦੇ ਪਿਆਰ, ਬੈਰਾਗ ਦੇ ਬਰਸੀ ਸਮਾਗਮ ਅੰਦਰ ਪ੍ਰਤੱਖ ਵੇਖਣ ਨੂੰ ਅਤੇ ਅਨੁਭਵ ਕਰਨ ਨੂੰ ਮਿਲਦਾ ਹੈ। ਸਰੀਰ ਕਰਕੇ ਮਹਾਂਪੁਰਸ਼ਾਂ ਦੇ ਵਿਛੋੜੇ ਦਾ ਸਮਾਂ ਅੱਠ ਸਾਲ ਪੂਰਾ ਹੋ ਚੁਕਿਆ ਹੈ। ਵਿਛੋੜੇ ਦਾ ਦੁੱਖ ਪਿਆਰ ਵਾਲੇ ਪ੍ਰੇਮੀਆਂ ਨੂੰ ਬੈਰਾਗ ਵਿੱਚ ਪ੍ਰਵੇਸ਼ ਕਰਾ ਕੇ ਮਾਇਆਵਿਕ ਭੋਗਾਂ ਤੋਂ ਛੁਟਕਾਰਾਂ ਕਰਾਉਂਦਾ ਹੈ। ਪਰਉਪਕਾਰੀ ਮਹਾਂਪੁਰਸ਼ ਉਹ ਜੁਗਤੀਆਂ ਉਕਤੀਆਂ ਦ੍ਰਿੜ ਕਰਵਾ ਦਿੰਦੇ ਹਨ ਜੋ ਕਿ ਪੂਰਵਜ ਮਹਾਂਪੁਰਸ਼ਾਂ ਤੋਂ ਪ੍ਰਾਪਤ ਸਿਨੇ-ਬਸੀਨੇ ਚਲੀਆਂ ਆ ਰਹੀਆਂ ਹਨ। ਸਤਵਾਂ ਸਲਾਨਾ ਸਮਾਗਮ ਮਹਾਂਪੁਰਸ਼ਾਂ ਦੀ ਸਰੀਰਕ ਮੌਜੂਦਗੀ ਵਿੱਚ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਆਪਣੀ ਅਮਿੱਟ ਛਾਪ ਸਦਾ ਵਾਸਤੇ ਕਾਇਮ ਕਰ ਗਿਆ ਹੈ । ਇਸ ਸਮਾਗਮ ਦੁਰਾਨ ਮਹਾਂਪੁਰਸ਼ਾਂ ਨੇ ਸਵਾਸ ਪ੍ਰਕ੍ਰਿਆ ਰਾਹੀਂ ਗੁਰਮੰਤਰ ਦਾ ਅਭਿਆਸ ਕਰਵਾ ਕੇ ਨਾਮ ਨਾਲ ਜੁੜਨ ਦੀ ਜੁਗਤ ਦ੍ਰਿੜ ਕਰਵਾਈ ਹੈ। ਅੱਜ ਵੀ ਇਸ ਦਰਸਾਈ ਜੁਗਤ ਅਨੁਸਾਰ ਗੁਰ-ਮੰਤਰ ਚਕਿਤਸਾ ਰਾਹੀਂ ਪੂਰਨਮਾਸੀ ਦੀ ਰਾਤ ਨੂੰ ਮਹਾਂਪੁਰਸ਼ਾਂ ਦੀ ਕਰਮ ਭੂਮੀ ਉਪਰ ਹਜਾਰਾਂ ਹੀ ਪ੍ਰਾਣੀ ਨਿਰੋਗ ਜੀਵਨ ਪ੍ਰਾਪਤ ਕਰਦੇ ਹਨ। ਗੁਰੂ ਘਰ ਦੀ ਮਰਿਯਾਦਾ ਅਨੁਸਾਰ ਹਰ ਪੂਰਨਮਾਸੀ ਨੂੰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਪੰਜ ਪਿਆਰੇ ਗੁਰ-ਮੰਤਰ ਮੂਲ-ਮੰਤਰ ਦ੍ਰਿੜ ਕਰਵਾ ਕੇ ਖੰਡੇਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰਨ ਕਰਵਾਉਂਦੇ ਹਨ।

ਗੁਰਬਾਣੀ ਪ੍ਰਕਾਸ਼ ਅੰਦਰ ਆਤਮ ਮਾਰਗ ਮੈਗਜੀਨ ਅਦਵੈਤ ਸਿਧਾਂਤ ਉਪੱਰ ਪ੍ਰਕਾਸ਼ਿਤ ਹੁੰਦਾ ਹੈ ਇਸ ਵਿੱਚ ਵੱਖੋ ਵੱਖਰੇ ਸਿਰਲੇਖ ਹੇਠ ਬ੍ਰਹਮ-ਗਿਆਨੀ, ਬ੍ਰਹਮ-ਨਿਸ਼ਠਾ, ਬ੍ਰਹਮ-ਵਕਤਾ, ਬ੍ਰਹਮ-ਸ੍ਰੋਤਰੀ, ਬ੍ਰਹਮ-ਦ੍ਰਿਸ਼ਟਾ, ਤੱਤਵੇਤੇ ਮਹਾਂਪੁਰਸ਼ਾਂ ਦਾ ਅਨੁਭਵ ਅੱਖਰਾਂ ਵਿੱਚ ਰੂਪਮਾਨ ਇਸ ਪਿਆਰੀ ਮਾਸਿਕ ਪਤ੍ਰਿਕਾ ਵਿੱਚ ਹਰ ਵਾਰੀ ਵਾਗੂੰ ਪ੍ਰਕਾਸ਼ਮਾਨ ਹੋ ਰਿਹਾ ਹੈ। ਸਿਹਤ ਗਿਆਨ ਸਿਰਲੇਖ ਹੇਠ ਅਯੁਰਵੇਦ ਸਿੱਧ ਪੁਰਸ਼ ਵੈਦ ਦਾ ਲੇਖ ਨਿਰੋਗੀ ਕਾਇਆ ਰੱਖਣ ਵਾਸਤੇ ਪ੍ਰਕਾਸ਼ਿਤ ਕੀਤ ਜਾ ਰਿਹਾ ਹੈ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਪਵਿੱਤਰ ਵਾਤਾਵਰਣ ਅੰਦਰ ਚੜ੍ਹਦੀ ਪੂਰਨਮਾਸੀ ਦੀ ਰਾਤ ਨੂੰ ਚੰਦਰਮਾਂ ਦੀਆਂ ਰਿਸ਼ਮਾਂ ਅੰਦਰ ਰੁੱਤਾਂ ਮੁਤਬਿਕ ਜੜ੍ਹੀ ਬੂਟੀਆਂ ਪਾ ਕੇ ਅਦਭੁੱਤ ਖੀਰ ਦਾ ਦਰਗਾਹੀ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਰੈਣ ਸਬਾਈ ਕੀਰਤਨ ਰਾਹੀਂ ਗੁਰੂ ਚਰਨਾਂ ਵਿੱਚ ਨਾਮ ਨਾਲ ਜੁੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਮਹਾਂਪੁਰਸ਼ਾਂ ਦੇ ਦਰਸਾਏ ਰਸਤੇ ਉਪਰ ਚਲਦੇ ਹੋਏ ਅਜੋਕੇ ਸਮੇਂ ਵਿੱਚ ਰਤਵਾੜਾ ਸਾਹਿਬ ਦੀ ਕਰਮ ਭੂਮੀ ਆਪਣੀ ਮਿਸਾਲ ਆਪ ਬਣਦੀ ਜਾ ਰਹੀ ਹੈ । ਇਸ ਧਰਤੀ ਉੱਪਰ ਹਜਾਰਾਂ ਹੀ ਦਰਖਤ ਜੰਗਲ ਦਾ ਰੂਪ ਧਾਰਨ ਕਰਦੇ ਜਾ ਰਹੇ ਹਨ ਅਤੇ ਸਾਨੂੰ ਸਵਾਸ ਨਾਲ ਗੁਰ-ਮੰਤਰ ਅਭਿਆਸ ਕਰਨ ਵਾਸਤੇ ਪਵਿੱਤਰ ਪ੍ਰਾਣ ਵਾਯੂ ਆਕਸੀਜਨ ਪ੍ਰਦਾਨ ਕਰਦੇ ਹਨ। ਪਵਿੱਤਰ ਧਰਤੀ ਉਪਰ ਕੀਤਾ ਨਾਮ ਅਭਿਆਸ ਰੰਗ ਲਿਆ ਰਿਹਾ ਹੈ ਜਿਸ ਦੇ ਅਨੇਕਾਂ ਹੀ ਅਦਭੁੱਤ ਨਤੀਜੇ ਪ੍ਰਾਪਤ ਹੋ ਰਹੇ ਹਨ । ਇਸ ਲਈ ਅਸੀਂ ਆਪ ਜੀ ਤੇ ਪੂਰਾ ਵਿਸ਼ਵਾਸ਼ ਕਰਦੇ ਹੋਏ ਆਸ ਕਰਦੇ ਹਾਂ ਕਿ ਜਿੱਥੇ ਆਪ ਜੀ ਗੁ. ਈਸਰ ਪ੍ਰਕਾਸ਼ ਨਤਮਸਤਕ ਹੋਵੋਂਗੇ ਅਤੇ ਹੋਰਨਾਂ ਨੂੰ ਵੀ ਗੁਰੂ ਘਰ ਨਾਲ ਜੁੜਨ ਦਾ ਪ੍ਰੇਰਨਾ ਸਰੋਤ ਬਣੋਗੇ ਓਥੇ ਇਸ ਤਰ੍ਹਾਂ ਦੇ ਮਹਾਂਪੁਰਸ਼ਾਂ ਦੀ ਸੰਗਤ ਸੋਭਤ ਜਰੂਰ ਹੀ ਜੀਵਨ ਵਿੱਚ ਇਨਕਲਾਬ ਲਿਆ ਦੇਵੇਗੀ । ਆਪ ਜੀ ਦੇ ਚਰਨਾਂ ਵਿੱਚ ਗੁਰੂ ਨਾਨਕ ਦਾ ਵਾਸਤ ਪਾ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂਸ਼ਬਦ ਦੀ ਸ਼ਾਂਝ ਵਧਾਉਣ ਵਾਸਤੇ ਵੱਧ ਤੋਂ ਵੱਧ ਆਤਮ ਮਾਰਗ ਰੂਹਾਨੀ ਮੈਗਜੀਨ ਦੇ ਮੈਂਬਰ ਬਣਾਉਣ ਦੀ ਕ੍ਰਿਪਾਲਤਾ ਕਰੋ ਜੀ ।

# ਬਾਰਹਮਾਹਾ
# ਮੰਘਿਰਿ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਤਨੁ ਮਨੁ ਮਉਲਿਆ ਰਾਮ ਸਿਉ*
*ਸੰਗਿ ਸਾਧ ਸਹੇਲੜੀਆਹ॥*
*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*
*ਤਿਨ ਦੁਖੁ ਨ ਕਬਹੂ ਉਤਰੈ*
*ਸੇ ਜਮ ਕੈ ਵਸਿ ਪੜੀਆਹ॥*
*ਜਿਨੀ ਰਾਵਿਆ ਪ੍ਰਭੁ ਆਪਣਾ*
*ਸੇ ਦਿਸਨਿ ਨਿਤ ਖੜੀਆਹ॥*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥*
***ਅੰਗ - 135***

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
***ਪੰਨਾ - 256***
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
***ਪੰਨਾ - 289***

*ਧਾਰਨਾ - ਵਾਹਿਗੁਰੂ ਲੇਖੇ ਵਿਚ ਲਾ ਲੈ ਜ਼ਿੰਦਗੀ, ਫਿਰਦੇ ਫਿਰਦੇ ਬਹੁਤ ਜੁਗ ਬੀਤੇ।*

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* ***ਅੰਗ - 176***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ, ਕੱਤਕ ਦਾ ਮਹੀਨਾ ਲੰਘ ਚੁੱਕਿਆ ਹੈ, ਮਹਾਰਾਜ ਨੇ ਖੁਸ਼ੀਆਂ ਬਖਸ਼ੀਆਂ ਨੇ। ਹੁਣ ਮੰਘਿਰਿ ਦਾ ਮਹੀਨਾ ਚੜ੍ਹ ਰਿਹਾ ਹੈ, ਅਸੀਂ ਸਾਰੇ ਗੁਰੂ ਮਹਾਰਾਜ ਦੇ ਦਰਬਾਰ ਵਿਚ ਸਿਖਸ਼ਾ ਲੈਣ ਵਾਸਤੇ, ਅਰਦਾਸ ਕਰਨ ਵਾਸਤੇ ਆਏ ਹਾਂ ਕਿ ਸੱਚੇ ਪਾਤਸ਼ਾਹ! ਇਹ ਮਹੀਨਾ ਵੀ ਤੂੰ ਸੁਖ ਸ਼ਾਂਤੀ ਦਾ ਲੰਘਾਈ, ਇਹਦੇ ਵਿਚ ਫਸਲਾਂ ਬੀਜਣੀਆਂ ਨੇ, ਨਵੇਂ ਕੰਮ ਕਰਨੇ ਨੇ, ਉਨ੍ਹਾਂ ਵਿਚ ਬਰਕਤ ਪਾਈਂ। ਅਨੇਕਾਂ ਕਿਸਮ ਦੀਆਂ ਕਾਮਨਾਵਾਂ ਲੈ ਕੇ ਅਸੀਂ ਗੁਰੂ ਦੇ ਦਰ ਤੇ ਪਹੁੰਚਦੇ ਹਾਂ। ਸੋ ਗੁਰੂ ਮਹਾਰਾਜ ਦਾ ਉਪਦੇਸ਼ ਜਦੋਂ ਸਰਵਣ ਕਰਦੇ ਹਾਂ, ਕਿੰਨਾ ਸਮਾਂ ਹੋ ਗਿਆ ਸਾਧਸੰਗਤ ਜੀ, ਗੇੜੇ ਖਾਂਦਿਆਂ ਨੂੰ। ਇਕਨਾਂ ਨੂੰ ਤਾਂ ਏਸ ਗੱਲ ਦਾ ਫਿਕਰ ਹੈ ਮਨ ਵਿਚ ਕਿ ਜਿਹੜਾ ਹੁਣ ਸਮਾਂ ਮਿਲਿਆ ਸੀ ਇਹ ਵੀ ਲੰਘਦਾ ਜਾਂਦਾ ਹੈ। ਅਜੇ ਗੱਲ ਕੋਈ ਨਹੀਂ ਬਣੀ। ਐਨਾ ਕੁ ਜ਼ਰੂਰ ਹੈ ਕਿ ਮਨ ਦੀਆਂ ਵਾਸ਼ਨਾਵਾਂ ਥੋੜ੍ਹੀਆਂ ਕਾਬੂ ਹੋ ਗਈਆਂ। ਥੋੜ੍ਹਾ ਰਸਤਾ ਦਿਸਣ ਲਗ ਗਿਆ। ਚੰਗੇ ਰਾਹ ਤੇ ਚੱਲ ਰਹੇ ਹਾਂ। ਪੁੰਨ ਕਰਮ ਬਣ ਰਹੇ ਨੇ ਪਰ ਜਿਹੜਾ ਕੰਮ ਅਸਲੀ ਹੈ ਉਹ ਨਹੀਂ ਬਣ ਸਕਿਆ। ਅਗਲੇ ਪਾਸੇ ਸਮੇਂ ਦਾ ਕੋਈ ਪਤਾ ਨਹੀਂ ਹੈ। ਸੋ ਅਰਦਾਸ ਕਰਦੇ ਹਾਂ ਹੇ ਸੱਚੇ ਪਾਤਸ਼ਾਹ! ਕ੍ਰਿਪਾ ਕਰ, ਤੇਰੇ ਘਰ ਵਿਚ ਕੋਈ ਘਾਟਾ ਨਹੀਂ ਹੈ। ਨਿਰਾ ਇਨਸਾਫ ਦਾ ਘਰ ਨਹੀਂ ਹੈ ਤੇਰਾ, ਇਨਸਾਫ ਦਾ ਹੋਵੇ ਫੇਰ ਤਾਂ ਅਸੀਂ ਪਾਪੀ ਹੀ ਪਾਪੀ ਤੁਰੇ ਜਾਵਾਂਗੇ। ਦੋਸ਼ੀ ਓ ਦੋਸ਼ੀ ਤੁਰੇ ਜਾਵਾਂਗੇ। ਪਰ ਅਸੀਂ ਦੇਖਦੇ ਹਾਂ ਕਿ ਤੇਰੇ ਘਰ ਵਿਚ ਬਖਸ਼ਿਸ਼ ਹੈ, ਅਜਾਮਲ ਵਰਗੇ ਪਾਪੀਆਂ ਨੂੰ ਤੂੰ ਬਖਸ਼ ਸਕਦਾ ਹੈਂ, ਇਕ ਸਾਹ ਦੇ ਅੰਦਰ। ਗਨਕਾ ਵਰਗੀ ਬੀਬੀ ਬਖਸ਼ ਸਕਦਾ ਹੈਂ, ਬਾਲਮੀਕ ਵਰਗੇ ਡਾਕੂਆਂ ਨੂੰ ਤੂੰ ਬਖਸ਼ ਸਕਦਾ ਹੈਂ। ਸਾਡੇ ਤੇ ਵੀ ਕ੍ਰਿਪਾ ਕਰ। ਪਰ ਹੁੰਦਾ ਇਹ ਹੈ ਕਿ ਸਾਡੇ ਅੰਦਰੋਂ ਅਰਦਾਸ ਨਹੀਂ ਇਹ ਨਿਕਲਦੀ। ਅੰਦਰੋਂ ਆਉਂਦਾ ਹੀ ਨਹੀਂ, ਹੋਰ ਹੀ ਚੀਜ਼ਾਂ ਹੁੰਦੀਆਂ ਨੇ। ਐਨੇ ਅਨਜਾਣ ਹਾਂ ਕਿ ਮਨੁੱਖ ਦਾ ਜਨਮ ਤਾਂ ਧਾਰ ਲਿਆ ਪਰ ਜੋ ਅਸਲੀ ਕੰਮ ਹੈ ਉਹਦੇ ਵਲ ਖਿਆਲ ਤੱਕ ਨਹੀਂ ਆਉਂਦਾ। ਵਿਰਲੇ-ਵਿਰਲੇ ਨੂੰ ਖਿਆਲ ਆਉਂਦਾ ਹੈ।

ਇਸ ਮਹੀਨੇ ਦੇ ਅੰਦਰ ਮਹਾਰਾਜ ਜੀ ਦਸਦੇ ਨੇ ਕਿ ਸਿਰਫ ਓਹੀ ਬੰਦੇ ਸੋਂਹਦੇ ਨੇ ਜਿਹੜੇ ਪ੍ਰਮੇਸ਼ਰ ਨਾਲ ਮਿਲ ਗਏ ਨੇ, ਜਿਹੜੇ ਉਹਦੇ ਨਾਲ ਬੈਠੇ ਨੇ। ਬਾਕੀ ਤਾਂ ਸੰਸਾਰ ਤੁਰਿਆ ਫਿਰਦਾ ਹੈ, ਖੇਡ ਦੇ ਮੈਦਾਨ ਵਿਚ ਜਿਹਨੂੰ ਸਟੇਡੀਅਮ ਕਹਿੰਦੇ ਨੇ। ਉਥੇ ਖੇਲ੍ਹਾਂ ਹੁੰਦੀਆਂ ਨੇ। ਕੁਝ ਕੁਰਸੀਆਂ ਐਸੇ ਉਚੇ ਥਾਂ ਲੱਗੀਆਂ ਹੁੰਦੀਆਂ ਨੇ ਜਿੱਥੋਂ ਸਭ ਕੁਝ ਨਜ਼ਰ ਆਉਂਦਾ ਹੈ ਅਤੇ ਉਨ੍ਹਾਂ ਕੋਲ ਸਮਰੱਥਾ ਹੋਇਆ ਕਰਦੀ ਹੈ। ਉਥੇ ਉਹੀ ਬੈਠਦੇ ਨੇ ਜਿਹੜੇ ਚੁਣੇ ਹੋਏ ਹੁੰਦੇ ਨੇ। ਇਸੇ ਤਰ੍ਹਾਂ ਦੇ ਨਾਲ ਆਹ ਸੰਸਾਰ ਦਾ ਇਕ ਬਹੁਤ ਵੱਡਾ ਖੇਲ੍ਹ ਚੱਲ ਰਿਹਾ ਹੈ। ਨਾ ਬ੍ਰਹਿਮੰਡਾਂ ਦਾ ਅੰਤ ਹੈ, ਨਾ ਮੰਡਲਾਂ ਦਾ ਅੰਤ ਹੈ, ਨਾ ਦੁਨੀਆਂ ਦਾ ਅੰਤ ਹੈ, ਕਿਸੇ ਚੀਜ਼ ਦਾ ਅੰਤ ਹੈ ਹੀ ਨਹੀਂ। ਕਿਸੇ ਪਾਸੇ ਨੂੰ ਸੋਚਣ ਲਗ ਜਾਓ, ਅੰਤ ਨਹੀਂ ਹੈ, ਹਾਰ ਕੇ ਚੁੱਪ ਕਰ ਜਾਂਦਾ ਹੈ ਕਿ ਅੰਤ ਹੀ ਨਹੀਂ ਕਿਸੇ ਚੀਜ਼ ਦਾ। ਐਡੇ ਵੱਡੇ ਪ੍ਰਬੰਧ ਦੇ ਅਧੀਨ ਅਸੀਂ ਲੋਕ ਘੁੰਮਦੇ ਫਿਰਦੇ ਹਾਂ। ਜਿਵੇਂ ਲਾਟੂ ਘੁੰਮਦਾ ਹੈ ਇਉਂ ਘੁੰਮਦੇ ਹਾਂ ਜਾਂ ਹਲਟ ਦੀਆਂ ਟਿੰਡਾਂ ਜਿਵੇਂ ਘੁੰਮਦੀਆਂ ਨੇ ਐਸ ਤਰ੍ਹਾਂ ਘੁੰਮਦੇ ਹਾਂ ਕਦੇ ਉਪਰ ਆ ਜਾਂਦੇ ਹਾਂ, ਕਦੇ ਕੀੜੇ ਮਕੌੜੇ ਫੇਰ ਬਣ ਜਾਂਦੇ ਹਾਂ। ਕਦੇ ਪੰਛੀ ਬਣ ਜਾਂਦੇ ਹਾਂ, ਕਦੇ ਸੱਪ ਬਣ ਜਾਂਦੇ ਹਾਂ, ਕਦੇ ਹਾਥੀ ਬਣ ਜਾਂਦੇ ਹਾਂ, ਕਦੇ ਘੋੜੇ ਬਣ ਜਾਂਦੇ

ਹਾਂ, ਕਦੇ ਬੈਲ ਬਣ ਜਾਂਦੇ ਹਾਂ, ਕਦੇ ਗਧੇ ਬਣ ਜਾਂਦੇ ਹਾਂ। ਲੇਕਿਨ ਇਹ ਸਾਰੀਆਂ ਗੱਲਾਂ ਹੋਣ ਦੇ ਬਾਵਜੂਦ ਸਾਡੇ ਮਨ ਦੇ ਅੰਦਰ ਇਕ ਪ੍ਰਤੀਸ਼ਤ ਵੀ ਵਿਸ਼ਵਾਸ਼ ਨਹੀਂ ਆਉਂਦਾ ਕਿ ਹੈਂ ਇਹ ਵੀ ਗੱਲ ਬਣ ਜਾਏਗੀ। ਐਸ ਤਰ੍ਹਾਂ ਵੀ ਹੋ ਜਾਏਗਾ। ਹਾਲਾਂਕਿ ਗੁਰ ਇਤਿਹਾਸ ਦੇ ਅੰਦਰ ਐਸੀਆਂ ਸਾਖੀਆਂ ਪੜ੍ਹਦੇ ਹਾਂ ਕਿ ਗੁਰੂ ਮਹਾਰਾਜ ਨੇ ਰਿੱਛ ਮੁੱਲ ਲਿਆ ਤੇ ਲੈ ਕੇ ਪ੍ਰਸ਼ਾਦ ਛਕਾ ਕੇ ਉਹਦੀ ਗਤੀ ਕਰ ਦਿਤੀ। ਨਿਕਲਿਆ ਕੌਣ ਵਿਚੋਂ ਭਾਈ ਸੋਭਾ ਰਾਮ ਜਿਹੜਾ ਗੁਰੂ ਨੌਵੇਂ ਪਾਤਸ਼ਾਹ ਨੂੰ ਚੌਰ ਕਰਦਾ ਸੀ, ਕਹਿੰਦੇ ਚੌਰ ਕਰਨ ਵਾਲਾ ਵੀ ਇਥੇ ਆ ਗਿਆ, ਰਿੱਛ ਬਣ ਗਿਆ? ਅਜੀਬ ਗੱਲ ਹੈ ਇਹ ਤਾਂ। ਪੁੱਛਿਆ ਕਿ ਤੂੰ ਰਿੱਛ ਕਿਵੇਂ ਬਣ ਗਿਆ? ਕਹਿੰਦਾ, ਮੇਰੇ ਮੂੰਹੋਂ ਇਕ ਬ੍ਰਹਮਗਿਆਨੀ ਨੂੰ ਫਿੱਕੇ ਬਚਨ ਨਿਕਲ ਗਏ ਸੀ। ਉਹ ਪੂਰਨ ਮਹਾਂਪੁਰਸ਼ ਸੀ। ਉਨ੍ਹਾਂ ਨੇ ਕਹਿ ਦਿਤਾ ਕਿ ਰਿੱਛ ਤਾਂ ਤੂੰ ਹੀ ਬਣੇਗਾ। ਮੇਰੇ ਸ਼ਬਦ ਵਿਚ ਸੱਤਿਆ ਨਹੀਂ ਸੀ ਕਿ ਮੇਰਾ ਕਿਹਾ ਹੋਇਆ ਉਹ ਰਿੱਛ ਬਣ ਜਾਂਦਾ, ਉਹਦਾ ਕਿਹਾ ਹੋਇਆ ਮੈਨੂੰ ਬਣਨਾ ਪਿਆ।

ਮਹਾਰਾਜ ਮਾਲਵੇ 'ਚ ਜਾਂਦੇ ਨੇ। ਕਹਿੰਦੇ ਭਾਈ ਪਰਮ ਸਿੰਘ, ਭਾਈ ਧਰਮ ਸਿੰਘ ਪਲੰਘ ਤਾਂ ਤੁਸੀਂ ਬਣਾ ਲਿਆ। ਆਹ ਜਿਹੜੀ ਕਿੱਕਰ ਦੇ ਉਤੇ ਕਾਉਂ ਦਾ ਜਿਹੜਾ ਆਲ੍ਹਣਾ ਹੈ ਨਾ, ਇਹਦੇ ਵਿਚੋਂ ਕਾਉਂ ਦਾ ਬੱਚਾ ਚੁੱਕ ਕੇ ਲਿਆ। ਉਤੇ ਚੜ੍ਹ ਕੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਦੋ ਨੇ, ਕਿਹੜਾ ਚੁੱਕਾਂ? ਕਹਿੰਦੇ ਕਿਵੇਂ ਨੇ? ਕਹਿੰਦਾ ਮਹਾਰਾਜ ਇਕ ਤਾਂ ਡਰਿਆ ਬੈਠਾ ਹੈ, ਇਕ ਨੱਠ-ਨੱਠ ਪੈਂਦਾ ਹੈ। ਮਹਾਰਾਜ ਨੇ ਕਿਹਾ ਉਹਨੂੰ ਹੀ ਚੁੱਕ ਲੈ ਜਿਹੜਾ ਦੌੜ-ਦੌੜ ਪੈਂਦਾ ਹੈ।

ਕਹਿੰਦੇ ਵਾਹਿਗੁਰੂ ਕਹਿ ਕੇ ਇਹਦੀ ਗਰਦਨ ਮਰੋੜ ਦੇ। ਕੀ ਦੇਖਦੇ ਨੇ ਉਹਦੇ ਵਿਚੋਂ ਇਕ ਐਸੀ ਰੂਹ ਨਿਕਲੀ, ਜਿਹਨੂੰ ਸਾਰੇ ਹੀ ਜਾਣਦੇ ਸੀ। ਕਹਿੰਦੇ ਮਹਾਰਾਜ ਇਹ ਤਾਂ ਆਪਣਾ ਹੀ ਸੇਵਾਦਾਰ ਹੈ। ਅਨੰਦਪੁਰ ਸਾਹਿਬ ਹੁੰਦਾ ਸੀ। ਕਹਿੰਦੇ ਕਿਉਂ ਬਈ ਗੁਰਮੁਖਾ! ਇਹ ਕਿਵੇਂ ਬਣ ਗਿਆ ਤੂੰ। ਕਹਿੰਦਾ ਸੱਚੇ ਪਾਤਸ਼ਾਹ! ਭਾਈ ਧੰਨਾ ਅਭੇਦ ਅਵਸਥਾ ਦਾ ਗੁਰਸਿੱਖ ਸੀ ਆਪ ਦਾ, ਉਹਨੂੰ ਮੇਰੇ ਤੋਂ ਕਹਿ ਹੋ ਗਿਆ ਕਿ ਤੂੰ ਕਾਂ-ਕਾਂ ਕਿਉਂ ਕਰਦਾ ਹੈਂ, ਉਹਨੇ ਉਲਟਾ ਕਹਿ ਦਿਤਾ ਕਿ ਕਾਂ-ਕਾਂ ਤਾਂ ਤੂੰਹੀ ਕਰਦਾ ਹੈਂ, ਇਹ ਕਾਂ ਕਰਦੇ ਨੇ, ਤੂੰ ਕਾਂ ਹੀ ਬਣੇਂਗਾ। ਮੈਂ ਕਾਉਂ ਬਣ ਗਿਆ। ਪਰ ਆਪ ਦੀ ਕ੍ਰਿਪਾ ਹੋਈ, ਆਪ ਨੇ ਮੇਰਾ ਉਧਾਰ ਕਰ ਦਿਤਾ।

ਸੋ ਜਨਮ ਤਾਂ ਲੰਘ ਗਿਆ ਨਾ। ਇਹ ਤਾਂ ਕੋਈ ਪਤਾ ਨਹੀਂ, ਗੁਰੂ ਸਾਹਿਬ ਨੇ ਉਧਾਰ ਕਰ ਦਿਤਾ।

ਇਕ ਗੁਰਸਿੱਖ ਲੜਕੀ ਸੀ, ਪਰਿਵਾਰ ਵੀ ਚੰਗਾ ਸੀ, ਲੇਕਿਨ ਜਿਸ ਵਕਤ ਇਕ ਰਾਜਾ ਉਸ ਦੇ ਘਰ ਗਿਆ ਸਤਿਸੰਗ ਦੇ ਉਤੇ ਤਾਂ ਉਹ ਲੜਕੀ ਨੂੰ ਮੰਦਾ ਚੰਗਾ ਕਹਿਣ ਲੱਗ ਗਿਆ। ਮਾੜੀ ਗੱਲ ਕਹਿ ਦਿਤੀ। ਨਾਲ ਉਹਦੇ ਪਿਤਾ ਨੂੰ ਕਹਿਣ ਲੱਗਿਆ ਕਿ ਲੜਕੀ ਲੈ ਕੇ ਕੱਲ੍ਹ ਮੇਰੇ ਕੋਲ ਪਹੁੰਚੀਂ। ਲੜਕੀ ਕਹਿਣ ਲੱਗੀ ਪਿਤਾ ਜੀ, ਹੁਣ ਮੇਰੇ ਅੱਗੇ ਦੋ ਹੀ ਰਾਹ ਨੇ। ਇਕ ਤਾਂ ਇਹ ਕਿ ਮੈਂ ਆਪਣੀ ਇੱਜ਼ਤ ਲੈ ਕੇ ਐਵੇਂ ਜਿਵੇਂ ਚਲੀ ਜਾਵਾਂ। ਇਕ ਹੈ ਮੈਂ ਬੇਇੱਜ਼ਤ ਹੋ ਜਾਵਾਂ। ਪਾਪ ਦੀ ਭਾਗਣ ਹੋ ਜਾਵਾਂ। ਪਰ ਮੈਨੂੰ ਪਹਿਲਾ ਰਸਤਾ ਚੰਗਾ ਲਗਦਾ ਹੈ। ਕਹਿੰਦੀ ਮੈਂ ਰਾਜੇ ਕੋਲ ਜਾਵਾਂਗੀ, ਜੇ ਨਾ ਗਈ ਤਾਂ ਤੇਰੇ ਤੇ ਬਹੁਤ ਤਕਲੀਫਾਂ ਆ ਜਾਣਗੀਆਂ।

ਰਾਜੇ ਕੋਲ ਚਲੀ ਜਾਂਦੀ ਹੈ, ਸਮਝਾਉਂਦੀ ਹੈ ਉਹਨੂੰ ਕਿ ਤੂੰ ਗੁਰੂ ਦਾ ਸਿੱਖ ਹੈਂ। ਆਹ ਗੱਲ ਤੈਨੂੰ ਕਰਨੀ ਨਹੀਂ ਚਾਹੀਦੀ। ਜਦੋਂ ਉਹ ਨਾ ਹੀ ਹਟਿਆ, ਕਹਿਣ ਲੱਗੀ ਚੰਗਾ ਤੂੰ ਗੰਦ ਖਾਣਾ ਹੈ, ਗੰਦ ਖਾਣ ਵਾਲਾ ਸੌ ਜਨਮ ਘੋਗੜ ਬਣੇਗਾ, ਇਕ ਸੌ ਇਕ ਜਨਮ। ਐਨਾ ਕਹਿ ਕੇ ਉਹਨੇ ਤਾਂ ਪ੍ਰਾਣ ਛੱਡ ਦਿਤੇ ਤੇ ਉਹ 101 ਜਨਮ ਹੋ ਗਿਆ, ਘੋਗੜ ਹੀ ਬਣਦਾ ਤੁਰਿਆ ਆਉਂਦਾ ਹੈ।

ਗੁਰੂ ਮਹਾਰਾਜ ਜਦੋਂ ਮਾਲਵੇ 'ਚ ਗਏ। ਉਥੇ ਜਾ ਕੇ ਮਹਾਰਾਜ ਜੀ ਨੇ ਬਾਣ ਮਾਰਿਆ ਤੇ ਘੋਗੜ ਮਾਰ ਦਿਤਾ। ਨਾਲ ਦੇ ਜਿਹੜੇ ਸੀ ਭਾਈ ਦਾਨ ਸਿੰਘ ਵਗੈਰਾ ਦੇ ਨਾਲ ਬਰਾੜ, ਕਹਿੰਦੇ ਗੁਰੂ ਸਾਹਿਬ ਇਹ ਕੀ ਕਰਿਆ ਤੁਸੀਂ, ਘੋਗੜ ਹੀ ਮਾਰ ਦਿਤਾ? ਗੁਰੂ ਮਹਾਰਾਜ ਨੇ ਕਿਹਾ, ਘੋਗੜ ਨੂੰ ਪੁਛੋ ਕਿਉਂ ਮਾਰਿਆ ਹੈ? ਜਦੋਂ ਉਹਨੂੰ ਪੁਛਿਆ, ਕਹਿਣ ਲੱਗਿਆ ਮੇਰੀ ਗਲਤੀ ਸੀ, ਮੈਂ ਮਾੜੀ ਗੱਲ ਵਿਚ ਪੈ ਗਿਆ, ਗੁਰਸਿੱਖ ਬੱਚੀ ਨੂੰ ਮੈਂ ਮੰਦੀ ਨਿਗ੍ਹਾ ਨਾਲ ਦੇਖਿਆ ਤੇ ਮੈਨੂੰ ਇਹ ਜੂਨੀ ਮਿਲੀ ਹੈ। 101 ਜੂਨੀ ਹੋ ਗਈ, ਗੰਦ ਮੰਦ ਖਾਂਦਾ ਹਾਂ, ਸਾਰਾ।

ਸੋ ਉਹ ਤਾਂ ਉਧਾਰ ਕਰ ਦਿਤਾ ਗੁਰੂ ਮਹਾਰਾਜ ਨੇ, ਲਾਜ ਰੱਖ ਲਈ ਆਪਣੇ ਸਿੱਖ ਦੀ ਕਿ ਕਿਸੇ ਸਮੇਂ ਵਿਚ ਮੇਰਾ ਸਿੱਖ ਸੀਗਾ। ਸੋ ਇਸ ਤਰ੍ਹਾਂ ਕੋਈ ਪਤਾ ਨਹੀਂ ਹੁੰਦਾ ਸਾਧਸੰਗਤ ਜੀ! ਕਿ ਕਿੱਥੇ ਚਲੇ ਜਾਈਏ, ਪੌੜੀ ਛੁਟ ਗਈ ਤਾਂ ਫੇਰ ਹੱਥ ਨਹੀਂ ਆਉਂਦੀ। ਆਹ ਜਨਮ ਲੰਘ ਗਿਆ, ਸੋ ਬੇਨਤੀ ਹੈ ਕਿ ਸੱਚੇ ਪਾਤਸ਼ਾਹ! ਕ੍ਰਿਪਾ ਕਰ, ਆਪਣਾ ਬਣਾ ਲੈ, ਆਪਣਾ ਬਣਾ ਕੇ ਸਾਨੂੰ ਸਾਡਾ ਜੀਵਨ ਸਫਲ ਕਰਾ ਦੇ, ਜਿਸ ਵਾਸਤੇ ਅਸੀਂ ਆਏ ਹਾਂ।

ਸੋ ਇਸ ਮਹੀਨੇ ਵਿਚ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹੜੇ ਵਾਹਿਗੁਰੂ ਦੇ ਬਣ ਗਏ, ਜਿਹੜੇ ਪਰਵਾਨ ਹੋ ਗਏ, ਜਿਹੜੇ ਮਿਲ ਗਏ ਓਸਨੂੰ। ਉਨ੍ਹਾਂ ਦੀ ਐਨੀ ਸੋਭਾ ਵਧ ਜਾਂਦੀ ਹੈ ਕਿ ਕੋਈ ਕਹਿ ਨਹੀਂ ਸਕਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਜਿਹੜੇ ਮਿਲ ਗਏ ਰਾਮ ਪਿਆਰੇ ਨੂੰ,***
***ਉਨ੍ਹਾਂ ਦੀ ਸੋਭਾ ਕੌਣ ਜਾਣਦੈ।***

***ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥***
***ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥***
***ਅੰਗ – 135***

ਮਹਾਰਾਜ ਕਹਿੰਦੇ ਓਹੀ ਸ਼ੋਭਨੀਕ ਨੇ, ਜਿਨ੍ਹਾਂ ਦੇ ਹਿਰਦੇ ਵਿਚ ਰਾਮ ਪਿਆਰਾ ਪ੍ਰਗਟ ਹੋ ਗਿਆ। ਜਿਹੜੀਆਂ ਪ੍ਰਮੇਸ਼ਰ ਦੇ ਨਾਲ ਬੈਠਦੀਆਂ ਨੇ, ਬਰਾਬਰ ਬੈਠਦੀਆਂ ਨੇ। ਓਹੀ ਸੋਂਹਦੀਆਂ ਨੇ। ਜਿਨ੍ਹਾਂ ਨੇ ਵਾਹਿਗੁਰੂ ਨੂੰ ਮੇਲ ਲਿਆ ਕਹਿੰਦੇ ਉਨ੍ਹਾਂ ਦੀ ਸ਼ੋਭਾ ਕੋਈ ਕਹਿ ਨਹੀਂ ਸਕਦਾ। ਭਾਵੇਂ ਕਿੰਨਾ ਹੀ ਗਰੀਬ ਹੈ।

ਸਾਡੇ ਕੋਲ ਜਿਹੜੀ ਸੋਭਾ ਹੈ ਉਹ ਪੈਸੇ ਦੀ ਸੋਭਾ ਹੈ, ਬੰਦਿਆਂ ਦੀ ਸੋਭਾ ਹੈ, ਅਹੁਦਿਆਂ ਦੀ ਸੋਭਾ ਹੈ। ਮਹਾਰਾਜ ਕਹਿੰਦੇ ਇਹ ਤਾਂ ਕੁਛ ਵੀ ਨਹੀਂ ਹੈ ਉਸਦੇ ਮੁਕਾਬਲੇ ਤੇ, ਖੋਟੀਆਂ ਚੀਜ਼ਾਂ ਨੇ।

***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥***

***ਅੰਗ - 811***

ਸੋਭਾ ਤਾਂ ਉਨ੍ਹਾਂ ਦੀ ਹੈ ਜਿਹੜੇ ਪ੍ਰਮੇਸ਼ਰ ਦੇ ਨਾਲ ਮਿਲ ਗਏ ਤੇ ਕਿੱਡੀ ਵੱਡੀ ਮਹਿਮਾ ਹੈ। ਕਹਿੰਦੇ ਮੁਸ਼ਕਲ ਹੈ ਉਨ੍ਹਾਂ ਦੀ ਮਹਿਮਾ ਦੱਸਣੀ। ਜਿੰਨੀਆਂ ਵੱਡੀਆਂ-ਵੱਡੀਆਂ ਗਿਆਨ ਵਾਲੀਆਂ ਪੁਸਤਕਾਂ ਨੇ, ਉਨ੍ਹਾਂ ਨੇ ਬੜਾ ਯਤਨ ਕਰਿਆ ਹੈ ਮਹਾਂਪੁਰਸ਼ਾਂ ਦੀ ਸੋਭਾ ਜਾਨਣ ਦਾ ਕਿ ਕਿੱਡੀ ਕੁ ਪਦਵੀ ਹੁੰਦੀ ਹੈ। ਸਾਰੀ ਦੁਨੀਆਂ ਦੇ ਅੰਦਰ ਤਿੰਨ ਦੇਵਤੇ ਪ੍ਰਧਾਨ ਨੇ। ਸ਼ਿਵ ਜੀ, ਬ੍ਰਹਮਾ ਤੇ ਵਿਸ਼ਨੂੰ ਜੀ। ਬਾਕੀ ਦੇਵਤੇ ਸਾਰੇ ਇਨ੍ਹਾਂ ਦੇ ਹੇਠਾਂ ਆ ਜਾਂਦੇ ਨੇ। ਜਿਹੜੇ ਪ੍ਰਮੇਸ਼ਰ ਨੂੰ ਮਿਲੇ ਹੋਏ ਨੇ, ਉਨ੍ਹਾਂ ਨੂੰ ਸਾਧੂ ਸੰਤ ਮਹਾਂਪੁਰਸ਼ ਗੁਰਮੁਖ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਹ ਸਾਰੇ ਹੀ ਦੇਵਤਿਆਂ ਵਿਚੋਂ ਕੁਲ ਤਿੰਨ ਮੁਖ ਦੇਵਤੇ ਨੇ। ਜਿਵੇਂ ਗੰਗਾ ਬਹੁਤ ਵੱਡੇ ਆਦਰ ਤੇ ਸਤਿਕਾਰ ਵਾਲਾ ਦੇਵਤਾ ਹੈ। ਇਸੇ ਤਰ੍ਹਾਂ ਹੋਰ ਦੇਵਤਾ ਨੇ, ਤੀਰਥਾਂ ਦੇ ਹੋਰ ਵੱਡੇ-ਵੱਡੇ ਅਭਿਮਾਨੀ ਦੇਵਤਾ ਨੇ। ਇਹ ਸਾਰੇ ਜਿੰਨੇ ਵੀ ਨੇ ਇਹ ਸਾਰੇ ਉਨ੍ਹਾਂ ਪੁਰਸ਼ਾਂ ਦੇ ਪਿਛੇ ਫਿਰਦੇ ਨੇ ਕਿ ਇਨ੍ਹਾਂ ਦੇ ਚਰਨਾਂ ਦੀ ਧੂੜੀ ਸਾਨੂੰ ਮਿਲ ਜਾਵੇ।

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਅੰਗ - 1263***

ਦੇਵਤਾ ਕੋਈ ਵੀ ਨਹੀਂ ਮੈਲ ਗਵਾ ਸਕਦਾ। ਕੋਈ ਦੇਵਤਾ ਐਸਾ ਨਹੀਂ ਜਿਹੜਾ ਤੀਰਥ ਦੀ ਮੈਲ ਦੂਰ ਕਰ ਦੇਵੇ। ਜੇ ਐਸੀ ਗੱਲ ਹੁੰਦੀ ਤੀਰਥਾਂ ਦੀ ਤਾਂ ਫੇਰ ਇੰਦਰ ਨੂੰ ਕਿਹਾ ਕਰਦੇ। ਇੰਦਰ ਤਾਂ ਆਪ ਹੀ ਮੈਲਾ ਹੈ, ਚੰਦਰਮਾ ਉਹ ਵੀ ਆਪ ਹੀ ਮੈਲਾ ਹੈ। ਮਹਾਰਾਜ ਕਹਿੰਦੇ -

***ਮੈਲਾ ਬ੍ਰਹਮਾ ਮੈਲਾ ਇੰਦੁ॥ ਅੰਗ - 1158***

ਇਹ ਤਾਂ ਸਾਰੇ ਮੈਲੇ ਨੇ। ਜਿਹੜੇ ਆਪ ਹੀ ਮੈਲੇ ਨੇ ਉਹ ਦੂਜੇ ਨੂੰ ਕਿਵੇਂ ਸ਼ੁਧ ਕਰ ਸਕਦੇ ਨੇ। ਇਸ ਕਰਕੇ ਜਿਹੜੇ ਬੜੇ ਮੁੱਖ ਦੇਵਤੇ ਨੇ, ਬ੍ਰਹਮਾ ਹੈ, ਸ਼ਿਵ ਜੀ, ਵਿਸ਼ਨੂੰ ਜੀ ਹੈ; ਇਹ ਵੀ ਜਿਹੜੇ ਪ੍ਰਮੇਸ਼ਰ ਦੇ ਨਾਲ ਮਿਲ ਗਏ ਉਨ੍ਹਾਂ ਦੀ ਵਡਿਆਈ ਦੱਸ ਨਹੀਂ ਸਕਦੇ। ਉਨ੍ਹਾਂ ਦੀ ਮਹਿਮਾ ਨਹੀਂ ਜਾਣਦੇ।

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
***ਜਿਸ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ ਅੰਗ - 7***

ਦੇਵਤੇ ਜਿਹੜੇ ਨੇ ਉਨ੍ਹਾਂ ਨੂੰ ਵਾਹਿਗੁਰੂ ਤਾਂ ਦੇਖਦਾ ਹੈ, ਪਰ ਵਾਹਿਗੁਰੂ ਉਨ੍ਹਾਂ ਨੂੰ ਨਹੀਂ ਨਜ਼ਰ ਆਉਂਦਾ। ਜਿਹੜੇ ਸੰਤ ਨੇ ਉਹ ਵਾਹਿਗੁਰੂ ਦੇ, ਮਹਾਰਾਜ ਕਹਿੰਦੇ, ਕੋਲ ਬੈਠੇ ਨੇ। ਵੱਡਾ ਕੌਣ ਹੋਇਆ? ਤੀਰਥ ਵੱਡਾ ਕਿ ਹਰਿ ਕਾ ਦਾਸ? ਕਹਿੰਦੇ ਹਰੀ ਦਾ ਦਾਸ, ਜਿਹਦੇ ਚਰਨ ਧਰਨ ਦੇ ਨਾਲ, ਜਿਥੇ ਬੈਠ ਜਾਵੇ ਉਥੇ ਤੀਰਥ, ਜਿਥੇ ਚਰਨ ਧਰ ਦੇਵੇ ਉਥੇ ਤੀਰਥ। ਫੇਰ ਵੱਡਾ ਓਹੀ ਹੋਇਆ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***

***ਅੰਗ - 273***

ਉਨ੍ਹਾਂ ਦੀ ਮਹਿਮਾ ਨਹੀਂ ਕਹੀ ਜਾ ਸਕਦੀ।

ਆਮ ਬੰਦਿਆਂ ਦੇ ਵਿਚੋਂ ਐਡੀ ਵੱਡੀ ਪਦਵੀ ਪ੍ਰਾਪਤ ਹੋ ਜਾਂਦੀ ਹੈ ਕਿਉਂਕਿ ਮਨੁੱਖਾ ਦੇਹ ਦੇਵਤਿਆਂ ਦੀ ਦੇਹ ਨਾਲੋਂ ਚੰਗੀ ਹੈ ਭਾਵੇਂ ਇਹਦੇ ਵਿਚ ਦੋ ਤੱਤ ਐਸੇ ਨੇ ਜਿਹੜੇ ਗੰਦੇ ਨੇ। ਪਾਣੀ ਹੈ ਤੇ ਮਿੱਟੀ ਹੈ। ਲੇਕਿਨ ਇਹਦੇ ਵਿਚ ਇਕ ਚੀਜ਼ ਐਸੀ ਹੈ ਜਿਹੜੀ ਪ੍ਰਮੇਸ਼ਰ ਦਾ ਦਰਸ਼ਨ ਕਰਾ ਸਕਦੀ ਹੈ। ਉਹ ਦੇਵਤਿਆਂ ਕੋਲ ਨਹੀਂ ਹੈ, ਜੇ ਦੇਵਤਿਆਂ ਦੇ ਕੋਲ ਪ੍ਰਮੇਸ਼ਰ ਦਾ ਦਰਸ਼ਨ ਕਰਨ ਦੀ ਸ਼ਕਤੀ ਹੋਵੇ, ਤਾਂ ਮਹਾਰਾਜ ਕਦੇ ਵੀ ਇਹ ਨਾ ਲਿਖਦੇ -

***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥***

***ਅੰਗ - 7***

ਨਹੀਂ ਤਾਂ ਕਹਿ ਦੇਣਾ ਸੀ ਕਿ ਦੇਵਤਿਆਂ ਨੂੰ ਨਜ਼ਰ ਆਉਂਦਾ ਹੈ। ਪਾਰਬ੍ਰਹਮ ਪ੍ਰਮੇਸ਼ਰ ਨਜ਼ਰ ਨਹੀਂ ਆਉਂਦਾ ਉਨ੍ਹਾਂ ਨੂੰ। ਗਿਆਨ ਤਾਂ ਉਹਦਾ ਪਤਾ ਹੈ। ਲੇਕਿਨ ਮਿਲਾਪ ਨਹੀਂ ਉਨ੍ਹਾਂ ਦਾ ਹੁੰਦਾ। ਇਸ ਕਰਕੇ ਇਸ ਧਰਤੀ ਦੇ ਅੰਦਰ ਪ੍ਰਮੇਸ਼ਰ ਕ੍ਰਿਪਾ ਕਰਕੇ ਮਹਾਂਪੁਰਸ਼ਾਂ ਨੂੰ ਭੇਜਦਾ ਹੈ, ਉਨ੍ਹਾਂ ਦੀ ਮਹਿਮਾ ਬਹੁਤ ਵੱਡੀ ਹੋਇਆ ਕਰਦੀ ਹੈ। ਉਨ੍ਹਾਂ ਤੋਂ ਬਗੈਰ ਰਸਤਾ ਨਹੀਂ ਮਿਲਿਆ ਕਰਦਾ।

1690, ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਦੀ ਗੱਲ ਹੈ ਕਿ ਅਸ਼ਨੀ ਕੁਮਾਰ ਭੱਟ ਜਿਸਦਾ ਨਾਮ ਵੇਣੀ ਸੀ, ਉਹ ਇਕ ਸਾਧਾਰਣ ਲੜਕਾ ਸੀ। ਆਮ ਸਤਿਸੰਗ 'ਚ ਜਾਇਆ ਕਰਦਾ ਸੀ। ਸੇਵਾ ਵੀ ਕਰਿਆ ਕਰਦਾ ਸੀ। ਪਰ ਅਜੇ ਤੱਕ ਕੋਈ ਮਹਾਂਪੁਰਸ਼ ਉਸ ਨੂੰ ਨਹੀਂ ਸੀ ਮਿਲਿਆ, ਜਿਹੜਾ ਉਸ ਨੂੰ ਲਟਕ ਲਾ ਦੇਵੇ, ਪਿਆਰ ਲਾ ਦੇਵੇ ਕਿਉਂਕਿ ਸੰਤਾਂ ਦੀ ਸੰਗਤ ਤਾਂ ਸਾਰੇ ਹੀ ਕਰਦੇ ਨੇ। ਪਰ ਜਿਥੇ ਭਾਗ ਹੁੰਦਾ ਹੈ ਉਥੇ ਮੇਲ ਹੋ ਜਾਂਦਾ ਹੈ। ਜਿਥੇ ਭਾਗ ਨਾ ਹੋਵੇ, ਉਥੋਂ ਦੂਰ ਰਹਿ ਜਾਂਦੇ ਨੇ। ਸੋ ਅਜੇ ਤੱਕ ਇਹਦਾ ਸਮਾਂ ਨਹੀਂ ਸੀ ਬਣਿਆ। ਸਤਿਸੰਗ 'ਚ ਜਾਣਾ, ਸੇਵਾ ਕਰਨੀ, ਬਚਨ ਸੁਣਨੇ। ਉਸ ਤੋਂ ਬਾਅਦ ਇਹਦਾ ਨਿਹਚਾ ਹੋ ਗਿਆ ਕਿ ਬਗੈਰ ਸਾਧੂ ਤੋਂ ਇਹ ਕੰਮ ਨਹੀਂ ਹੁੰਦਾ ਲੇਕਿਨ ਸਾਧੂ ਨਹੀਂ ਮਿਲਦਾ ਜਿੰਨਾਂ ਚਿਰ ਭਾਗ ਨਹੀਂ ਜਾਗਦੇ। ਦੋਵੇਂ ਚੀਜ਼ਾਂ ਨੇ। ਸੰਤਾਂ ਤੋਂ ਬਿਨਾਂ ਪਾਰ ਨਹੀਂ ਲੰਘ ਸਕਦਾ। ਸੰਤ ਨਹੀਂ ਮਿਲਦੇ ਜਿੰਨਾਂ ਚਿਰ ਭਾਗ ਨਹੀਂ ਜਾਗਦੇ। ਭਾਗ ਜਾਗਣ ਤਾਂ ਪੂਰਾ ਸੰਤ ਮਿਲਦਾ ਹੈ। ਨਹੀਂ ਤਾਂ ਨਹੀਂ ਮਿਲਿਆ ਕਰਦਾ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥ ਅੰਗ - 204*
*ਧਾਰਨਾ - ਬਿਨਾਂ ਭਾਗਾਂ ਤੋਂ ਕਦੇ ਨਾ ਮਿਲਦੀ,*
*ਸੰਗਤ ਪੂਰੇ ਸਾਧੂਆਂ ਦੀ।*

ਦੋ ਕੰਮ ਕਲਜੁਗ ਦੇ ਅੰਦਰ ਪੂਰੇ ਭਾਗ ਬਣਨ ਤਾਂ ਮਿਲਦੇ ਨੇ।

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ - 642*

ਇਕ ਤਾਂ ਹਰੀ ਦਾ ਜਸ, ਇਕ ਸਾਧੂ ਦੀ ਸੰਗਤ। ਜਿਹਦੇ ਪੁੰਨ ਕਰਮ ਜਾਗੇ ਨਹੀਂ ਉਹਨੂੰ ਨਹੀਂ ਮਿਲਿਆ ਕਰਦੀ। ਸਾਧੂ ਕੋਈ ਦੂਰ ਨਹੀਂ ਹੁੰਦੇ, ਕੋਲ ਹੀ ਹੁੰਦੇ ਨੇ, ਪਰ ਆਉਂਦਾ ਹੀ ਨਹੀਂ ਨਿਹਚਾ। ਨਾ ਉਨ੍ਹਾਂ ਤੋਂ ਉਹ ਚੀਜ਼ ਮੰਗਦਾ ਹੈ ਜਿਹੜੀ ਸੰਤਾਂ ਦੇ ਕੋਲ ਹੁੰਦੀ ਹੈ।

ਸੋ ਇਹ ਪ੍ਰੇਮੀ ਨੌਜਵਾਨ ਬੱਚਾ ਹੈ, ਸ਼ਾਦੀ ਹੋਈ ਹੋਈ ਹੈ। ਘਰ ਦਾ ਵੀ ਕੰਮ ਕਰਦਾ ਹੈ। ਜਦੋਂ ਸਮਾਂ ਮਿਲਦਾ ਹੈ, ਉਸ ਵੇਲੇ ਸੰਤਾਂ ਦੇ ਕੋਲ ਆ ਜਾਂਦਾ ਹੈ। ਬਹੁਤ ਸੇਵਾ ਕਰਦਾ ਹੈ। ਇਕ ਦਿਨ ਮਹਾਤਮਾ ਨੇ ਮਸਤਕ ਦੇਖਿਆ ਇਸਦਾ। ਕਹਿਣ ਲੱਗੇ ਆਹ ਪ੍ਰੇਮੀ ਇਹਦੇ ਤਾਂ ਭਾਗ ਉਦੈ ਹੋਏ ਹੋਏ ਨੇ ਬਹੁਤ ਜ਼ਬਰਦਸਤ - ਸਾਧੂ ਦੇ ਮਿਲਣ ਦੇ। ਕਿਉਂਕਿ ਸੰਤਾਂ ਨੂੰ ਐਵੇਂ ਤਾਂ ਮਿਲੀ ਜਾਂਦਾ ਹੈ ਹਰ ਬੰਦਾ ਲੇਕਿਨ ਸੰਤਾਂ ਦੇ ਕੋਲ ਜੋ ਚੀਜ਼ ਹੁੰਦੀ ਹੈ, ਉਹ ਨਹੀਂ ਪ੍ਰਾਪਤ ਹੁੰਦੀ ਕਿਉਂਕਿ ਭਾਗ ਨਹੀਂ ਜਾਗੇ। ਉਸ ਵੇਲੇ ਬੁਲਾ ਕੇ ਕਹਿਣ ਲੱਗੇ, ਵੇਣੀ! ਪਿਆਰਿਆ ਮਾਨਸ ਜਨਮ ਬੜੀ ਮੁਸ਼ਕਲ ਦੇ ਨਾਲ ਮਿਲਿਆ ਹੈ। ਇਹ ਮਿਲਿਆ ਹੈ ਪ੍ਰਭੂ ਪ੍ਰਾਪਤੀ ਵਾਸਤੇ। ਪ੍ਰਭੂ ਪ੍ਰਾਪਤੀ ਵਾਸਤੇ ਜਤਨ ਕਰਨਾ ਚਾਹੀਦਾ ਹੈ। ਆਪਣੇ ਆਪ ਆਦਮੀ ਨੂੰ ਕੋਈ ਰਾਹ ਨਹੀਂ ਮਿਲਦਾ।

*ਧਾਰਨਾ - ਜੁਗਤੀ ਪੁਛ ਲੈ ਸੰਤਾਂ ਨੂੰ ਮਿਲਕੇ,*
*ਕਿਹੜੇ ਗੁਣੀ ਰਾਮ ਮਿਲਦੈ।*

ਆਪਣੇ ਆਪ ਸੁਖਾਲੇ ਤੋਂ ਸੁਖਾਲੀ ਚੀਜ਼ ਨਹੀਂ ਆਇਆ ਕਰਦੀ। ਆਹ ਕੀ ਹੈ, ਮੰਜਾ ਬੁਣਨਾ ਹੈ, ਆਪਣੇ ਆਪ ਨਹੀਂ ਆਉਂਦਾ ਬੁਣਨਾ, ਜਿੰਨਾਂ ਚਿਰ ਅਗਲਾ ਦੱਸ ਨਹੀਂ ਦਿੰਦਾ ਕਿ ਜੀਅ ਕਿਵੇਂ ਪੈਂਦਾ ਹੁੰਦਾ ਹੈ। ਇਸੇ ਤਰ੍ਹਾਂ ਕੋਈ ਸਵਾਲ ਹੈ, ਜਦ ਤਕ ਫਾਰਮੂਲਾ ਨਹੀਂ ਹੁੰਦਾ, ਮਾਸਟਰ ਦੱਸਦਾ ਨਹੀਂ, ਚਾਹੇ ਸਵਾਲ ਛੋਟਾ ਜਿਹਾ ਹੈ ਕੱਢ ਨਹੀਂ ਹੁੰਦਾ। ਸਾਰੀ ਦੁਨੀਆਂ ਦਾ ਹੀ ਕੰਮ ਹੈ, ਮਕੈਨਿਕ ਬਣਨਾ ਹੈ, ਨਹੀਂ ਪਤਾ ਲਗਦਾ ਜਦ ਤਕ ਮਕੈਨਿਕ ਦੇ ਕੋਲ ਨਹੀਂ ਜਾਂਦਾ। ਇਸ ਤਰ੍ਹਾਂ ਮਹਾਰਾਜ ਕਹਿੰਦੇ ਜਿੰਨਾਂ ਚਿਰ ਮਿਲਿਆਂ ਹੋਇਆ ਨੂੰ ਜਾ ਕੇ ਤੂੰ ਪੁਛਦਾ ਨਹੀਂ ਨਾ, ਓਨੀਂ ਦੇਰ ਤਕ ਤੈਨੂੰ ਪਤਾ ਨਹੀਂ ਲਗਣਾ।

*ਜਾਇ ਪੁਛਹੁ ਸੋਹਾਗਣੀ ਵਾਹੈ*
*ਕਿਨੀ ਬਾਤੀ ਸਹੁ ਪਾਈਐ॥ ਅੰਗ - 722*

ਜਾਓ ਕਹਿੰਦੇ ਜਾ ਕੇ ਪੁਛੋ ਸੁਹਾਗਣਾਂ ਨੂੰ ਜਿਨ੍ਹਾਂ ਨੂੰ ਮਿਲਿਆ ਹੋਇਆ ਹੈ। ਜਿਹੜੀਆਂ ਸੋਹੰਦੀਆਂ ਨੇ -

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*
*ਅੰਗ - 135*

ਉਨ੍ਹਾਂ ਨੂੰ ਪੁਛੋ ਜਾ ਕੇ ਕਿ ਤੁਸੀਂ ਕਿਹੜੇ ਗੁਣਾਂ ਨਾਲ ਪਾ ਲਿਆ ਪ੍ਰਮੇਸ਼ਰ। ਸੰਤਾਂ ਦਾ ਕੰਮ ਹੁੰਦਾ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
*ਅੰਗ - 1373*

ਰਾਮ ਨੇ ਤਾਂ ਮੁਕਤੀ ਦੇਣੀ ਹੈ। ਜਦ ਮੁਕਤੀ ਦੇ ਕਾਬਲ ਹੋ ਜਾਏਗਾ। ਮੁਕਤੀ ਦੇ ਕਾਬਲ ਬਣਾਉਣਾ ਹੈ ਸੰਤਾਂ ਨੇ। ਨਾਮ ਦੀ ਜਾਚ ਦੱਸਣੀ ਹੈ। ਬਾਕੀ ਜਾਚਾਂ ਦੱਸਣੀਆਂ ਨੇ। ਸੋ ਇਸ ਤਰ੍ਹਾਂ ਜਦ ਮਹਾਤਮਾ ਦੇ ਕੋਲ ਜਾਂਦਾ ਹੈ ਜਾ ਕੇ ਸਵਾਲ ਕਰਦਾ ਹੈ ਕਿ ਮਹਾਂਪੁਰਸ਼ੋ! ਮੇਰੇ ਤੇ ਕ੍ਰਿਪਾ ਕਰੋ, ਮੈਂ ਪ੍ਰਮੇਸ਼ਰ ਨੂੰ ਮਿਲਣਾ ਚਾਹੁੰਦਾ ਹਾਂ। ਬਚਨ ਥੋੜ੍ਹੇ ਜਿਹੇ ਹੁੰਦੇ ਨੇ ਉਨ੍ਹਾਂ ਦੇ ਬਹੁਤੇ ਲੰਮੇ ਚੌੜੇ ਨਹੀਂ ਹੁੰਦੇ ਕਿ ਬਹੁਤ ਲੰਮੇ ਚੱਕਰ 'ਚ ਪਾ ਦੇਣ। ਪਰ ਕਮਾਈ ਬੜੀ ਔਖੀ ਹੁੰਦੀ ਹੈ।

ਗੁਰੂ ਮਹਾਰਾਜ ਕਹਿੰਦੇ ਨੇ ਕਿ ਜੇ ਤੇਰੇ ਅੰਦਰ ਮਿਲਣ ਦੀ ਚਾਹ ਹੈ ਨਾ, ਸੱਚਮੁਚ ਤੇਰੇ ਅੰਦਰ ਵੈਰਾਗ ਜਾਗ ਪਿਆ, ਜੇ ਤੇਰੇ ਅੰਦਰ ਮਿਲਣ ਦੀ ਤੀਬਰ ਇੱਛਾ ਜਾਗ ਪਈ। ਕਿਉਂਕਿ ਜਦ ਤਕ ਆਦਮੀ ਦੇ ਅੰਦਰ ਵੈਰਾਗ ਨਹੀਂ ਆਉਂਦਾ ਓਨੀਂ ਦੇਰ ਤੱਕ ਮਾਇਆ ਤੋਂ ਨਹੀਂ ਛੁਟਦਾ।

*ਬਿਨੁ ਬੈਰਾਗ ਨ ਛੂਟਸਿ ਮਾਇਆ॥ ਅੰਗ - 329*

ਮਨ ਇਧਰ ਖਿਚਿਆ ਹੀ ਰਹੇਗਾ। ਓਧਰ ਜਾਂਦਾ ਹੀ ਨਹੀਂ ਤੇ ਵੈਰਾਗ ਦੇ ਨਾਲ ਫੇਰ ਚਾਓ ਹੋਣਾ ਚਾਹੀਦਾ ਹੈ ਕਿ ਮੈਂ ਵਾਹਿਗੁਰੂ ਨੂੰ ਮਿਲਣਾ ਹੈ। ਜਦ ਮਿਲੇਗਾ ਮੈਨੂੰ ਬੜਾ ਅਨੰਦ ਆਏਗਾ, ਕਿਉਂਕਿ ਮੇਰਾ ਜਿਹੜਾ ਜ਼ਿੰਦਗੀ ਦਾ ਮਨੋਰਥ ਹੈ ਉਹ ਪੂਰਾ ਹੋ ਜਾਏਗਾ। ਮੱਲੋ-ਮੱਲੀ ਉਸ ਦੇ ਮੁਖਾਰਬਿੰਦ ਤੋਂ ਐਸੇ ਬਚਨ ਨਿਕਲਦੇ ਨੇ -

*ਧਾਰਨਾ - ਮਨ ਬੈਰਾਗ ਭਇਆ*
*ਦਰਸਨ ਦੇਖਣੇ ਕਾ ਚਾਉ॥*

ਜਦ ਤਕ ਵੈਰਾਗ ਪੈਦਾ ਨਹੀਂ ਹੁੰਦਾ। ਮਹਾਰਾਜ ਕਹਿੰਦੇ, ਕਿੰਨਾ ਹੀ ਚੰਗਾ ਪੜ੍ਹਿਆ ਲਿਖਿਆ, ਪੈਸੇ ਵਾਲਾ ਬੰਦਾ ਹੈ ਪਰ ਉਹ ਮੁਰਦਾ ਹੈ। ਕਿਉਂਕਿ ਅਜੇ ਉਹਦੇ ਅੰਦਰ ਜੀਵਨ ਦੀ ਰੌ ਨਹੀਂ ਰੁਮਕੀ। ਜੀਉਣ ਵਾਸਤੇ ਚਾਓ ਨਹੀਂ ਪੈਦਾ ਹੋਇਆ ਅੰਦਰ, ਦਰਸ਼ਨ ਦੇਖਣ ਵਾਸਤੇ।

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ - 253*

ਪਿਆਰ ਤਾਂ ਸਾਡਾ ਦੁਨੀਆਂ ਨਾਲ ਪਿਆ ਹੋਇਆ ਹੈ, ਵਾਹਿਗੁਰੂ ਨਾਲ ਤਾਂ ਕਿਸੇ ਵਿਰਲੇ ਦਾ ਪਿਆਰ ਹੈ। ਜਿਹਦਾ ਪਿਆਰ ਹੈ ਉਹ ਜਿਉਂਦਾ ਹੈ, ਬਾਕੀ ਸਭ ਮਰੇ ਹੋਏ ਨੇ। ਦੋ ਤਰ੍ਹਾਂ ਦੀ ਮੌਤ ਹੁੰਦੀ ਹੈ। ਇਕ ਤਾਂ ਨਾਮ ਦੀ ਕਰੰਟ ਨਾ ਹੋਵੇ ਅੰਦਰ ਉਹ ਮੌਤ ਹੁੰਦੀ ਹੈ। ਇਕ ਹੈ ਸਰੀਰ ਦੇ ਵਿਚੋਂ ਚੇਤਨ ਕਲਾ ਨਿਕਲ ਜਾਵੇ, ਇਕ ਉਹ ਮੌਤ ਹੋਇਆ ਕਰਦੀ ਹੈ। ਇਕ

ਜੀਉਂਦੇ ਮੁਰਦੇ ਨੇ, ਇਕ ਸਰੀਰ ਦੇ ਵਿਚੋਂ ਨਿਕਲ ਜਾਣ ਕਰਕੇ, ਜਿਹਨੂੰ ਅਸੀਂ ਮਰਿਆ ਹੋਇਆ ਕਹਿੰਦੇ ਹਾਂ ਉਹ ਮੁਰਦਾ ਹੈ। ਸੋ ਜਦ ਤਕ ਵੈਰਾਗ ਨਹੀਂ ਅੰਦਰ ਪੈਦਾ ਹੁੰਦਾ। ਕਿਹੋ ਜਿਹੇ ਵੈਰਾਗੀ ਪੈਦਾ ਹੋਏ ਨੇ ਹੈਰਾਨੀ ਦੀ ਗੱਲ ਹੈ। ਜਦੋਂ ਫਰੀਦ ਜੀ ਵੈਰਾਗੀ ਹੋਏ-

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥***
***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥***

***ਅੰਗ - 1382***

ਆਸ ਲਈ ਬੈਠੇ ਨੇ ਤੇ ਮਨ ਵਿਚ ਵੈਰਾਗ ਹੈ ਕਿ ਮਿਲ ਜਾਵੇ ਪ੍ਰਮੇਸ਼ਰ। ਸੋ ਮਹਾਂਪੁਰਸ਼ਾਂ ਦੇ ਕੋਲ ਜਾ ਕੇ ਜਦੋਂ ਸਵਾਲ ਕਰੀਦਾ ਹੈ ਕਿ ਮੈਨੂੰ ਪ੍ਰਭੂ ਮੇਲ ਦਿਓ। ਕਹਿੰਦੇ ਨੇ ਪਹਿਲਾਂ ਸ਼ਰਤ ਪੂਰੀ ਕਰ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਅੰਗ - 1102***

ਪਹਿਲਾਂ ਫੀਸ ਭਰ, ਉਹ ਇਹ ਹੈ ਕਿ ਪਹਿਲਾਂ ਆਪਣੇ ਆਪ ਨੂੰ, ਜਿਹੜੀ ਤੇਰੇ ਅੰਦਰ ਮੈਂ ਹੈ ਇਹਨੂੰ ਕਬੂਲ ਲੈ ਕਿ ਮੈਂ ਇਹ ਮਾਰਨੀ ਹੈ। ਜਿੰਨਾਂ ਚਿਰ ਮੈਂ ਹੈ ਤੂੰ ਨਹੀਂ ਆਉਂਦਾ। ਤੂੰ ਤੇ ਮੈਂ ਇਕੱਠੇ ਨਹੀਂ ਰਹਿੰਦੇ।

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***

***ਅੰਗ - 657***

ਇਸ ਕਰਕੇ ਜਿਹੜਾ ਤੇਰਾ ਆਪਣਾ ਆਪ ਹੈ ਇਹ ਗਵਾਉਣਾ ਪਏਗਾ, ਫੇਰ ਪ੍ਰਮੇਸ਼ਰ ਮਿਲ ਜਾਂਦਾ ਹੈ।

***ਧਾਰਨਾ - ਆਪੁ ਗਵਾਈਐ ਤਾ ਸਹੁ ਪਾਈਐ,***
***ਅਉਰ ਕੈਸੀ ਚਤੁਰਾਈ ਜੀ।***

ਦੋ ਚੀਜ਼ਾਂ ਨਹੀਂ ਇਕੱਠੀਆਂ ਰਹਿੰਦੀਆਂ ਕਿ ਮੈਂ ਵੀ ਮੇਰੇ ਕੋਲ ਰਹੇ ਤੇ ਰੱਬ ਵੀ ਮਿਲ ਜਾਵੇ।

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥*** ***ਅੰਗ - 1412***

ਕਹਿੰਦੇ ਜਿਸ ਵਕਤ ਤੇਰੀ ਮੈਂ ਮਰ ਜਾਏਗੀ ਨਾ, ਉਸ ਦਿਨ ਵਾਹਿਗੁਰੂ ਦੀ ਪਹਿਲੀ ਨਿਗ੍ਹਾ ਤੇਰੇ ਤੇ ਪਏਗੀ ਪਿਆਰ ਦੀ। ਨਿਗ੍ਹਾ ਦੇ ਵਿਚ ਤਾਂ ਹਮੇਸ਼ਾ ਹੀ ਹੈ -

***ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠ ਚਲਾਇਦਾ॥***

***ਅੰਗ - 472***

ਲੇਕਿਨ ਜਿਹਨੂੰ ਪਿਆਰ ਵਾਲੀ ਨਦਰਿ ਕਹਿੰਦੇ ਹਾਂ, ਅਪਨਾਉਣ ਵਾਲੀ ਨਦਰਿ, ਜਿਸ ਦਿਨ ਤੇਰੇ ਵਿਚੋਂ ਮੈਂ ਮਰੇਗੀ, ਆਪਾ ਗਵਾਇਆ ਜਾਏਗਾ, ਉਸ ਵੇਲੇ ਤੇਰੇ ਤੇ ਨਿਗ੍ਹਾ ਕਰਕੇ ਦੇਖੇਗਾ। ਜਿਸ ਦਿਨ ਪਹਿਲੀ ਨਿਗ੍ਹਾ ਕੀਤੀ ਉਸਨੇ ਉਸ ਦਿਨ ਜਨਮ ਲੇਖੇ ਵਿਚ ਪਏਗਾ। ਉਹ ਦਿਨ ਲੇਖੇ ਵਿਚ ਲੱਗੇਗਾ। ਪਰ ਇਥੇ ਤੱਕ ਪਹੁੰਚਣ ਵਾਸਤੇ ਜਦ ਤਕ ਸਮਰੱਥ ਗੁਰੂ ਦੀ ਸ਼ਰਨ ਵਿਚ ਨਹੀਂ ਜਾਂਦਾ, ਓਨੀਂ ਦੇਰ ਤੱਕ ਭੇਤ, ਭੇਤ ਹੀ ਬਣਿਆ ਰਹਿੰਦਾ ਹੈ। ਕੋਲ ਹੀ ਹੈ ਰੱਬ, ਦੂਰ ਨਹੀਂ ਹੈ। ਲੇਕਿਨ ਬਾਣੀ 'ਚ ਐਸਾ ਫੁਰਮਾਨ ਆਉਂਦਾ ਹੈ ਕਿ ਵਿਚ ਹੁੰਦਾ ਹੋਇਆ, ਸਰੀਰ ਕਿੰਨਾ ਕੁ ਵੱਡਾ ਹੈ, ਡਾਕਟਰਾਂ ਨੇ ਸਾਰੀ ਫੋਲਾ-ਫਰਾਲੀ ਕਰ ਦਿਤੀ, ਪਤਾ ਨਹੀਂ ਲਗਦਾ। ਐਸ ਸਰੀਰ ਦੇ ਵਿਚ ਹੀ ਪ੍ਰਮੇਸ਼ਰ ਹੈ, ਇਹਦੇ ਵਿਚ ਹੀ ਮੈਂ ਰਹਿੰਦਾ ਹੈ। ਨਾ ਤਾਂ ਡਾਕਟਰਾਂ ਨੂੰ ਮੈਂ ਲੱਭਿਆ ਹੈ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਮੈਂ ਕਿਥੇ ਰਹਿੰਦਾ ਹੈ, ਮਨ ਕਿੱਥੇ ਰਹਿੰਦਾ ਹੈ, ਬੁੱਧੀ ਕਿੱਥੇ ਰਹਿੰਦੀ ਹੈ। ਯਾਦਦਾਸ਼ਤ ਤਾਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਸੈਲ ਹੁੰਦਾ ਹੈ ਉਹਦੇ ਵਿਚ ਰਹਿੰਦੀ ਹੈ। ਦਿਮਾਗ ਦੇ ਵਿਚ ਹੀ ਰਹਿੰਦੇ ਨੇ ਸਾਰੇ, ਪਰ ਇਹ ਨਹੀਂ ਪਤਾ ਕਿ ਮਨ ਕਿੱਥੇ ਰਹਿੰਦਾ ਹੈ? ਮਾੜਾ ਜਿਹਾ ਛੇੜ ਦਿੰਦੇ ਨੇ, ਸਾਰਾ ਹੀ ਸਿਸਟਮ ਵਿਗੜ ਜਾਂਦਾ ਹੈ। ਉਸੇ ਥਾਂ ਦੇ ਉਤੇ ਤਾਲਾ ਲੱਗਿਆ ਹੋਇਆ ਹੈ ਰੱਬ ਦੇ ਘਰ ਨੂੰ। ਵਿਚ ਹੀ ਰਹਿੰਦਾ ਹੈ ਰੱਬ, ਦੂਰ ਨਹੀਂ ਰਹਿੰਦਾ। ਦਰਵਾਜ਼ਾ ਜਿੰਨੀ ਦੇਰ ਤੱਕ ਨਹੀਂ ਖੁਲ੍ਹਦਾ, ਓਨੀਂ ਦੇਰ ਤੱਕ ਪਤਾ ਨਹੀਂ ਲਗਦਾ। ਲੇਕਿਨ ਉਸ ਨੂੰ ਮਹਾਰਾਜ ਕਹਿੰਦੇ ਤਾਲਾ ਲੱਗਿਆ ਹੋਇਆ ਹੈ, ਖੁਲ੍ਹਦਾ ਨਹੀਂ ਹੈ।

***ਧਾਰਨਾ - ਬਿਨਾਂ ਕੁੰਜੀਓਂ ਨਾ ਖੁਲ੍ਹਦੇ ਤਾਲੇ,***
***ਬਜਰ ਕਪਾਟ ਜੜੇ।***

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟਿ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***

***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***

***ਅੰਗ - 947***

ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਆਹ ਜਿਹੜਾ ਤੁਹਾਡਾ ਸਰੀਰ ਹੈ ਨਾ, ਇਹ ਨਉ ਦਰਵਾਜ਼ੇ ਤਾਂ ਪ੍ਰਗਟ ਨੇ ਦੋਵੇਂ ਅੱਖਾਂ, ਦੋਵੇਂ ਨਾਸਕਾ, ਮੂੰਹ ਹੈ, ਕੰਨਾਂ ਦੇ ਦੋਵੇਂ ਸੁਰਾਖ ਨੇ, ਮਲਮੂਤਰ ਹੈ, ਲੇਕਿਨ ਇਕ ਦਰਵਾਜ਼ਾ ਜਿਹਦੇ ਦੁਆਰਾ ਪ੍ਰਮੇਸ਼ਰ ਦੇ ਘਰ ਪਹੁੰਚੀਦਾ ਹੈ, ਉਸਨੂੰ ਬਜਰ ਕਪਾਟ ਲੱਗੇ ਹੋਏ ਨੇ। ਜਦੋਂ ਤਕ ਗੁਰੂ ਦੇ ਸ਼ਬਦ ਦੀ ਚਾਬੀ ਨਹੀਂ ਮਿਲਦੀ ਉਹ ਖੁਲ੍ਹਦਾ ਨਹੀਂ ਹੈ। ਕਈ ਕਿਸਮ ਦੇ ਸ਼ਬਦ ਨੇ, ਇਕ ਤਾਂ ਕੋਈ ਜਾਨਵਰ ਬੋਲ ਰਿਹਾ ਹੈ, ਸ਼ਬਦ ਹੁੰਦਾ ਹੈ ਇਹਨੂੰ ਅੱਖਰਾਂ ਵਿਚ ਨਹੀਂ ਲਿਖਿਆ ਜਾ ਸਕਦਾ। ਸ਼ਬਦ ਉਹ ਚੀਜ਼ ਹੁੰਦੀ ਹੈ ਜਿਹੜੀ ਚੀਜ਼ ਅੱਖਰ ਵਿਚ ਨਾ ਲਿਖੀ ਜਾ ਸਕਦੇ। ਆਵਾਜ਼ ਆਉਂਦੀ ਹੈ ਮੋਰ ਦੇ ਬੋਲਣ ਦੀ, ਲਿਖ ਲਓ ਇਹਨੂੰ ਕਿਵੇਂ ਲਿਖੋਗੇ। ਕਿਹੜੀ ਜ਼ੁਬਾਨ ਹੈ ਜਿਹੜੀ ਮੋਰ ਦੇ ਬੋਲ ਨੂੰ ਲਿਖ ਦੇਵੇ। ਮਿਆਊਂ-ਮਿਆਊਂ ਤਾਂ ਕਹਿ ਦੇਵਾਂਗੇ। ਬਿੱਲੀ ਦੀ ਬੋਲੀ ਵੀ ਇਵੇਂ ਲਿਖ ਦੇਵਾਂਗੇ। ਲੇਕਿਨ ਓਹੋ ਜਿਹੀ ਬਣਦੀ ਨਹੀਂ। ਜਿਵੇਂ ਕੋਇਲ ਬੋਲਦੀ ਹੈ, ਉਹ ਬੋਲੀ ਲਿਖੀ ਤਾਂ ਨਹੀਂ ਨਾ ਜਾਂਦੀ। ਉਹ ਸ਼ਬਦ ਹੈ। ਇਕ ਸ਼ਬਦ ਉਹ ਹੈ ਜਿਹਨੂੰ ਗੁਰੂ

ਦਾ ਸ਼ਬਦ ਕਹਿੰਦੇ ਨੇ। ਗੁਰੂ ਸ਼ਬਦ ਦਿੰਦਾ ਹੈ, ਮੰਤਰ ਦਿੰਦਾ ਹੈ। ਪੰਜ ਪਿਆਰਿਆਂ ਦੇ ਪੇਸ਼ ਜਦ ਹੁੰਦਾ ਹੈ, ਉਸ ਵੇਲੇ ਪੰਜ ਪਿਆਰੇ ਇਕ ਜ਼ੁਬਾਨ ਹੋ ਕੇ ਬੋਲਦੇ ਨੇ, ਵਾਹਿਗੁਰੂ ਮੰਤਰ ਦਿੰਦੇ ਨੇ। ਉਹ ਵਾਹਿਗੁਰੂ ਮੰਤਰ ਚਾਬੀ ਹੁੰਦੀ ਹੈ। ਜਿੰਨਾਂ ਜਪੋਂਗੇ, ਜਿੰਨਾ ਜਪੋਂਗੇ, ਜਦ ਪੂਰਾ ਜਪ ਲੈਂਦਾ ਹੈ, ਨਾਮ ਅੰਦਰ ਚਲਿਆ ਜਾਂਦਾ ਹੈ, ਐਵੇਂ ਤਾਂ ਨਹੀਂ ਮਾੜਾ-ਮਾੜਾ ਜਪੀ ਜਾਓ, ਇਹਦੇ ਨਾਲ ਤਾਂ ਕੁਛ ਬਣਦਾ ਨਹੀਂ ਹੈ। ਇਹ ਤਾਂ ਬਹੁਤ ਜਪਣਾ ਪੈਂਦਾ ਹੈ। ਜਿੰਨੇ ਵੀ ਮਹਾਂਪੁਰਸ਼ ਹੋਏ ਨੇ ਜਦ ਉਨ੍ਹਾਂ ਦੇ ਬਾਰੇ ਪੜ੍ਹਦੇ ਹਾਂ, ਹੈਰਾਨ ਹੋ ਜਾਈਦਾ ਹੈ ਕਿ ਐਨੀ ਭਗਤੀ, ਐਨਾ ਨਾਮ ਜਪਦੇ ਸੀ। ਉਹ ਜੀਉਂ ਨਹੀਂ ਸੀ ਸਕਦੇ ਨਾਮ ਤੋਂ ਬਿਨਾਂ-

***ਆਖਾ ਜੀਵਾ ਵਿਸਰੈ ਮਰਿ ਜਾਉ॥*** ***ਅੰਗ - 9***

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥*** ***ਅੰਗ - 142***

ਉਹ ਸ਼ਬਦ ਹੈ ਗੁਰੂ ਦਾ ਸ਼ਬਦ ਜਿਹਦੇ ਨਾਲ ਇਹ ਤਾਲਾ ਖੁਲ੍ਹਦਾ ਹੈ। ਫੇਰ ਅੰਦਰ ਹੋਰ ਸ਼ਬਦ ਨੇ। ਉਹ ਕਿਹੜੇ ਸ਼ਬਦ ਨੇ ਕਹਿੰਦੇ -

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਅੰਗ - 954***

ਇਥੇ ਜਿਹੜਾ ਗੁਰੂ ਹੈ ਉਸ ਨੂੰ ਪ੍ਰਮੇਸ਼ਰ ਦਾ ਸ਼ਬਦ ਆਇਆ ਹੈ। ਪ੍ਰਮੇਸ਼ਰ ਦਾ ਸ਼ਬਦ ਅੱਡ ਹੈ, ਗੁਰੂ ਦਾ ਅੱਡ ਹੈ। ਗੁਰੂ ਦਾ ਸ਼ਬਦ ਹੈ ਮੰਤਰ। ਅੰਦਰਲੇ ਸ਼ਬਦਾਂ ਨੂੰ ਅਸੀਂ ਅਨਹਦ ਸ਼ਬਦ ਕਹਿੰਦੇ ਹਾਂ। ਜਦ ਅਨਹਦ ਸ਼ਬਦਾਂ ਤੋਂ ਉਚਾ ਹੋ ਕੇ ਦੇਖਦਾ ਹੈ, ਤਾਂ ਉਹ ਸ਼ਬਦ ਸੁਣਦਾ ਹੈ।

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ॥***

ਉਹ ਧੁਨ ਸੁਣਦੀ ਹੈ। ਫੇਰ ਹਨ੍ਹੇਰਾ ਨਹੀਂ ਹੈ, ਪ੍ਰਕਾਸ਼ ਹੈ ਉਸ ਥਾਂ ਦੇ ਉਤੇ ਗਿਆਨ ਦਾ। ਅੱਗੇ ਵਾਹਿਗੁਰੂ ਦਿਸਦਾ ਤਾਂ ਹੈਗਾ ਪਰ ਮਹਾਰਾਜ ਕਹਿੰਦੇ ਜਿੰਨਾਂ ਚਿਰ ਭਗਤੀ ਨਹੀਂ ਨਾ ਕਰਦਾ, ਓਨਾਂ ਚਿਰ ਨਹੀਂ ਮਿਲਦਾ। ਪਿਆਰ ਤੋਂ ਬਗੈਰ ਨਹੀਂ ਪ੍ਰਮੇਸ਼ਰ ਮਿਲਦਾ। ਗੱਲਾਂ ਬਾਤਾਂ ਨਾਲ ਨਹੀਂ ਮਿਲਦਾ। ਚਤੁਰਾਈਆਂ ਨਾਲ ਤਾਂ ਮਿਲਦਾ ਹੀ ਨਹੀਂ ਹੈ। ਸੋ ਦਰਵਾਜ਼ਾ ਖੁਲ੍ਹਦਾ ਹੈ। ਜਦੋਂ ਭਗਤੀ ਕਰਕੇ ਮਿਲਦਾ ਹੈ ਫੇਰ ਕੀ ਦੇਖਦਾ ਹੈ -

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਅੰਗ - 947***

ਉਹ ਸਾਰਿਆਂ ਦੇ ਵਿਚ ਹੀ ਨਜ਼ਰ ਆਉਂਦਾ ਹੈ। ਲੇਕਿਨ ਇਥੇ ਗੱਲਾਂ ਦੇ ਨਾਲ ਤਾਂ ਕੋਈ ਪਹੁੰਚ ਨਹੀਂ ਸਕਦਾ। ਨਾ ਇਹ ਸੋਚ ਕੇ ਪਹੁੰਚ ਸਕਦਾ ਹੈ ਕਿ ਮੈਂ ਆਤਮਾ ਹਾਂ। ਕਹੀ ਜਾਹ, ਕਰੋੜ ਸਾਲ ਕਹੀ ਜਾਹ, ਤਾਂ ਵੀ ਨਹੀਂ ਪਹੁੰਚਦਾ। ਮਹਾਰਾਜ ਕਹਿੰਦੇ ਇਸ ਸੋਚ ਨਾਲ ਨਹੀਂ ਆਦਮੀ ਪਹੁੰਚਦਾ-

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥*** ***ਅੰਗ - 1***

ਉਹ ਤਾਂ ਪਹੁੰਚਦਾ ਹੈ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਅੰਗ - 1***

ਜਦੋਂ ਤਕ ਹੁਕਮ ਵਿਚ ਨਹੀਂ ਆਉਂਦਾ, ਰਜ਼ਾ ਵਿਚ ਨਹੀਂ ਆਉਂਦਾ, ਓਨੀਂ ਦੇਰ ਤੱਕ ਉਥੇ ਪਹੁੰਚ ਨਹੀਂ ਸਕਦਾ। ਸੋ ਇਹ ਚਾਬੀ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥*** ***ਅੰਗ - 205***

ਜਿੰਨਾਂ ਚਿਰ ਚਾਬੀ ਨਹੀਂ ਮਿਲਦੀ ਗੁਰੂ ਤੋਂ, ਓਨੀਂ ਦੇਰ ਤੱਕ ਇਹ ਉਥੇ ਜਾ ਨਹੀਂ ਸਕਦਾ। ਚਾਬੀ ਤੋਂ ਬਿਨਾਂ ਦਰਵਾਜ਼ਾ ਕਿਵੇਂ ਖੁਲ੍ਹ ਜਾਏਗਾ। ਦਰਵਾਜ਼ਾ ਬੰਦ ਹੋਏ ਨੂੰ ਵੀ ਕਰੋੜਾਂ ਅਰਬਾਂ ਸਾਲ ਹੋ ਗਏ। ਇਹ ਜੀਵ ਜਾਂਦਾ ਹੀ ਨਹੀਂ, ਜਦੋਂ ਜਾਂਦਾ ਹੈ ਬਾਹਰ ਨੂੰ ਜਾਂਦਾ ਹੈ। ਕਿਉਂਕਿ ਸਾਰੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ, ਇਹ ਬਾਹਰ ਨੂੰ ਨਾਲ ਹੀ ਨਿਕਲ ਜਾਂਦਾ ਹੈ। ਇਹ ਜਿਹੜਾ ਦਸਵੇਂ ਦੁਆਰ ਦਾ ਦਰਵਾਜ਼ਾ ਹੈ ਇਹ ਅੰਦਰ ਨੂੰ ਖੁਲ੍ਹਦਾ ਹੈ, ਇਧਰ ਨੂੰ ਵੜਦਾ ਹੀ ਨਹੀਂ ਇਹ, ਬਾਹਰ ਹੀ ਰਹਿੰਦਾ ਹੈ। ਸੋ ਇਹ ਮੁਸ਼ਕਲ ਹੈ ਬੜੀ ਜ਼ਬਰਦਸਤ ਮਨੁੱਖ ਦੇ ਸਾਮ੍ਹਣੇ। ਇਹ ਜਿਹੜੀ ਚਾਬੀ ਹੈ ਇਹ ਪੂਰੇ ਗੁਰੂ ਤੋਂ ਮਿਲਦੀ ਹੈ -

***ਬਿਨੁ ਸਬਦੈ ਅੰਤਰਿ ਅਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥*** ***ਅੰਗ - 124***

ਜਿੰਨਾ ਚਿਰ ਅੰਦਰਲਾ ਸ਼ਬਦ ਨਹੀਂ ਨਾ ਜਾਗਦਾ। ਉਹ ਸ਼ਬਦ ਜਿਸਨੂੰ ਸ਼ਬਦ ਬ੍ਰਹਮ ਕਹਿੰਦੇ ਨੇ, ਵਾਹਿਗੁਰੂ ਦਾ ਇਕ ਰੂਪ ਹੈ ਉਹ, ਸ਼ਬਦ ਨਹੀਂ ਹੈ। ਉਹ ਸ਼ਬਦ ਬ੍ਰਹਮ ਹੈ, ਵਾਹਿਗੁਰੂ ਆਪ ਹੀ ਹੈ। ਜਿੰਨੀ ਸ੍ਰਿਸ਼ਟੀ ਤੁਸੀਂ ਦੇਖਦੇ ਓਂ, ਇਹ ਸ਼ਬਦ ਤੋਂ ਵਿਦਮਾਨ ਹੋਈ ਹੋਈ ਹੈ।

ਪਹਿਲਾਂ ਸਮਾਧੀ ਵਿਚ ਸੀ, ਜਦੋਂ ਉੱਠ ਕੇ ਕੰਮ ਕਰਨ ਲੱਗਿਆ। ਏਕੰਕਾਰਹੁ ਕੀ ਹੋਇਆ, ਇਕ ਸ਼ਬਦ ਦੀ ਧੁਨ ਹੋਈ। ਉਸ ਸ਼ਬਦ ਨੇ ਓਅੰਕਾਰ ਨਾਮ ਰੱਖਿਆ। ਗੁਰੂ ਨਾਨਕ ਪਾਤਸ਼ਾਹ ਨੇ ਪਹਿਲਾਂ ੧ਓ ਲਿਖਿਆ ਹੈ, ੧ ਫੇਰ ਓਅੰਕਾਰ। ਓਅੰਕਾਰ ਸ਼ਬਦ ਹੈ, ਉਸ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਸ਼ਬਦ ਸ਼ਬਦਾਂ ਵਰਗਾ ਨਹੀਂ, ਉਹ ਅਨੁਭਵ ਪ੍ਰਕਾਸ਼ ਹੈ। ਉਥੇ ਪ੍ਰਮੇਸ਼ਰ ਸਾਖਸ਼ਾਤ ਦਰਸ਼ਨ ਦੇਣ ਲਗ ਜਾਂਦਾ ਹੈ। ਉਹ ਪਿਆਰ ਕਰਨ ਵਾਲਾ, ਫੇਰ ਉਹ ਸੁੰਨਮੁੰਨ ਨਹੀਂ ਹੈ। ਉਹ ਸਤਿ ਹੈ, ਫੇਰ ਸ਼ਕਤੀ ਹੈ। ਤਰਤੀਬ ਹੈ ਉਸ ਵਿਚ ਸਾਰੀ ਜਿਸਨੂੰ ਨਾਮ ਕਹਿੰਦੇ ਨੇ। ਫੇਰ ਕਰਤਾ ਹੈ, ਸਭ ਕੁਛ ਬਣਾਉਂਦਾ ਹੈ, ਚੁੱਪ ਕਰਿਆ ਨਹੀਂ ਬੈਠਾ ਕਿਸੇ ਪਾਸੇ। ਉਹ ਬਣਾ ਕੇ ਲਾਂਬੇ ਨਹੀਂ ਹੁੰਦਾ ਉਹ ਪੁਰਖ ਹੈ। ਸਾਰਿਆਂ ਦੇ ਵਿਚ ਫੇਰ ਰਚ ਜਾਂਦਾ ਹੈ। ਜਿਹੜੀ ਮੱਕੜੀ ਹੈ ਨਾ ਇਹ ਵੀ ਆਪਣੇ ਆਪ ਤੋਂ ਜਾਲਾ ਬਣਾ ਦਿੰਦੀ ਹੈ, ਲੇਕਿਨ ਆਪ ਜਾਲ ਦੇ ਵਿਚ ਨਹੀਂ ਰਹਿੰਦੀ, ਕਿਨਾਰੇ ਤੇ ਹੋ ਕੇ ਬੈਠ

ਜਾਂਦੀ ਹੈ। ਪ੍ਰਮੇਸ਼ਰ ਨਹੀਂ ਕਿਨਾਰੇ ਤੇ ਜਾਂਦਾ, ਇਕੱਲੀ-ਇਕੱਲੀ ਤੰਦ ਦੇ ਵਿਚ ਹੀ ਰਹਿੰਦਾ ਹੈ। ਇਕੱਲੇ-ਇਕੱਲੇ ਸਰੀਰ ਵਿਚ, ਇਕੱਲੇ ਇਕੱਲੇ ਵਜੂਦ ਵਿਚ ਰਹਿੰਦਾ ਹੈ। ਹਰੇਕ ਵਜੂਦ ਦੇ ਵਿਚ ਪ੍ਰਮੇਸ਼ਰ ਹੈ। ਪ੍ਰਮੇਸ਼ਰ ਤੋਂ ਬਗੈਰ ਕੋਈ ਚੀਜ਼ ਨਹੀਂ ਹੈ, ਹਰ ਥਾਂ ਦੇ ਉਤੇ ਵਾਹਿਗੁਰੂ ਹੈ। ਕੋਈ ਥਾਂ ਦੱਸ ਕਰ ਸਕਦੇ ਕਿ ਇਥੇ ਵਾਹਿਗੁਰੂ ਨਹੀਂ ਹੈ। ਇਸ ਕਰਕੇ ਉਹ ਪੁਰਖ ਹੈ। ਫੇਰ ਉਹਨੂੰ ਡਰ ਨਹੀਂ ਹੈ ਕਿਸੇ ਦਾ। ਉਹ ਨਿਰਭਉ ਹੈ, ਵੈਰ ਉਹਦਾ ਕਿਸੇ ਨਾਲ ਹੈ ਹੀ ਨਹੀਂ, ਨਿਰਵੈਰ ਹੈ। ਕਾਲ ਦੇ ਉਹ ਕਾਬੂ ਨਹੀਂ ਆਉਂਦਾ, ਬਾਕੀ ਸਭ ਚੀਜ਼ਾਂ ਕਾਲ ਦੇ ਵਿਚ ਨੇ। ਪਹਿਲਾਂ ਬਣਦੀਆਂ ਨੇ ਫੇਰ ਬਿਨਸਦੀਆਂ ਨੇ। ਸੋ ਹਰ ਵਕਤ ਹੀ ਚਲਾਇਮਾਨ ਹੈ ਸ੍ਰਿਸ਼ਟੀ। ਪਹਿਲਾਂ ਵਧਦੀ ਹੈ, ਫੇਰ ਘਟ ਜਾਂਦੀ ਹੈ।

ਸੋ ਇਸ ਤਰ੍ਹਾਂ ਉਹ ਜਿਹੜਾ ਸ਼ਬਦ ਹੈ ਉਸ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ ਤੇ ਸ਼ਬਦ ਵਿਚ ਹੀ ਹੈ ਸ੍ਰਿਸ਼ਟੀ, ਸ਼ਬਦ ਤੋਂ ਬਾਹਰ ਨਹੀਂ -

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** ***ਅੰਗ - 284***

ਜਿੰਨਾ ਕੁਛ ਤੁਹਾਨੂੰ ਨਜ਼ਰ ਆਉਂਦਾ ਹੈ, ਇਹ ਸਾਰਾ ਨਾਮ ਨੇ ਧਾਰਨ ਕਰਿਆ ਹੋਇਆ ਹੈ। ਇਹ ਸਭ ਗਤੀਸ਼ੀਲ ਹੈ, ਉਹ ਨਹੀਂ ਹੈ, ਉਹ ਅਕਾਲ ਹੈ। ਫੇਰ ਹਸਤੀ ਹੈ। ਇਹ ਨਹੀਂ ਕਿ ਅਣਹੋਂਦ ਹੋ ਗਿਆ, ਮਹਾਰਾਜ ਕਹਿੰਦੇ ਮੂਰਤਿ ਹੈ ਹਸਤੀ ਹੈ। ਉਹਨੂੰ ਕੋਈ ਗਿਆਨ ਨਹੀਂ ਦਿੰਦਾ, ਉਹਨੂੰ ਆਪੇ ਹੀ ਗਿਆਨ ਹੈ। ਫੇਰ ਉਹ ਵੱਡਾ ਹੈ, ਉਸ ਵਿਚ ਸਿਫਤ ਇਹ ਹੈ ਕਿ ਉਹ ਪ੍ਰਸਾਦਿ, ਕ੍ਰਿਪਾ ਕਰਦਾ ਹੈ ਹਰੇਕ ਦੇ ਉਤੇ, ਦਇਆਲਤਾ ਦੀ।

ਦੂਸਰਾ ਇਹਦਾ ਹੈਗਾ ਕਿ ਉਸ ਨੇ ਗੁਰੂ ਨੂੰ ਚਾਬੀ ਸੰਭਾਲ ਦਿਤੀ। 'ਗੁਰਪ੍ਰਸਾਦਿ' ਜਿੰਨਾ ਚਿਰ ਗੁਰੂ ਕ੍ਰਿਪਾ ਨਾ ਕਰੇ, ਓਨੀਂ ਦੇਰ ਤੱਕ ਮਿਲਾਪ ਨਹੀਂ ਹੋਇਆ ਕਰਦਾ।

***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥*** ***ਅੰਗ - 124***

ਇਥੇ ਫੇਰ ਮਹਾਰਾਜ ਨੇ ਕਿਹਾ ਕਿ ਸਤਿਗੁਰੂ ਕੋਲ ਹੈ ਇਹਦੀ ਕੁੰਜੀ। ਗੁਰੂ ਜਿਹੜਾ ਹੈ ਉਹ ਪੂਰੇ ਭਾਗ ਨਾਲ ਮਿਲਦਾ ਹੈ। ਸੋ ਮਹਾਰਾਜ ਕਹਿੰਦੇ ਤੂੰ ਵਾਹਿਗੁਰੂ ਨੂੰ ਬਾਹਰ ਨਾ ਭਾਲ, ਵਾਹਿਗੁਰੂ ਤੇਰੇ ਅੰਦਰ ਹੈ। ਤੇਰਾ ਇਰਾਦਾ ਨਹੀਂ ਉਹਨੂੰ ਮਿਲਣ ਦਾ। ਭੂਤ ਹੋਵੇ ਤੇਰੇ ਅੰਦਰ ਉਹਨੂੰ ਤੂੰ ਮੰਨ ਲਏਂਗਾ ਹੈ ਕਿ ਮੇਰੇ ਅੰਦਰ ਭੂਤ ਹੈ, ਡਰਦਾ ਹੈਂ। ਲੇਕਿਨ ਵਾਹਿਗੁਰੂ ਜਿਹਦੇ ਕਰਕੇ ਤੇਰੀ ਜ਼ਿੰਦਗੀ ਕਾਇਮ ਹੈ, ਖਾਂਦਾ ਹੈਂ, ਪੀਂਦਾ ਹੈਂ, ਸੌਂਦਾ ਹੈ, ਉਠਦਾ ਹੈਂ, ਜਾਗਦਾ ਹੈਂ, ਸੋਹਣੇ ਤੇਰੇ ਨੈਨ ਨੇ, ਅੱਖਾਂ 'ਚੋਂ ਹੋ ਕੇ ਦੇਖਦਾ ਹੈ, ਕੰਨਾਂ ਥੀਂ ਹੋ ਕੇ ਸੁਣਦੇ ਹੈਂ। ਉਸ ਵਾਹਿਗੁਰੂ ਦਾ ਤੈਨੂੰ ਕਦੇ ਧਿਆਨ ਨਹੀਂ ਆਉਂਦਾ ਕਿ ਮੇਰੇ ਨਾਲ ਹੈ। ਸੋ ਮਹਾਰਾਜ ਕਹਿੰਦੇ ਜੇ ਪ੍ਰਮੇਸ਼ਰ ਨੂੰ ਮਿਲਣਾ ਹੈਂ, ਐਵੇਂ ਨਾ ਭਾਲੀ ਜਾਈਂ ਜੰਗਲਾਂ ਵਿਚ ਜਾ ਕੇ। ਕਿ ਮੈਨੂੰ ਉਥੇ ਮਿਲੇਗਾ, ਉਥੋਂ ਮਿਲੇਗਾ, ਪਹਾੜਾਂ ਦੀ ਚੋਟੀ ਤੇ ਜਾ ਕੇ ਮਿਲੇਗਾ। ਕਿਉਂਕਿ ਐਸੇ ਸਾਡੇ ਖਿਆਲ ਬਣ ਚੁੱਕੇ ਨੇ। ਜਿਹੜਾ ਗੰਗਾ ਜਾਂਦਾ ਹੈ ਉਹ ਕਹਿੰਦਾ ਹੈ ਜੀ ਮੈਨੂੰ ਉਥੇ ਰੱਬ ਮਿਲੇਗਾ। ਕਾਸ਼ੀ ਜਾਂਦਾ ਹੈ, ਕਹਿੰਦਾ ਹੈ ਜੀ ਉਥੇ ਮੈਂ ਰੱਬ ਨੂੰ ਮਿਲਣ ਜਾ ਰਿਹਾ ਹਾਂ। ਕਾਹਬੇ ਨੂੰ ਜਾਂਦਾ ਹੈ, ਉਹ ਕਹਿੰਦਾ ਹੈ ਕਿ ਮੱਕੇ ਜਾ ਕੇ ਅਸੀਂ ਖੁਦਾ ਦੇ ਦਰਸ਼ਨ ਕਰਾਂਗੇ। ਅਸੀਂ ਹੇਮਕੁੰਟ ਸਾਹਿਬ ਨੂੰ ਜਾਂਦੇ ਹਾਂ ਕਿ ਦਸਵੇਂ ਪਾਤਸ਼ਾਹ ਦੇ ਦਰਸ਼ਨ ਹੋਣਗੇ। ਹਜ਼ੂਰ ਸਾਹਿਬ ਨੂੰ ਜਾਂਦੇ ਹਾਂ ਕਹਿੰਦੇ ਹਾਂ ਮਹਾਰਾਜ ਉਥੇ ਮਿਲਣਗੇ। ਜਦ ਮਹਾਰਾਜ ਨੂੰ ਪੁਛਦੇ ਹਾਂ ਕਿ ਤੁਸੀਂ ਕਿਥੇ ਰਹਿੰਦੇ ਓਂ। ਤਾਂ ਮਹਾਰਾਜ ਸਾਨੂੰ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਸਹੁ ਤਾਂ ਵਸਦਾ ਤੇਰੇ ਨੇੜੇ,***
***ਕਾਹਨੂੰ ਬਾਹਰੋਂ ਢੂੰਡਦੈਂ।***

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ***
***ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***
***ਅੰਗ - 1378***

ਕਾਹਨੂੰ ਖਪਦਾ ਫਿਰਦਾ ਹੈਂ ਬਾਹਰ। ਜਿਹਨੂੰ ਤੂੰ ਟੋਲ੍ਹਦਾ ਹੈਂ, ਉਹ ਤਾਂ ਤੇਰੇ ਅੰਦਰ ਹਿਰਦੇ 'ਚ ਵਸਦਾ ਹੈ। ਹਿਰਦੇ ਨੂੰ ਖੋਜ ਲੈ। ਆਪਣੇ ਘਰ ਦੇ ਵਿਚ ਹੀ ਦੇਖ ਤੂੰ, ਆਹ ਸਰੀਰ ਦੇ ਅੰਦਰ।

***ਇਆਨੜੀਏ ਮਾਨੜਾ ਕਾਇ ਕਰੇਹਿ॥***
***ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥***
***ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥***
***ਅੰਗ - 722***

ਕਮਲੀ ਕਿਹਾ ਹੈ ਮਹਾਰਾਜ ਨੇ। ਕਹਿੰਦੇ ਕਮਲੀ ਬਾਹਰ ਟੋਲ੍ਹਦੀ ਫਿਰਦੀ ਹੈ। ਉਹ ਤਾਂ ਅੰਦਰ ਬੈਠਾ ਹੈ। ਦੂਰ ਨਹੀਂ ਰਹਿੰਦਾ। ਬਾਕੀ ਹੈ ਮਿਲਣਾ ਉਸ ਨੂੰ ਐਉਂ ਤਾਂ ਨਹੀਂ ਮਿਲ ਹੁੰਦਾ।

***ਇਹੁ ਤਨੁ ਮਾਇਆ ਪਾਹਿਆ ਪਿਆਰੇ***
***ਲੀਤੜਾ ਲਬਿ ਰੰਗਾਏ॥***
***ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ***
***ਕਿਉ ਧਨ ਸੇਜੈ ਜਾਏ॥*** ***ਅੰਗ - 722***

ਬਦਬੂਦਾਰ ਕਪੜੇ ਪਾਏ ਹੋਣ ਕਿਹੜਾ ਹੈ ਜਿਹੜਾ ਨੇੜੇ ਲਾ ਲਊ। ਮਹਾਰਾਜ ਕਹਿੰਦੇ ਤੇਰਾ ਜਿਹੜਾ ਚੋਲਾ ਹੈ ਨਾ ਉਹ ਮੈਲਾ ਹੋ ਗਿਆ। ਇਹ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਪ੍ਰਮੇਸ਼ਰ ਨੂੰ ਜਿਹੜੀ ਚੀਜ਼ ਭਾਉਂਦੀ ਹੈ ਉਹੋ ਜਿਹਾ ਸ਼ਿੰਗਾਰ ਕਰ ਲੈ। ਨਾ ਭੇਖ ਦਾ ਸ਼ਿੰਗਾਰ ਉਹ ਮੰਨਦਾ ਹੈ, ਉਹ ਨਹੀਂ ਮੰਨਦਾ। ਸੱਚੇ ਨਾਮ ਦੀ ਜਿੰਨੀ ਦੇਰ ਤੱਕ ਪ੍ਰਾਪਤੀ ਨਹੀਂ ਹੁੰਦੀ ਓਨੀਂ ਦੇਰ ਤੱਕ ਪ੍ਰਮੇਸ਼ਰ ਨਹੀਂ ਭਿੱਜਦਾ। ਸੋ ਉਹਨੂੰ ਰਿਝਾਉਣ ਵਾਲਾ ਸ਼ਿੰਗਾਰ ਜਿਹੜਾ ਹੈ ਉਹ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਭਾਉਂਦੈ ਰਾਮ ਨੂੰ ਸ਼ਿੰਗਾਰ ਸੱਚੇ ਪਿਆਰ ਦਾ,***
***ਭੇਖਾਂ ਨਾਲ ਨਹੀਂਓਂ ਭਿੱਜਦਾ।***

ਗੁਰੂ ਨਾਨਕ ਪਾਤਸ਼ਾਹ ਮੁਲਤਾਨ ਗਏ ਹੋਏ ਨੇ, ਪਾਕਪਟਨ। ਉਥੇ ਬਾਬਾ ਫਰੀਦ, ਬਾਰ੍ਹਵੇਂ ਫਰੀਦ ਸਾਨੀ ਜਿਹਨੂੰ

ਆਖਦੇ ਸੀ ਤੇ ਸ਼ੇਖ ਬ੍ਰਹਮ ਉਨ੍ਹਾਂ ਦਾ ਨਾਮ। ਆਪ ਗੁਰੂ ਨਾਨਕ ਪਾਤਸ਼ਾਹ ਕੋਲ ਆਉਂਦੇ ਨੇ, ਆ ਕੇ ਕਹਿਣ ਲੱਗੇ ਮਹਾਰਾਜ! ਅਸੀਂ ਚੋਲੇ ਪਾਉਂਦੇ ਹਾਂ ਕਾਲੇ ਰੰਗ, ਮਾਲਾ ਗਲ ਵਿਚ ਪਾਉਂਦੇ ਹਾਂ ਹਰੇ ਰੰਗ, ਕਦੇ ਹਰੇ ਰੰਗ ਦੇ ਅਸੀਂ ਕੱਪੜੇ ਪਾਉਂਦੇ ਹਾਂ, ਹਰਾ ਰੰਗ ਸਿਰ ਤੇ ਬੰਨ੍ਹਦੇ ਹਾਂ। ਨੰਗੇ ਪੈਰੀਂ ਤੁਰੇ ਫਿਰਦੇ ਹਾਂ, ਹੇ ਨਾਨਕ! ਇਹ ਤਾਂ ਦੱਸ ਇਹ ਪ੍ਰਮੇਸ਼ਰ ਨੂੰ ਸ਼ਿੰਗਾਰ ਭਾਉਂਦਾ ਹੈ ਕਿ ਨਹੀਂ। ਮਹਾਰਾਜ ਕਹਿੰਦੇ ਸ਼ੇਖ ਜੀ! ਪ੍ਰਮੇਸ਼ਰ ਬਾਹਰਲੇ ਸ਼ਿੰਗਾਰ ਨਾਲ ਤਾਂ ਭਿੱਜਦਾ ਹੀ ਨਹੀਂ। ਉਹਦਾ ਤਅੱਲਕ ਹੀ ਨਹੀਂ ਇਨ੍ਹਾਂ ਚੀਜ਼ਾਂ ਨਾਲ। ਕੁਛ ਕਰ ਲੈ –

***ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ॥***
***ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ॥***

***ਅੰਗ – 785***

ਸੂਹਾ ਕੱਪੜਾ ਸਜਦਾ ਹੈ, ਦੁੱਗਣਾ ਹੁਸਨ ਹੋ ਜਾਂਦਾ ਹੈ। ਲੇਕਿਨ ਪ੍ਰਮੇਸ਼ਰ ਨੂੰ ਨਹੀਂ ਮਿਲਦਾ ਹੈ। ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸ਼ਿੰਗਾਰ ਵੀ ਉਸੇ ਤਰ੍ਹਾਂ ਦੇ ਨੇ। ਕਹਿੰਦੇ ਇਹ ਚੋਲਾ ਜਿਹੜਾ ਪਹਿਨਦਾ ਹੈ ਇਸ ਚੋਲੇ ਦੇ ਵਿਚ ਮਾਇਆ ਦੀ ਪਾਹ ਆਈ ਹੋਈ ਹੈ। ਪ੍ਰਮੇਸ਼ਰ ਤੋਂ ਬਗੈਰ ਜਿੰਨੀਆਂ ਚੀਜ਼ਾਂ ਨੇ, ਜਿਨ੍ਹਾਂ ਵਿਚ ਚਿੱਤ ਲਗਣਾ ਹੈ, ਸਭ ਮਾਇਆ ਕਹਾਉਂਦੀ ਹੈ। ਪੁੱਤਰ ਵੀ ਮਾਇਆ ਹੈ, ਧੀਆਂ ਵੀ ਮਾਇਆ ਹੈ, ਕੋਠੀਆਂ ਵੀ ਮਾਇਆ ਹੈ, ਪੈਸਾ ਵੀ ਮਾਇਆ ਹੈ, ਆਪਣੀ ਪੜ੍ਹਾਈ ਲਿਖਾਈ ਵੀ ਮਾਇਆ ਹੈ, ਮੈਂ ਵੀ ਇਹਦੇ ਵਿਚ ਜਿਹੜੀ ਹੈ ਇਹ ਵੀ ਮਾਇਆ ਹੈ। ਕਹਿੰਦੇ ਇਹ ਜਿਹੜਾ ਮਾਇਆ ਦੇ ਨਾਲ ਪਾਹਿਆ ਹੋਇਆ ਜਿਹੜਾ ਕਪੜਾ ਹੈ, ਪਾਹ ਦਿਤੀ ਹੋਈ, ਉਹ ਨਹੀਂ ਪ੍ਰਮੇਸ਼ਰ ਨੂੰ ਭਾਉਂਦਾ ਕਿਉਂਕਿ ਦੁਰਗੰਧ ਦਾ ਭਰਿਆ ਹੋਇਆ ਹੈ।

***ਇਹੁ ਤਨੁ ਮਾਇਆ ਪਾਹਿਆ ਪਿਆਰੇ***
***ਲੀਤੜਾ ਲਬਿ ਰੰਗਾਏ॥***
***ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ***
***ਕਿਉ ਧਨ ਸੇਜੈ ਜਾਏ॥*** ***ਅੰਗ – 722***

ਜਾ ਨਹੀਂ ਸਕਦਾ, ਮਿਲ ਨਹੀਂ ਸਕਦਾ ਕਿਉਂਕਿ ਦੁਰਗੰਧ ਦੇ ਭਰੇ ਹੋਏ ਵਸਤਰ ਪਹਿਨੇ ਹੋਏ ਨੇ। ਮਹਾਰਾਜ ਕਹਿਣ ਲੱਗੇ, ਸ਼ੇਖ ਜੀ! ਜੇ ਸ਼ਿੰਗਾਰ ਕਰਨਾ ਹੈ ਨਾ ਤਾਂ–

***ਭੈ ਕੀਆ ਦੇਹਿ ਸਲਾਈਆ ਨੈਣੀ***
***ਭਾਵ ਕਾ ਕਰਿ ਸੀਗਾਰੋ॥*** ***ਅੰਗ – 722***

ਅਦਬ ਦੇ ਵਿਚ ਆ ਜਾ ਪ੍ਰਮੇਸ਼ਰ ਦੇ, ਹਾਜ਼ਰ ਨਾਜ਼ਰ ਹੈ ਉਹ, ਕੋਈ ਗੱਲ ਐਸੀ ਨਾ ਕਰ। ਕਿਉਂਕਿ ਉਹ ਦੇਖਦਾ ਹੈ। ਪਹਿਲਾਂ ਗੁਸਤਾਖੀਆਂ ਕਰਦੇ ਹਾਂ ਅਸੀਂ, ਰੱਬ ਨੂੰ ਦੂਰ ਜਾਣ ਕੇ ਉਹ ਕੰਮ ਕਰਦੇ ਹਾਂ, ਜਿਹਦੇ ਵਾਸਤੇ ਸਾਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ।

***ਫਰੀਦਾ ਜਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥***
***ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥***

***ਅੰਗ – 1381***

ਉਹ ਕੰਮ ਨਾ ਕਰ ਜਿਥੇ ਜਾ ਕੇ ਸ਼ਰਮਿੰਦਾ ਹੋਣਾ ਪਵੇ। ਤੇਰੀ ਅਕਲ ਤੇਰੇ ਨਾਲ ਹੀ ਰਹਿ ਜਾਣੀ ਹੈ। ਤੇਰੀਆਂ ਦਲੀਲਾਂ ਤੇਰੇ ਨਾਲ ਰਹਿ ਜਾਣੀਆਂ ਨੇ। ਪ੍ਰਮੇਸ਼ਰ ਨੂੰ ਨਹੀਂ ਇਹ ਚੀਜ਼ਾਂ ਭਾਉਂਦੀਆਂ। ਪ੍ਰਮੇਸ਼ਰ ਅਦਬ ਦੇ ਵਿਚ ਹੈ। ਜੇ ਅਦਬ ਹੀ ਨਹੀਂ ਪ੍ਰਮੇਸ਼ਰ ਦਾ ਫੇਰ ਗੱਲ ਹੀ ਕੋਈ ਨਹੀਂ ਹੈ। ਪਿਆਰ ਦਾ ਸ਼ਿੰਗਾਰ ਬਣਾ –

***ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥***

***ਅੰਗ – 722***

ਇਸ ਸ਼ਿੰਗਾਰ ਤੋਂ ਅੱਗੇ ਸੁਹਾਗਣ ਤਾਂ ਹੈ ਜੇ ਉਹ ਵੀ ਪਿਆਰ ਕਰੇ। ਹੋਰ ਕੋਈ ਤਰੀਕਾ ਨਹੀਂ ਸੋ ਇਸ ਤਰ੍ਹਾਂ ਦੇ ਨਾਲ ਵੇਣੀ ਜੀ ਦੇ ਮਨ ਵਿਚ ਤਾਂ ਬਹੁਤ ਹੈ ਕਿ ਮੈਂ ਕਿਸੇ ਤਰੀਕੇ ਨਾਲ ਪ੍ਰਮੇਸ਼ਰ ਨੂੰ ਮਿਲਾਂ। ਲੇਕਿਨ ਰਸਤਾ ਨਹੀਂ ਲੱਭਿਆ। ਕਿਉਂਕਿ ਜਦ ਤੱਕ ਰਸਤਾ ਦੱਸਣ ਵਾਲਾ ਨਾ ਆਵੇ। ਨਹੀਂ ਪਤਾ ਲੱਗਦਾ।

ਸੋ ਜਦੋਂ ਤੱਕ ਜਗਿਆਸੂ ਨਹੀਂ ਪੂਰਾ ਹੁੰਦਾ, ਓਨਾ ਚਿਰ ਸਾਧੂ ਵੀ ਚੁੱਪ ਹੀ ਰਹਿੰਦੇ ਨੇ ਕਿ ਇਹਨੂੰ ਕੀ ਕਰੇ।

***ਕਬੀਰ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥***

***ਅੰਗ – 1372***

ਸੋ ਵੇਣੀ ਜਿਹੜਾ ਸੀ ਇਹਦੇ ਅੰਦਰ ਐਨੀ ਤੀਬਰ ਇੱਛਿਆ ਜਾਗੀ, ਦਿਨ ਰਾਤ ਰੋਈ ਗਿਆ, ਵੈਰਾਗ ਦੇ ਵਿਚ ਆ ਗਿਆ ਕਿ ਮੈਨੂੰ ਕੋਈ ਮਿਲਾ ਦੇਵੇ, ਕੋਈ ਐਸਾ ਹੈ ਜੋ ਮੈਨੂੰ ਪ੍ਰਮੇਸ਼ਰ ਨਾਲ ਮਿਲਾ ਦੇਵੇ ਤੇ ਮੈਂ ਸਭ ਕੁਛ ਉਹਨੂੰ ਦੇ ਦੇਵਾਂ। ਜਿਹੜਾ ਕੁਛ ਮੇਰੇ ਕੋਲ ਹੈ, ਤਨ ਹੈ, ਮਨ ਹੈ, ਧਨ ਹੈ, ਮੈਂ ਸਾਰਾ ਹੀ ਅਰਪਣ ਕਰ ਦੇਵਾਂ, ਪਰ ਮੈਨੂੰ ਕੋਈ ਪ੍ਰਭੂ ਮਿਲਾ ਦੇਵੇ। ਉਹਦੇ ਸੰਜੋਗ ਦੇ ਨਾਲ, ਪਿਛਲੇ ਕਰਮਾਂ ਦੇ ਪੁੰਨਾਂ ਦੇ ਬਲ ਨਾਲ, ਅੱਜ ਕੋਈ ਪੂਰਨ ਮਹਾਤਮਾ ਉਥੇ ਆ ਜਾਂਦੇ ਨੇ। ਇਹ ਵੀ ਦਰਸ਼ਨ ਕਰਦਾ ਹੈ ਤੇ ਦਰਸ਼ਨ ਕਰਦੇ ਸਾਰ ਖਿੱਚ ਪਈ। ਪਤਾ ਲਗ ਗਿਆ ਕਿ ਇਹ ਆ ਗਿਆ ਅੱਜ ਤਾਂ ਦਾਤਾ, ਜਿਹੜਾ ਮੈਨੂੰ ਦੇ ਸਕਦਾ ਹੈ। ਉਸ ਵੇਲੇ ਉਹਦੇ ਚਰਨਾਂ 'ਚ ਜਾ ਕੇ ਇਸ ਤਰ੍ਹਾਂ ਬੇਨਤੀ ਕਰਦਾ ਹੈ –

***ਧਾਰਨਾ – ਚਰਨੀਂ ਲਗ ਓ ਕਰਾਂ ਬੇਨਤੀ,***
***ਮੈਨੂੰ ਮੇਲ ਦੇਵੋ ਰਾਮ ਪਿਆਰਾ।***

ਕਿਸੇ–ਕਿਸੇ ਦੇ ਮਨ ਵਿਚ ਪਿਆਸ ਲਗਦੀ ਹੈ, ਪ੍ਰਭੂ ਦੇ ਮਿਲਣ ਦੀ।

***ਪਾਇ ਲਗਉ ਮੋਹਿ ਕਰਉ ਬੇਨਤੀ***
***ਕੋਊ ਸੰਤੁ ਮਿਲੈ ਬਡਭਾਗੀ॥*** ***ਅੰਗ – 204***

ਭਾਗਾਂ ਦੇ ਨਾਲ ਮਿਲ ਜਾਵੇ ਕੋਈ ਸੰਤ, ਕਹਿੰਦੇ ਮੈਂ ਚਰਨੀਂ ਲਗ ਕੇ ਉਹਦੇ ਬੇਨਤੀ ਕਰਾਂ।

***ਮਨੁ ਅਰਪਉ ਧਨੁ ਰਾਖਉ ਆਗੈ***
***ਮਨ ਕੀ ਮਤਿ ਮੋਹਿ ਸਗਲ ਤਿਆਗੀ॥ ਅੰਗ – 204***

ਤਿੰਨ ਚੀਜ਼ਾਂ, ਮਨ ਦੀ ਮਤ, ਧਨ ਅਤੇ ਤਨ ਦੇ ਦੇਵਾਂ। ਸੋ ਐਸੀ ਹਿਰਦੇ 'ਚੋਂ ਬੇਨਤੀ ਨਿਕਲੀ। ਮਹਾਤਮਾ ਨੇ ਕਿਹਾ, ਦੇਖ ਪ੍ਰੇਮੀਆਂ! ਨਾ ਜਪਾਂ ਨਾਲ ਮਿਲਦਾ ਹੈ, ਨਾ ਤਪਾਂ ਨਾਲ ਮਿਲਦਾ ਹੈ, ਨਾ ਬਾਹਰ ਘੁੰਮਣ ਨਾਲ ਮਿਲਦਾ ਹੈ, ਨਾ ਘਰ

ਬਾਰ ਛੱਡਣ ਨਾਲ ਮਿਲਦਾ ਹੈ। ਪਹਿਲਾਂ ਸਮਝ ਲੈ ਜਿਹਨੂੰ ਤੂੰ ਮਿਲਣਾ ਹੈ। ਉਹ ਰਹਿੰਦਾ ਕਿੱਥੇ ਹੈ? ਕਹਿੰਦੇ ਉਹ ਜਿਹੜਾ ਪ੍ਰਭੂ ਹੈ, ਉਹ ਬਿਲਕੁਲ ਤੇਰੇ ਨਾਲ ਰਹਿੰਦਾ ਹੈ, ਤੇਰੀ ਮੈਂ ਜਿੱਥੇ ਮੁਕਦੀ ਹੈ ਉਸ ਤੋਂ ਅੱਗੇ ਰੱਬ ਹੁੰਦਾ ਹੈ ਸ਼ੁਰੂ। ਜਿਹੜਾ ਤੇਰਾ ਮਨ ਹੈ ਇਹਦੇ ਪਿਛਲੇ ਪਾਸੇ ਦੇਖ ਲੈ ਉਥੇ ਰੱਬ ਰਹਿੰਦਾ ਹੈ। ਜਿਥੇ ਤੂੰ ਮੁੱਕ ਜਾਂਦਾ ਹੈਂ, ਉਸ ਤੋਂ ਅੱਗੇ ਰੱਬ ਸ਼ੁਰੂ ਹੋ ਜਾਂਦਾ ਹੈ। ਜਿਥੇ ਤੇਰੀ ਮੈਂ ਮੁਕਦੀ ਹੈ ਉਸ ਤੋਂ ਅੱਗੇ ਰੱਬ ਹੈ, ਨਾਲ ਹੀ ਹੈ, ਕੋਈ ਬਹੁਤਾ ਦੂਰ ਨਹੀਂ ਹੈ।

***ਘਰ ਹੀ ਅੰਦਰਿ ਸਾਚਾ ਸੋਈ॥***
***ਗੁਰਮੁਖਿ ਵਿਰਲਾ ਬੂਝੈ ਕੋਈ॥ ਅੰਗ - 1060***
***ਨਾਮੁ ਨਿਧਾਨੁ ਵਸਿਆ ਘਟ ਅੰਤਰਿ***
***ਰਸਨਾ ਨਾਮੁ ਧਿਆਇਦਾ॥ ਅੰਗ - 1060***

ਵਿਰਲਾ ਹੈ ਕੋਈ ਜਿਹੜਾ ਬੁਝਦਾ ਹੈ, ਸੁਣਦੇ ਤਾਂ ਸਾਰੇ ਹੀ ਨੇ। ਬਾਕੀ ਤਾਂ ਕਿਸੇ ਨੂੰ ਪਤਾ ਹੀ ਨਹੀਂ ਲਗਦਾ। ਰੱਬ ਗੈਰਹਾਜ਼ਰ ਰਹਿੰਦਾ ਹੈ, ਮੰਨਦੇ ਹੀ ਨਹੀਂ ਅਸੀਂ ਮਹਾਰਾਜ ਦਾ ਬਚਨ। ਜੇ ਬਚਨ ਮੰਨ ਲਈਏ, ਹੁਣੇ ਹੀ ਸਾਨੂੰ ਬ੍ਰਹਮਗਿਆਨ ਹੋ ਜਾਏ। ਉਸ ਅੰਦਰਲੇ ਵਾਹਿਗੁਰੂ ਨੂੰ ਮਿਲਣ ਵਾਸਤੇ ਜਿਹੜਾ ਮੰਤਰ ਦੇ ਦਿਤਾ, ਨਾਉਂ ਤਾਂ ਹੈ ਨਹੀਂ ਵਾਹਿਗੁਰੂ ਦਾ ਕੋਈ। ਉਹਦਾ ਨਾਉਂ ਇਕ ਹੈ ਜਿਹਨੂੰ ਸਤਿ ਕਹਿੰਦੇ ਸਤਿਨਾਮ। ਇਕੋ ਹੀ ਨਾਮ ਹੈ, ਬਾਕੀ ਤਾਂ ਵਿਸ਼ੇਸ਼ਣ ਨੇ ਸਾਰੇ। ਰਮਿਆ ਹੋਇਆ ਕਰਕੇ ਰਾਮ ਹੈ, ਪਾਪਾਂ ਦਾ ਖਾਤਮਾ ਕਰਨ ਵਾਸਤੇ ਹਰੀ, ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ ਵਿਸ਼ੰਭਰ ਹੈ, ਜੀਵਾਂ ਦੀ ਰੱਖਿਆ ਕਰਨ ਵਾਲਾ ਗੋਬਿੰਦ ਹੈ, ਪਾਣੀਆਂ 'ਚ ਰਹਿਣ ਵਾਲਾ ਨਾਰਾਇਣ ਹੈ, ਉਹਦੇ ਨਾਮ ਨੇ ਬੇਅੰਤ। ਜਾਪੁ ਸਾਹਿਬ ਅੰਦਰ ਤੇ ਅਕਾਲ ਉਸਤਤਿ ਦੇ ਅੰਦਰ, ਕਿਰਤਮ ਨਾਮਾਂ ਦਾ ਜ਼ਿਕਰ ਕੀਤਾ ਸਾਰੇ। ਸੋ ਕਹਿਣ ਲੱਗੇ, ਉਹਦਾ ਨਾਮ ਨਹੀਂ ਹੈ ਕੋਈ ਵੀ। ਤੇਰਾ ਵੀ ਕੋਈ ਨਾਉਂ ਨਹੀਂ ਹੈ, ਉਹਦਾ ਵੀ ਕੋਈ ਨਾਉਂ ਨਹੀਂ ਹੈ। ਤੇਰੇ ਸਰੀਰ ਦਾ ਨਾਉਂ ਰੱਖ ਲਿਆ ਘਰਦਿਆਂ ਨੇ। ਅਨਾਮ ਹੈ ਉਹ।

***ਐਸੇ ਜਨ ਵਿਰਲੇ ਸੰਸਾਰੇ॥***
***ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥ ਅੰਗ - 1039***

ਮਹਾਰਾਜ ਕਹਿੰਦੇ ਵਿਰਲੇ ਹੀ ਪੁਰਸ਼ ਨੇ ਐਹ ਸੰਸਾਰ 'ਚ ਜਿਹੜੇ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਸੰਸਾਰ ਦੇ ਵਿਚ ਫਸਦੇ ਨਹੀਂ, ਨਿਰਾਰੇ ਰਹਿੰਦੇ ਨੇ। ਉਹ ਕਰਦੇ ਕੀ ਨੇ?

***ਆਪਿ ਤਰਹਿ ਸੰਗਤਿ ਕੁਲ ਤਾਰਹਿ***
***ਤਿਨ ਸਫਲ ਜਨਮੁ ਜਗਿ ਆਇਆ॥ ਅੰਗ - 1039***

ਚੌਥੇ ਪਦ ਵਿਚ ਰਹਿੰਦੇ ਨੇ। ਚੌਥਾ ਪਦ ਹੁੰਦਾ ਹੈ ਮੈਂ ਸਾਰਿਆਂ ਵਿਚ, ਸਾਰੇ ਮੇਰੇ ਵਿਚ। ਫੇਰ ਇਥੇ ਭੁਲੇਖਾ ਪੈ ਜਾਂਦਾ ਹੈ ਕਿ ਮੈਂ ਸਾਰਿਆਂ 'ਚ ਹਾਂ, ਸਭ ਦੇ ਵਜੂਦ ਮੇਰੇ ਵਿਚ ਆਉਂਦੇ ਹਨ, ਵਜੂਦਾਂ ਵਿਚ ਵੀ ਹਾਂ ਅਤੇ ਵਜੂਦਾਂ ਤੋਂ ਬਾਹਰ ਵੀ। ਇਹ ਤਾਂ ਮਿੱਟੀ ਹੈ ਪੰਜ ਤੱਤ ਦੀ, ਇਹਦੇ ਵਿਚ ਕਿਹੜਾ ਵੱਖਰਾ ਹੈ ਇਹ, ਐਵੇਂ ਮਿੱਟੀ ਦੀਆਂ ਸ਼ਕਲਾਂ ਬਣਾਈਆਂ ਹੋਈਆਂ ਨੇ। ਜਿਹੜੀ ਅਸਲੀ ਚੀਜ਼ ਹੈ ਉਹ ਸਾਰਿਆਂ ਦੇ ਅੰਦਰ। ਜਿੰਨੇ ਭਾਂਡੇ ਨੇ ਸਭ ਦੇ ਅੰਦਰ ਤੂੰ ਹੀ ਹੈਂ। ਚਾਹੇ ਦਰਖਤ ਦਾ ਭਾਂਡਾ ਹੈ, ਚਾਹੇ ਉਹ ਇੱਲ ਦਾ ਭਾਂਡਾ ਹੈ, ਚਾਹੇ ਕੋਈ ਭਾਂਡਾ ਹੈ, ਹਰੇਕ ਦੇ ਅੰਦਰ ਤੂੰ ਹੈਂ, ਤੇਰੇ ਅੰਦਰ ਸਾਰੇ ਨੇ। ਉਨ੍ਹਾਂ ਦਾ ਜਨਮ ਇਥੇ ਆਉਣਾ ਸਫਲ ਹੁੰਦਾ ਹੈ।

***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***
***ਅੰਗ - 1033***

ਕਹਿੰਦੇ ਵਿਚ ਹੀ ਹੈ ਦਸਵਾਂ ਦੁਆਰ। ਜਿਸ ਥਾਂ ਦੇ ਉਤੇ ਵਾਹਿਗੁਰੂ ਦਾ ਵਾਸਾ ਹੈ।

***ਪਸਰੀ ਕਿਰਣਿ ਜੋਤਿ ਉਜਿਆਲਾ॥***
***ਕਰਿ ਕਰਿ ਦੇਖੈ ਆਪਿ ਦਇਆਲਾ॥ ਅੰਗ - 1033***

ਉਹ ਥਾਂ ਜਿਹੜਾ ਹੈ ਉਹਦੀ ਤੈਨੂੰ ਨਿਸ਼ਾਨੀ ਦੱਸ ਦਿੰਦੇ ਹਾਂ।

***ਅਨਹਦ ਰੁਣ ਝੁਣਕਾਰੁ ਸਦਾ ਧੁਨਿ***
***ਨਿਰਭਉ ਕੈ ਘਰਿ ਵਾਇਦਾ॥ ਅੰਗ - 1033***

ਉਥੇ ਅਨਹਦ ਦੀ ਰੁਣਝੁਣ ਹੋ ਰਹੀ ਹੈ ਅਤੇ ਧੁਨਕਾਰ ਦੀ ਧੁਨ ਹਰ ਵਕਤ ਵਜਦੀ ਹੈ।

***ਝਿਲਮਿਲ ਝਿਮਕੈ ਚੰਦੁ ਨ ਤਾਰਾ॥***
***ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥ ਅੰਗ - 1033***

ਨਾ ਚੰਦ ਹੈ ਨਾ ਤਾਰੇ ਨੇ, ਲੇਕਿਨ ਝਿਲਮਿਲ ਝਿਲਮਿਲ ਹੁੰਦੀ ਹੈ ਅੰਦਰ। ਜਿਵੇਂ ਬਿਜਲੀ ਚਮਕਦੀ ਹੈ, ਸੂਰਜ ਦੀ ਕਿਰਨ ਹੈ ਇਸ ਤਰ੍ਹਾਂ ਅੰਦਰ ਪ੍ਰਕਾਸ਼ ਹੁੰਦਾ ਹੈ।

***ਅਕਥੀ ਕਥਉ ਚਿਹਨੁ ਨਹੀ ਕੋਈ***
***ਪੂਰਿ ਰਹਿਆ ਮਨਿ ਭਾਇਦਾ॥ ਅੰਗ - 1033***

ਜਿਹੀ ਗੱਲ ਕਹੀ ਨਹੀਂ ਜਾਂਦੀ ਉਹ ਗੱਲ ਅਸੀਂ ਕਹਿੰਦੇ ਹਾਂ। ਸਾਰੀ ਸ੍ਰਿਸਟੀ ਦੇ ਵਿਚ ਉਹ ਪੂਰ ਰਿਹਾ ਹੈ, ਅੰਦਰ ਵੀ ਤੇ ਬਾਹਰ ਵੀ।

ਮਹਾਂਪੁਰਸ਼ਾਂ ਨੇ ਕਿਹਾ ਕਿ ਵੇਣੀ ਜਿਹਦਾ ਤੂੰ ਨਾਮ ਜਪਣਾ ਹੈਂ, ਨਾ ਉਹਦੇ ਬਾਰੇ ਪਹਿਲਾਂ ਤੂੰ ਸਮਝ ਲੈ, ਉਹ ਚੀਜ਼ ਕੀ ਹੈ?

***ਧਾਰਨਾ - ਰਾਮ ਅੰਦਰ ਵਸਦਾ ਤੇਰੇ,***
***ਕਰ ਕੇ ਪਿਆਰ ਮਿਲਦਾ।***

ਗੱਲ ਸਮਝਾ ਦਿਤੀ, ਪੂਰਾ ਜਗਿਆਸੂ ਸੀ। ਜਿਵੇਂ ਦੀਵੇ ਨਾਲ ਦੀਵਾ ਲਗ ਕੇ ਰੋਸ਼ਨੀ ਕਰ ਲੈਂਦਾ ਹੈ, ਐਸ ਤਰ੍ਹਾਂ ਉਸੇ ਵੇਲੇ ਮਨ ਵਿਚ ਪ੍ਰਕਾਸ਼ ਹੋ ਗਿਆ ਉਹਦੇ।

***ਬੇਣੀ ਕਉ ਗੁਰਿ ਕੀਓ ਪ੍ਰਕਾਸੁ॥ ਅੰਗ - 1192***

ਉਹਦੇ ਮਨ ਦੇ ਅੰਦਰ ਪ੍ਰਕਾਸ਼ ਕਰ ਦਿਤਾ, ਪਹਿਲਾਂ ਹੀ ਪਤਾ ਲਗ ਗਿਆ। ਜਦੋਂ ਹੁਣ ਸਾਨੂੰ ਪਤਾ ਲਗ ਜਾਏ ਕਿ ਵਾਹਿਗੁਰੂ ਸਾਡੇ ਅੰਦਰ ਹੈ, ਫੇਰ ਤਾਂ ਅਸੀਂ ਵਾਹਿਗੁਰੂ ਦੇ ਨਾਲ ਇਕ ਦਮ ਹੀ ਜੁੜ ਜਾਵਾਂਗੇ। ਸੋ ਇਸ ਤਰ੍ਹਾਂ -

***ਗੁਰਮੁਖਿ ਬੇਣੀ ਭਗਤਿ ਕਰਿ ਜਾਇ***
***ਇਕਾਂਤ ਬਹੈ ਲਿਵ ਲਾਵੈ।***

***ਭਾਈ ਗੁਰਦਾਸ ਜੀ ਦੀ ਵਾਰ 10/14***

ਨਾਮ ਦੀ ਦਾਤ ਦੇ ਦਿਤੀ। ਉਸ ਵੇਲੇ ਤੋਂ ਹੀ ਨਾਮ ਚਲ ਪਿਆ ਅੰਦਰ। ਐਨਾ ਚੱਲਿਆ ਕਿ ਹਰ ਵਕਤ ਜਿੱਥੇ ਵੀ ਬੈਠਦਾ ਹੈ, ਉਥੇ ਹੀ ਨਾਮ ਦੀ ਧੁਨ ਅੰਦਰ ਪ੍ਰਗਟ ਹੋ ਜਾਂਦੀ ਹੈ। ਅਖੀਰ ਉਸ ਨੇ ਇਹ ਨੇਮ ਬਣਾ ਲਿਆ ਕਿ ਤੜਕੇ ਹੀ ਚਲੇ ਜਾਣਾ ਤੇ ਸਾਰਾ ਹੀ ਦਿਨ ਕਿਸੇ ਜੰਗਲ ਵਿਚ ਬੈਠ ਕੇ ਨਾਮ ਜਪੀ ਜਾਣਾ। ਘਰਵਾਲੀ ਨੇ ਪੁਛਣਾ ਉਹਨੇ ਕਿਹਾ ਕਿ ਮੈਂ ਜਾਂਦਾ, ਮੈਨੂੰ ਕੋਈ ਕੰਮ ਮਿਲਣ ਵਾਲਾ ਹੈ, ਮੈਂ ਟੋਲਦਾ ਫਿਰਦਾ ਹਾਂ, ਤੂੰ ਫਿਕਰ ਨਾ ਕਰ। ਲੇਕਿਨ ਆਪ ਕੀ ਕਰਦਾ ਸੀ -

***ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ।***
***ਭਾਈ ਗੁਰਦਾਸ ਜੀ ਦੀ ਵਾਰ 10/14***

ਜਿਹੜਾ ਅਨੰਦ ਆ ਰਿਹਾ ਸੀ ਨਾਮ ਦਾ, ਜਿਹੜੀਆਂ ਅੰਦਰ ਖੇਲ੍ਹਾਂ ਪ੍ਰਗਟ ਹੋ ਰਹੀਆਂ ਸੀ। ਅਨਹਦ ਨਾਦ ਦੇ ਪ੍ਰਕਾਸ਼ ਆ ਰਹੇ ਸੀ। ਕਿਸੇ ਨੂੰ ਦੱਸਦਾ ਨਹੀਂ ਸੀ। ਨਾ ਕਿਸੇ ਮਿੱਤਰ ਨਾਲ ਗੱਲ ਕਰਦਾ ਹੈ, ਨਾ ਕਿਸੇ ਪੁਰਾਣੇ ਜਾਣ ਪਛਾਣ ਵਾਲੇ ਨਾਲ ਗੱਲ ਕਰਦਾ ਹੈ, ਤੜਕੇ ਹੀ ਨਿਕਲ ਜਾਂਦਾ ਹੈ ਰਾਤ ਨੂੰ। ਉਸ ਵੇਲੇ ਬਾਰ-ਬਾਰ ਉਹ ਪੁਛਦੀ ਹੈ ਕਿ ਤੂੰ ਫਲਾਣੀ ਚੀਜ਼ ਲੈਣੀ ਸੀ, ਫਲਾਣੀ ਲੈਣੀ ਸੀ। ਤੂੰ ਕਰਦਾ ਕੀ ਹੈਂ, ਸੱਚ ਤਾਂ ਮੈਨੂੰ ਦੱਸਦਾ ਨਹੀਂ ਹੈਂ? ਕਹਿਣ ਲੱਗਾ, ਮੈਨੂੰ ਇਕ ਬਹੁਤ ਵੱਡਾ ਰਾਜਾ ਮਿਲ ਗਿਆ। ਮੇਰੇ ਜਾਣ ਦੀ ਦੇਰ ਹੁੰਦੀ ਹੈ, ਉਥੋਂ ਮੈਨੂੰ ਆਪਣੀਆਂ ਸਵਾਰੀਆਂ 'ਚ ਲੈ ਜਾਂਦੇ ਨੇ। ਉਥੇ ਮੈਂ ਕਥਾ ਕਰਦਾ ਰਹਿੰਦਾ ਹਾਂ। ਘਰਵਾਲੀ ਨੂੰ ਕੀ ਦੱਸਦਾ। ਕਹਿੰਦੀ ਕਿੱਡਾ ਵੱਡਾ ਰਾਜਾ ਹੈ। ਕਹਿਣ ਲੱਗਿਆ ਉਹ ਰਾਜਾ ਬਹੁਤ ਵੱਡਾ ਰਾਜਾ ਹੈ -

***ਧਾਰਨਾ - ਜਿਹੜਾ ਸਾਰਿਆਂ ਰਾਜਿਆਂ ਦਾ ਰਾਜਾ,***
***ਉਸ ਦੀ ਮੈਂ ਕਰਾਂ ਚਾਕਰੀ।***

ਕਹਿਣ ਲੱਗਿਆ, ਭੋਲੀਏ! ਉਹ ਤਾਂ ਸਾਰਿਆਂ ਨਾਲੋਂ ਵੱਡਾ ਹੈ। ਕਹਿੰਦੀ, ਆਪਣੇ ਰਾਜੇ ਨਾਲੋਂ ਵੀ? ਕਹਿੰਦਾ, ਹਾਂ। ਉਹਦੇ ਮੁਕਾਬਲੇ ਤੇ ਕੋਈ ਰਾਜਾ ਨਹੀਂ ਹੈ। ਇਹ ਜਿਹੜੇ ਰਾਜੇ ਨੇ ਇਹ ਤਾਂ ਸਾਰੇ ਐਵੇਂ ਰਾਜੇ ਨੇ -

***ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥***
***ਅੰਗ - 856***

ਇਹ ਤਾਂ ਪਾਖੰਡ ਦਿਖਾਵੇ ਕਰਦੇ ਨੇ, ਚਾਰ ਕੁ ਦਿਨ ਦੇ ਰਾਜੇ ਨੇ, ਉਹ ਹਮੇਸ਼ਾ ਦੀ ਰਾਜਾ ਹੈ। ਉਹਦਾ ਰਾਜ ਕਦੇ ਜਾਣਾ ਹੀ ਨਹੀਂ ਹੈ।

***ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥***
***ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ॥***
***ਅੰਗ - 534***

ਸੋ ਘਰ ਆਉਂਦਾ ਹੈ ਜਦੋਂ ਵੇਣੀ ਤਾਂ ਉਹ ਚੀਜ਼ਾਂ ਮੰਗਦੀ ਹੈ ਤਾਂ ਉਸ ਨੇ ਕਿਹਾ ਕਿ ਮੈਂ ਰਾਜ ਦਵਾਰ ਜਾਂਦਾ ਹਾਂ।

***ਘਰਿ ਸਭ ਵਥੂ ਮੰਗੀਅਨਿ***
***ਵਲ ਛਲੁ ਕਰਿਕੈ ਝਤੁ ਲੰਘਾਵੈ।***

***ਭਾਈ ਗੁਰਦਾਸ ਜੀ ਦੀ ਵਾਰ 10/14***

ਬਹਾਨੇ ਲਾ ਦਿੰਦਾ ਹੈ ਕਿ ਮੈਂ ਕਿਹਾ ਸੀ ਅੱਜ ਉਹਨੂੰ, ਦੇਵੇਗਾ। ਐਨੀ ਕਲਪਨਾ ਹੋਣ ਦੇ ਬਾਵਜੂਦ ਉਹਦੇ ਚਿੱਤ ਵਿਚ ਇਕ ਵੀ ਫੁਰਨਾ ਨਹੀਂ ਆਇਆ। ਕਮਾਲ ਦੀ ਗੱਲ ਹੈ। ਉਹਦੇ ਚਿੱਤ ਨੂੰ ਡੋਲਾ ਨਹੀਂ ਸਕਿਆ, ਨਾ ਉਹਨੇ ਪ੍ਰਮੇਸ਼ਰ ਨੂੰ ਕਿਹਾ। ਸੱਚਮੁੱਚ ਪਿਆਰ ਕਰਦਾ ਹੈ ਕਿ ਤੇਰੀ ਮਰਜ਼ੀ ਹੈ, ਨੇਤ ਉਤੇ ਛੱਡ ਦਿਤੀ ਪ੍ਰਮੇਸ਼ਰ ਦੀ ਕਿ ਜਿਹੜਾ ਕੁਛ ਉਹਨੇ ਦੇਣਾ ਹੈ ਦੇ ਦੇਣਾ ਹੈ, ਉਹ ਕਿਹੜਾ ਨਹੀਂ ਜਾਣਦਾ, ਸਭ ਕੁਛ ਜਾਣਦਾ ਹੈ। ਝੂਠ ਤਾਂ ਬੋਲਦਾ ਨਹੀਂ ਸੀ, ਕਿਉਂਕਿ ਪ੍ਰਮੇਸ਼ਰ ਸਾਰਿਆਂ ਰਾਜਿਆਂ ਦਾ ਰਾਜਾ ਹੈ। ਕਰੋੜਾਂ ਰਾਜਿਆਂ ਨੂੰ ਇਕ ਸਕਿੰਟ ਵਿਚ ਰਾਜੇ ਬਣਾ ਸਕਦਾ ਹੈ, ਕਰੋੜਾਂ ਰਾਜਿਆਂ ਨੂੰ ਭਿਖਾਰੀ ਬਣਾ ਸਕਦਾ ਹੈ। ਘਰਵਾਲੀ ਕਹਿਣ ਲੱਗੀ ਕਿ ਇਹ ਜਿਹੜਾ ਤੇਰਾ ਰਾਜਾ ਹੈ ਨਾ, ਇਹ ਬੜਾ ਮਾੜਾ ਹੈ। ਕਹਿਣ ਲੱਗਿਆ ਐਸ ਤਰ੍ਹਾਂ ਨਾ ਕਹਿ। ਕਹਿੰਦੀ ਕਹਾਂ ਨਾ, ਮੈਨੂੰ ਤਾਂ ਹੁਣ ਪੜੌਸੀ ਵੀ ਚੀਜ਼ਾਂ ਦੇਣ ਤੋਂ ਹਟ ਗਏ ਕਿ ਤੁਹਾਡੇ ਤੋਂ ਕਿਹੜਾ ਵਾਪਿਸ ਮਿਲਣੀ ਹੈ, ਕੀ ਪਤਾ ਕਿੱਥੇ ਜਾਂਦਾ ਹੈ, ਝੂਠ ਬੋਲਦਾ ਹੈ ਇਹ।

ਪਤਾ ਕਿਸੇ ਨੂੰ ਨਾ ਕਿ ਇਹ ਕਿੱਥੇ ਚਲਿਆ ਜਾਂਦਾ ਸੀ। ਇਹੋ ਜਿਹਾ ਰਾਜਾ ਕਿਹੜਾ ਹੈ ਜਿਹੜਾ ਇਹਨੂੰ ਲੈ ਜਾਂਦਾ ਹੈ ਤੇ ਰਾਜ ਦੁਆਰ ਵਿਚ ਕਥਾ ਕਰਦਾ ਹੈ। ਰਾਜਾ ਕੁਛ ਤਾਂ ਪਹਿਲਾਂ ਦੇ ਹੀ ਦਿੰਦਾ ਹੈ, ਭੋਗ ਪੈਣ ਤੇ ਹੀ ਦੇਣਾ ਹੈ ਸਾਰਾ ਕੁਛ।

ਇਹ ਕਹੀ ਜਾਂਦਾ ਹੈ ਕਿ ਹੁਣ ਥੋੜ੍ਹੀ ਕਥਾ ਹੋਰ ਰਹਿੰਦੀ ਹੈ, ਭੋਗ ਪੈਣ ਵਾਲਾ ਹੈ, ਫੇਰ ਤੈਨੂੰ ਮਿਲ ਜਾਏਗਾ ਸਭ ਕੁਛ। ਜਦੋਂ ਐਸੀ ਭਗਤ ਦੀ ਹਾਲਤ ਦੇਖੀ ਕਿ ਮੰਗਦਾ ਕੁਛ ਨਹੀਂ ਹੈ ਤੇ ਚਿੱਤ ਦੀ ਇਕਾਗਰਤਾ ਕਾਇਮ ਹੈ, ਪਿਆਰ ਕਰਦਾ ਹੈ, ਕਦੇ ਮੈਨੂੰ ਉਲਾਂਭਾ ਨਹੀਂ ਦਿੰਦਾ। ਆਹ ਚੀਜ਼ ਵਾਹਿਗੁਰੂ ਨੂੰ ਭਾਅ ਜਾਂਦੀ ਹੈ। ਜੇ ਉਲਾਂਭੇ ਦੇਵੋ ਨਾ ਰੱਬ ਨੂੰ, ਫੇਰ ਸਰੀਕ ਬਣ ਜਾਂਦਾ ਹੈ। ਲਾਂਭੇ ਕਾਹਦੇ ਤੇਰੇ ਬਈ ਪਿਆਰਿਆ, ਤੂੰ ਆਪਣੇ ਕਰਮਾਂ ਦੀ ਖੱਟੀ ਖਾਂਦਾ ਹੈਂ, ਠੀਕ ਹੈ। ਜਦ ਕੁਛ ਨਹੀਂ ਮੰਗਦਾ ਫੇਰ ਦਇਆਲ ਹੋ ਜਾਂਦਾ ਹੈ।

ਮਹਾਰਾਜ ਜੀ ਕਹਿੰਦੇ ਹੁੰਦੇ ਸੀ, ਸਮਰੱਥ ਪੁਰਸ਼ ਸੀ

ਮਹਾਰਾਜ ਜੀ। ਕਹਿੰਦੇ ਜਿਹੜੇ ਸਾਡੇ ਤੋਂ ਮੰਗਦੇ ਨੇ ਨਾ, ਕੋਈ ਪੁੱਤਰ ਮੰਗ ਲੈਂਦਾ ਹੈ, ਕੋਈ ਪੈਸਾ ਮੰਗਦਾ ਹੈ, ਕੋਈ ਨੌਕਰੀ ਮੰਗਦਾ ਹੈ, ਕੋਈ ਪਸ਼ੂ ਮੰਗਦਾ ਹੈ, ਕੋਈ ਕੁਛ ਮੰਗਦਾ ਹੈ, ਕੋਈ ਕੁਛ ਮੰਗਦਾ ਹੈ, ਕਹਿੰਦੇ ਸੰਤਾਂ ਨੂੰ ਕੋਈ ਔਖੀ ਗੱਲ ਨਹੀਂ ਹੁੰਦੀ, ਉਨ੍ਹਾਂ ਦੇ ਖੱਬੇ ਹੱਥ ਦੀ ਖੇਲ੍ਹ ਹੋਇਆ ਕਰਦੀ ਹੈ। ਦੇ ਦਿੰਦੇ ਨੇ ਮੰਗਣ ਵਾਲੇ ਨੂੰ। ਫੇਰ ਚੁੱਪ ਕਰ ਜਾਣਾ। ਫੇਰ ਕਹਿਣ ਕਿ ਕਈ ਐਸੇ ਨੇ ਜਿਹੜੇ ਮੰਗਦੇ ਨਹੀਂ। ਕਹਿੰਦੇ ਉਨ੍ਹਾਂ ਤੋਂ ਸਾਨੂੰ ਡਰ ਲਗਦਾ ਰਹਿੰਦਾ ਹੈ ਕਿ ਪਤਾ ਨਹੀਂ ਇਹ ਕੀ ਮੰਗ ਲੈਣ। ਮੰਗਦੇ ਹੀ ਨਹੀਂ ਹਨ। ਫੇਰ ਤੀਸਰੀ ਗੱਲ ਉਨ੍ਹਾਂ ਨੇ ਕਹਿਣੀ, ਜਿਹੜੇ ਮੰਗਦੇ ਨਹੀਂ ਨਾ, ਉਹ ਪੁੱਤਰ ਹੋਇਆ ਕਰਦੇ ਨੇ, ਉਹ ਪਿਉ ਦੀ ਜਾਇਦਾਦ ਦੇ ਵਾਰਿਸ ਹੋਇਆ ਕਰਦੇ ਨੇ। ਸਾਰੀ ਜਾਇਦਾਦ ਉਨ੍ਹਾਂ ਕੋਲ ਚਲੀ ਜਾਇਆ ਕਰਦੀ ਹੈ। ਸੋ ਪ੍ਰਮੇਸ਼ਰ ਤੋਂ ਜਦ ਮੰਗਦਾ ਨਹੀਂ ਹੈ, ਉਸ ਵੇਲੇ ਪ੍ਰਮੇਸ਼ਰ ਕੋਈ ਪੱਥਰ ਦਿਲ ਤਾਂ ਹੈ ਨਹੀਂ, ਇਹ ਲੱਗ ਗਈ ਗਾਲ੍ਹਾਂ ਕੱਢਣ। ਅਸੀਂ ਭੁੱਖੇ ਮਰ ਗਏ, ਫੇਰ ਇਹ ਦਏਗਾ ਕੁਛ? ਤੂੰ ਜਾਂਦਾ ਕਿਉਂ ਹੈਂ, ਤੇਰੇ ਤੋਂ ਕਹਿ ਨਹੀਂ ਹੁੰਦਾ, ਮੈਨੂੰ ਨਾਲ ਲੈ ਚੱਲ, ਮੈਂ ਕਹਿ ਦੇਵਾਂਗੀ ਜੇ ਤੇਰੇ ਤੋਂ ਕਹਿ ਨਹੀਂ ਹੁੰਦਾ। ਉਹ ਟਾਲ ਕੇ ਚਲਿਆ ਗਿਆ। ਜਾ ਕੇ ਨਾਮ ਜਪਦਾ ਹੈ ਤੇ ਪ੍ਰਮੇਸ਼ਰ ਜਿਹੜਾ ਘਟ-ਘਟ 'ਚ ਵਿਆਪਕ ਹੈ, ਉਹਨੇ ਆਉਣਾ ਜਾਣਾ ਤਾਂ ਕਿਤੋਂ ਨਹੀਂ ਹੈ, ਸਾਧਸੰਗਤ ਜੀ। ਉਸ ਵੇਲੇ -

***ਵਡਾ ਸਾਂਗੁ ਵਰੱਤਦਾ***
***ਓਹੁ ਇਕ ਮਨਿ ਪਰਮੇਸਰੁ ਧਿਆਵੈ॥***

***ਭਾਈ ਗੁਰਦਾਸ ਜੀ ਦੀ ਵਾਰ 10/14***

ਉਧਰ ਪ੍ਰਮੇਸ਼ਰ ਨੇ ਰਾਜੇ ਦਾ ਰੂਪ ਧਾਰ ਲਿਆ। ਰਾਜਾ ਬਣ ਕੇ ਉਹਦੇ ਘਰ ਆਉਂਦਾ ਹੈ -

***ਧਾਰਨਾ - ਹਰਿ ਜੀ ਛੱਡ ਕੇ ਸ਼ਿੰਘਾਸਨ ਆ ਗਏ,***
***ਰਾਜੇ ਵਾਲਾ ਰੂਪ ਧਾਰ ਕੇ।***

ਉਹ ਤਾਂ ਆਰਾਮ ਦੇ ਨਾਲ ਇਕ ਚਿੱਤ ਹੋ ਕੇ ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਹੋਇਆ, ਨਾਮ ਦੀ ਧੁਨ ਦੇ ਵਿਚ ਬੈਠਾ ਹੈ। ਉਹਨੂੰ ਕੋਈ ਪਤਾ ਨਹੀਂ ਕਿ ਮੈਨੂੰ ਕੀ ਕਿਹਾ ਹੈ, ਕਿੰਨੀਆਂ ਗਾਲ੍ਹਾਂ ਕੱਢੀਆਂ ਨੇ। ਅੱਜ ਮੇਰੇ ਨਾਲ ਕਿਵੇਂ ਔਖਾ ਹੋਣਾ ਹੈ, ਜਦੋਂ ਮੈਂ ਘਰ ਜਾਣਾ ਹੈ। ਉਸ ਵੇਲੇ ਪ੍ਰਮੇਸ਼ਰ ਜਿਹੜਾ-

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥ ਚੌਪਈ***

ਉਹਨੇ ਕਿਹਾ ਕਿ ਭਗਤ ਇਹ ਕਹਿੰਦਾ ਹੈ ਕਿ ਰਾਜੇ ਦੇ ਮੈਂ ਜਾਂਦਾ ਹਾਂ ਕਥਾ ਕਰਨ ਵਾਸਤੇ। ਉਸ ਵੇਲੇ ਪੈਜ ਰੱਖਣ ਵਾਸਤੇ -

***ਪੈਜ ਸਵਾਰੈ ਭਗਤ ਦੀ ਰਾਜਾ ਹੋਇਕੈ ਘਰਿ ਚਲਿ ਆਵੈ।***

***ਭਾਈ ਗੁਰਦਾਸ ਜੀ ਦੀ ਵਾਰ 10/14***

ਮੁਕਟ ਲਾ ਲਿਆ, ਚੋਰ ਬਰਦਾਰ ਨਾਲ ਲੈ ਲਏ ਬੇਅੰਤ ਹੀ, ਜਿਵੇਂ ਰਾਜੇ ਦੇ ਨਾਲ ਅੰਗਰੱਖਿਅਕ ਹੁੰਦੇ ਨੇ। ਸਾਰੇ ਹੈਰਾਨ ਹੋ ਗਏ ਨਗਰ ਵਾਲੇ ਕਿ ਕੌਣ ਆ ਗਿਆ ਇਹ। ਸਭ ਦੇਖਦੇ ਨੇ ਕਿ ਐਹੋ ਜਿਹਾ ਤਾਂ ਅੱਜ ਤੱਕ ਦੇਖਿਆ ਹੀ ਨਹੀਂ ਐਨਾ ਸੁੰਦਰ। ਜਿਹੜਾ ਦੇਖਦਾ ਹੈ, ਉਹਦੇ ਮਨ ਨੂੰ ਸ਼ਾਂਤੀ ਆ ਜਾਂਦੀ ਹੈ। ਇਹ ਭੁੱਲ ਗਈ ਕੁਛ ਕਹਿਣ ਤੋਂ, ਕਹਿੰਦੀ ਸੀ ਕਿ ਮੈਂ ਕਹੂੰਗੀ ਕਿ ਮੈਨੂੰ ਮਿਲ ਜਾਵੇ ਤੇਰਾ ਰਾਜਾ। ਕੁਛ ਨਾ ਕਹਿ ਹੋਇਆ। ਉਸ ਵੇਲੇ ਹੁਕਮ ਦਿਤਾ, ਆਹ ਜਿੰਨਾ ਸਮਾਨ ਲਿਆਂਦਾ ਹੈ, ਸਭ ਰੱਖ ਦਿਓ। ਸੋਨੇ ਚਾਂਦੀ ਦੇ ਗਹਿਣੇ, ਸਿੱਕੇ, ਮੋਹਰਾਂ। ਰਾਸ਼ਨ ਬੇਅੰਤ, ਕੱਪੜੇ ਲੀੜੇ ਸਭ ਰੱਖ ਦਿਓ। ਹੈਰਾਨ ਹੋਈ ਜਾਂਦੀ ਹੈ ਕਿ ਕਿੰਨਾ ਚੰਗਾ ਰਾਜਾ ਹੈ ਮੈਂ ਤਾਂ ਐਵੇਂ ਗਾਲ੍ਹਾਂ ਕੱਢਦੀ ਰਹੀ। ਐਵੇਂ ਮਾੜਾ ਕਿਹਾ, ਉਹ ਤਾਂ ਸੱਚਮੁੱਚ ਹੀ ਬਹੁਤ ਵੱਡੇ ਰਾਜੇ ਦੇ ਜਾਂਦਾ ਸੀ, ਐਨਾ ਤਾਂ ਕਥਾ ਦਾ ਕਦੇ ਕਿਸੇ ਨੂੰ ਮਿਲਿਆ ਹੀ ਨਹੀਂ ਹੈ। ਉਸ ਵੇਲੇ ਸਾਰੇ ਜੈ-ਜੈਕਾਰ ਹੁੰਦੀ ਹੈ, ਕਿਉਂਕਿ ਪ੍ਰਮੇਸ਼ਰ ਆਪਣੇ ਪਿਆਰਿਆਂ ਦੀ ਜੈਕਾਰ ਕਰਾਉਂਦਾ ਹੁੰਦਾ ਹੈ -

***ਧਾਰਨਾ - ਹਰਿ ਜੀ ਪਿਆਰਾ ਓ, ਸਾਧੂਆਂ ਦਾ***
***ਭਗਤ ਜਨਾਂ ਦੀ ਜੈਕਾਰੁ ਕਰਾਵੈ॥***

***ਭਾਈ ਗੁਰਦਾਸ ਜੀ ਦੀ ਵਾਰ 10/14***

ਸਮਾਨ ਰਖਾ ਦਿੱਤਾ। ਬਹੁਤ ਪਛਤਾਉਂਦੀ ਹੈ ਕਿ ਮੈਂ ਐਵੇਂ ਉਹਨੂੰ ਗਾਲ੍ਹਾਂ ਕੱਢਦੀ ਰਹੀ। ਪਤਾ ਨਹੀਂ ਸੀ ਮੈਨੂੰ ਕਿ ਮੇਰਾ ਪਤੀ ਜਿਹੜਾ ਹੈ ਉਹ ਐਡੇ ਵੱਡੇ ਮਹਾਰਾਜੇ ਦੇ ਜਾ ਕੇ ਕਥਾ ਕਰਦਾ ਹੈ। ਐਨਾ ਸਮਾਨ, ਸਮਾਨ ਦੇਖ-ਦੇਖ ਕੇ ਖੁਸ਼ ਹੋਈ ਜਾਂਦੀ ਹੈ। ਉਸ ਵੇਲੇ ਪ੍ਰਮੇਸ਼ਰ, ਜਿਥੇ ਵੇਣੀ ਭਗਤ ਬੈਠਾ ਸੀ ਉਥੇ ਜਾ ਕੇ ਪ੍ਰਗਟ ਹੋ ਗਏ। ਕਹਿਣ ਲੱਗੇ, ਵੇਣੀ! ਨੇਤਰ ਖੋਲ੍ਹ, ਸਾਮ੍ਹਣੇ ਕੀ ਦੇਖਦਾ ਹੈ, ਓਹੀ ਭਗਵਾਨ ਜਿਹੜਾ ਵਿਆਪਕ, ਅੰਦਰ ਜਿਸਦਾ ਧਿਆਨ ਧਰਿਆ ਹੋਇਆ ਸੀ, ਸਾਮ੍ਹਣੇ ਖੜ੍ਹੇ ਨੇ। ਉਸ ਵੇਲੇ -

***ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁਚਾਵੈ।***
***ਓਥਹੁੰ ਆਇਆ ਭਗਤ ਪਾਸਿ***
***ਹੋਇ ਦਇਆਲੁ ਹੇਤੁ ਉਪਜਾਵੈ।***

***ਭਾਈ ਗੁਰਦਾਸ ਜੀ ਦੀ ਵਾਰ 10/14***

ਅਣਗਿਣਤ, ਕਹਿੰਦੇ ਗਿਣਤੀ ਤੋਂ ਬਾਹਰ ਲਿਆ ਕੇ ਦੇ ਦਿਤਾ। ਜਿਥੇ ਪ੍ਰਮੇਸ਼ਰ ਆ ਜਾਵੇ, ਉਥੇ ਲੱਛਮੀ ਵਾਸਾ ਕਰਦੀ ਹੈ। ਹੁਕਮ ਕਰ ਦਿਤਾ ਕਿ ਘਰ ਭਰ ਦਿਓ, ਤੋਟ ਆਵੇ ਹੀ ਨਾ ਇਨ੍ਹਾਂ ਦੇ। ਜਿੰਨਾਂ ਖਰਚਣ ਓਨਾਂ ਹੀ ਵਧ ਜਾਵੇ। ਅਣਗਿਣਤ ਖਰਚ ਪਹੁੰਚਾ ਦਿਤਾ।

ਉਥੋਂ ਆ ਗਿਆ ਭਗਤ ਪਾਸ, ਆ ਕੇ ਭਗਤ ਨੂੰ ਗਲ ਦੇ ਨਾਲ ਲਾ ਲਿਆ। ਕਹਿੰਦਾ, ਵੇਣੀ ਮੈਂ ਤੇਰੇ ਤੇ ਅਤੀ ਪ੍ਰਸੰਨ

ਹਾਂ, ਤੂੰ ਹੁਣ ਘਰ ਰਿਹਾ ਕਰ। ਉਥੇ ਸੰਗਤਾਂ ਨੂੰ ਉਪਦੇਸ਼ ਦਿਆ ਕਰ, ਜਿਹੜੇ ਭੁੱਲੇ-ਭਟਕੇ ਜੀਵ ਨੇ, ਮਾਨਸ ਜਨਮ ਜਿਹੜੇ ਬਿਰਥਾ ਗੁਆ ਰਹੇ ਨੇ, ਉਨ੍ਹਾਂ ਨੂੰ ਸੋਝੀ ਦੇਹ, ਉਨ੍ਹਾਂ ਦੇ ਅੰਦਰ ਪ੍ਰਕਾਸ਼ ਕਰ ਤੇ ਮੈਂ ਤੇਰੇ ਸਦਾ ਹੀ ਨਾਲ ਰਹਾਂਗਾ।

***ਭਗਤ ਜਨਾਂ ਜੈਕਾਰੁ ਕਰਾਵੈ॥***

***ਭਾਈ ਗੁਰਦਾਸ ਜੀ ਦੀ ਵਾਰ 10/14***

ਸਾਰੇ ਸੰਸਾਰ ਦੇ ਅੰਦਰ ਭਗਤਾਂ ਦੀ ਸੋਭਾ ਹੋ ਰਹੀ ਹੈ।

***ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥***
***ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥ ਅੰਗ - 135***

ਕਹਿੰਦੇ ਗਿਣੀ ਜਾਂਦੀ ਹੈ ਉਨ੍ਹਾਂ ਦੀ ਸੋਭਾ -

***ਧਾਰਨਾ - ਵਾਹਵਾ ਵਾਹਵਾ ਬਈ ਸੋਭਾ***
***ਉਹਦੀ ਹੋਵੇ ਜਗ ਤੇ,***
***ਜਿਹੜਾ ਬਣ ਗਿਆ ਹਰੀ ਦਾ ਪਿਆਰਾ।***

ਮਹਾਰਾਜ ਕਹਿੰਦੇ ਪਿਰ ਨੂੰ ਪਰਵਾਣ ਹੋ ਗਈਆਂ ਤੇ ਨਾਲ ਬਹਿ ਗਈਆਂ। ਉਹ ਸੋਹੰਦੀਆਂ ਹੋ ਗਈਆਂ। ਬਾਕੀ ਜਿਹੜੇ ਜੀਵ ਨੇ, ਸਾਰੀਆਂ ਦੁਹਾਗਣਾਂ ਤੁਰੀਆਂ ਫਿਰਦੀਆਂ ਨੇ।

***ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥ ਅੰਗ - 135***

ਜਿਹੜੇ ਮਿਲ ਗਏ ਉਹਨੂੰ ਕਹਿੰਦੇ ਗਿਣੀ ਜਾਏਗੀ ਉਨ੍ਹਾਂ ਦੀ ਸ਼ੋਭਾ।

***ਤਨੁ ਮਨੁ ਮਉਲਿਆ ਰਾਮ ਸਿਉ***
***ਸੰਗਿ ਸਾਧ ਸਹੇਲੜੀਆਹ॥ ਅੰਗ - 135***

ਖਿੜ ਗਿਆ ਅੰਦਰਲਾ, ਖੁਸ਼ੀ ਹੀ ਖੁਸ਼ੀ ਆ ਗਈ। ਨੇਤਰਾਂ 'ਚ ਖੁਸ਼ੀ, ਸਰੀਰ 'ਚ ਖੁਸ਼ੀ, ਬੋਲ ਵਿਚ ਖੁਸ਼ੀ, ਹਰ ਪਾਸੇ ਮੌਲ ਗਿਆ ਜਿਵੇਂ ਦਰਖਤ ਫਲਦਾ ਹੈ ਨਾ, ਮੌਲਦਾ ਹੈ। ਅੱਗੇ ਜਾ ਕੇ ਪੱਤੇ ਝੜਨ ਤੋਂ ਬਾਅਦ ਮੌਲਣਗੇ। ਐਉਂ ਉਹਦਾ ਜੀਵਨ ਹੋ ਜਾਂਦਾ ਹੈ।

***ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥***

***ਅੰਗ - 135***

ਜਿਹੜੇ ਨਿਗੁਰੇ ਪੁਰਸ਼ ਫਿਰਦੇ ਨੇ, ਇਕੱਲੇ ਭਟਕਦੇ ਫਿਰਨਗੇ।

***ਤਿਨ ਦੁਖੁ ਨ ਕਬਹੂ ਉਤਰੈ***
***ਸੇ ਜਮ ਕੈ ਵਸਿ ਪੜੀਆਹ॥ ਅੰਗ - 135***

ਇਧਰਲੇ ਪਾਸੇ ਉਹ ਨੇ ਜਿਹੜੇ ਪਰਵਾਨ ਹੋ ਗਏ, ਦੂਜੇ ਪਾਸੇ ਉਹ ਨੇ ਜਿਹੜੇ ਮਨਮੁਖ ਰਹਿ ਗਏ, ਬੇਮੁਖ ਰਹਿ ਗਏ। ਜਿਨ੍ਹਾਂ ਨੇ ਪ੍ਰਭੂ ਦਾ ਨਾਮ ਨਹੀਂ ਜਪਿਆ, ਉਨ੍ਹਾਂ ਦਾ ਦੁਖ ਨਹੀਂ ਉਤਰਨਾ। ਜਮਾਂ ਦੇ ਵਸ ਪੈ ਜਾਣਾ ਹੈ -

***ਜਿਨੀ ਰਾਵਿਆ ਪ੍ਰਭੁ ਆਪਣਾ***
***ਸੇ ਦਿਸਨਿ ਨਿਤ ਖੜੀਆਹ॥ ਅੰਗ - 135***

ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਰਾਵ ਲਿਆ ਉਹ ਪ੍ਰਮੇਸ਼ਰ ਦੇ ਦਰ ਤੇ ਖੜ੍ਹੇ ਨੇ ਹਰ ਵਕਤ।

***ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥***

***ਅੰਗ - 135***

ਸਾਰੇ ਚੰਗੇ ਗੁਣ ਉਨ੍ਹਾਂ ਵਿਚ ਆ ਗਏ। ਧੀਰਜ ਆ ਗਈ, ਦਇਆ ਆ ਗਈ, ਖਿਮਾ ਆ ਗਈ, ਸਤਿ ਆ ਗਿਆ, ਸੰਤੋਖ ਆ ਗਿਆ, ਵਿਚਾਰ ਆ ਗਈ, ਸਾਰੀਆਂ ਚੀਜ਼ਾਂ ਚੰਗੇ ਗੁਣ ਉਹਦੇ ਅੰਦਰ ਆ ਗਏ, ਰਤਨ ਜਵੇਹਰ ਲਾਲ।

***ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥***

***ਅੰਗ - 135***

ਅਰਦਾਸ ਕਰਦੇ ਹਾਂ ਸੱਚੇ ਪਾਤਸ਼ਾਹ ਦੇ ਕੋਲ ਤੇ ਮੈਨੂੰ ਇਹ ਧੂੜੀ ਬਣਾ ਦੇ। ਜਿਥੇ ਸੰਤ ਪੈਰ ਰੱਖਣ, ਉਨ੍ਹਾਂ ਦੀ ਧੂੜੀ ਮੈਂ ਬਣ ਜਾਵਾਂ।

***ਧਾਰਨਾ - ਵਾਹਿਗੁਰੂ ਧੂੜੀ ਮੰਗਾਂ ਸਾਧੂਆਂ ਦੀ,***
***ਜਿਹੜੇ ਦਰਿ ਦੇ ਹੋ ਗਏ।***

ਜਿਹੜੇ ਤੇਰੇ ਦਰ ਆ ਕੇ ਗਿਰ ਗਏ ਨਾ, ਹੇ ਪ੍ਰਭੂ! ਮੈਂ ਉਨ੍ਹਾਂ ਦੀ ਧੂੜੀ ਮੰਗਦਾ ਹਾਂ।

***ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥***

***ਅੰਗ - 135***

ਜਿਨ੍ਹਾਂ ਨੇ ਐਸ ਤਰ੍ਹਾਂ ਵਾਹਿਗੁਰੂ ਦਾ ਨਾਮ ਲੈ ਲਿਆ, ਮੁੜ ਕੇ ਜਨਮ ਮਰਨ ਦਾ ਚੱਕਰ ਜਿਹੜਾ ਸੀ ਖਤਮ ਹੋ ਗਿਆ, ਆਪਣਾ ਹੀ ਨਹੀਂ ਹੋਇਆ, ਬੇਅੰਤ ਸੰਗਤਾਂ ਨੂੰ ਤਾਰ ਦਿਤਾ। ਕੁਲਾਂ ਨੂੰ ਵੀ ਤਾਰ ਦਿਤਾ, ਸੰਗਤਾਂ ਨੂੰ ਵੀ ਤਾਰ ਦਿਤਾ। ਐਸੇ ਜੀਵਨ ਨੂੰ ਪ੍ਰਵਾਨ ਜੀਵਨ ਗਿਣਿਆ ਗਿਆ ਹੈ। ਸੋ ਮਹਾਰਾਜ ਜੀ ਮੰਘਰਿ ਦੇ ਮਹੀਨੇ 'ਚ ਸਾਨੂੰ ਜੋ ਉਪਦੇਸ਼ ਦਿੰਦੇ ਨੇ ਧਿਆਨ ਦੇ ਨਾਲ ਇਕ ਮਹੀਨਾ ਯਾਦ ਰੱਖਣ ਦੀ ਕੋਸ਼ਿਸ਼ ਕਰੋ ਤੇ ਫੇਰ ਬਰਕਤਾਂ ਹੀ ਬਰਕਤਾਂ ਨੇ। ਕਿਉਂਕਿ ਉਹਦੇ ਦਰ ਕੋਈ ਘਾਟਾ ਨਹੀਂ। ਦੁਖ ਲਗਦੇ ਹੀ ਤਾਂ ਨੇ ਪ੍ਰਮੇਸ਼ਰ ਨੂੰ ਭੁੱਲ ਕੇ। ਲਗ ਜਾਓ ਨਾਮ ਜਪਣ, ਸੇਵਾ ਕਰੋ, ਨਾਮ ਜਪੋ। ਪਿਆਰਿਓ! ਭਜਨ ਕਰ ਲਓ, ਵੇਲਾ ਬਾਰ-ਬਾਰ ਹੱਥ ਨਹੀਂ ਆਉਣਾ।

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥***

***ਅੰਗ - 1428***

☬☬☬☬☬

# ਸ੍ਰੀ ਮਾਨ ਸੱਚਖੰਡਵਾਸੀ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
# ਵੱਲੋਂ ਆਪਣੇ ਰੂਹਾਨੀ-ਸਫਰ ਪ੍ਰਤੀ ਪ੍ਰਵਚਨ

*ਲੇਖਕ - ਸੰਤ ਬਾਬਾ ਵਰਿਆਮ ਸਿੰਘ ਜੀ*
*ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ*

ਮੈਨੂੰ ਬੋਲਣ ਲਈ ਕਿਹਾ ਗਿਆ ਹੈ, ਮੈਨੂੰ ਤਾਂ ਇਹ ਪਤਾ ਹੀ ਨਹੀਂ ਲਗਦਾ ਕਿ ਮੈਂ ਕੀ ਕਹਾਂ। ਤੁਸੀਂ ਸਾਰੇ ਇਕੱਠੇ ਹੋ ਕੇ ਸਾਰੇ ਅਥਾਹ ਪਿਆਰ ਦੇ ਰਹੇ ਓਂ। ਉਮਰ ਆਪਣੇ ਹਿਸਾਬ ਨਾਲ ਚਲਦੀ ਜਾਂਦੀ ਹੈ, ਸਮਾਂ ਰੋਕਿਆ ਹੋਇਆ ਰੁਕਦਾ ਨਹੀਂ ਹੈ -

*ਇਹ ਠਹਿਰਨ ਜਾਚ ਨਾ ਜਾਣਦਾ*
*ਲੰਘ ਗਿਆ ਨ ਮੁੜ ਕੇ ਆਂਵਦਾ।*

ਡਾ. ਭਾਈ ਵੀਰ ਸਿੰਘ ਜੀ

ਪਰ ਇਹਦੇ ਵਿਚ ਕੁਛ ਤਜਰਬੇ ਹੁੰਦੇ ਨੇ, ਕੁਛ ਗੱਲਾਂ ਹੁੰਦੀਆਂ ਨੇ, ਜਿਹੜੀਆਂ ਸੰਸਾਰ ਨੂੰ ਰਸਤਾ ਦਿਖਾਉਂਦੀਆਂ ਨੇ, ਆਪਣੇ ਵਾਸਤੇ ਵੀ ਬਹੁਤ ਕੁਛ ਹੁੰਦਾ ਹੈ। ਸਰੀਰ ਤਾਂ ਹਮੇਸ਼ਾ ਹੀ ਨਾਸ਼ਵੰਤ ਹੁੰਦੇ ਨੇ। ਇਹ ਰਿਹਾ ਨਹੀਂ ਕਰਦੇ।

*ਬੁੱਢਾ ਹੋਆ ਸੇਖ ਫਰੀਦ*
*ਕੰਬਣ ਲੱਗੀ ਦੇਹ।*
*ਜੇ ਸੌ ਵਰ੍ਹਿਆਂ ਜੀਵਣਾ*
*ਭੀ ਤਨ ਹੋਸੀ ਖੇਹ।*

ਅਸਲੀ ਨਿਸ਼ਾਨਾ ਤਾਂ ਇਹੀ ਹੈ ਕਿ ਸੰਸਾਰ ਤੋਂ ਇਕ ਦਿਨ ਜਾਣਾ ਹੀ ਜਾਣਾ ਹੈ ਪਰ ਇਹ ਬੜਾ ਪਿਆਰਾ ਲਗਦੈ। ਆਪ ਕਿੰਨੇ ਪਿਆਰ ਵਿਚ ਆਏ ਓਂ, ਬਾਹਰੋਂ ਟੈਲੀਫੋਨ ਆਏ ਕਿ ਜੀ, ਅਖੰਡਪਾਠ ਹੋਇਐ, ਅੱਜ ਕੀਰਤਨ ਕਰਵਾ ਰਹੇ ਹਾਂ ਅਸੀਂ, ਅੱਜ 17 ਜੂਨ ਹੈ, ਮੈਂ ਕਿਹਾ ਤੁਹਾਨੂੰ ਵੀ ਪਤਾ ਲਗ ਗਿਆ 17 ਜੂਨ ਦਾ। ਕਹਿੰਦੇ, ਹਾਂ ਜੀ। ਮੈਨੂੰ ਨਹੀਂ ਸੀ ਪਤਾ 17 ਜੂਨ ਦਾ, ਮੈਂ ਤਾਂ 20 ਕਹਿੰਦਾ ਹੁੰਦਾ ਸੀ, ਮੇਰੇ ਪਾਸਪੋਰਟ ਤੇ ਵੀ 20 ਤਰੀਕ ਹੀ ਲਿਖੀ ਹੋਈ ਹੈ। ਪਰ ਇਹ ਬੀਬੀ ਦੇਵਿੰਦਰ ਨੇ ਕਿਸੇ ਪੁਰਾਣੇ ਕਾਗਜ਼ ਤੋਂ ਟੋਲ੍ਹ ਲਿਆ। ਤੁਸੀਂ ਸਾਰਿਆਂ ਨੇ ਮੈਨੂੰ ਬਹੁਤ ਪਿਆਰ ਕਰਿਆ, ਐਨਾ ਜ਼ਿਆਦਾ ਕਰਿਐ ਕਿ ਮੈਂ ਤੁਲਨਾ ਕਰਦਾਂ, ਇਥੇ ਜੋ ਮੇਰੇ ਨਾਲ ਪਿਆਰ ਹੈ ਤੁਹਾਡਾ ਉਸ ਵਿਚ ਕੋਈ ਗਰਜ਼ ਨਹੀਂ ਕੋਈ, ਮੈਂ ਕੋਈ ਜਾਇਦਾਦ ਨਹੀਂ ਦੇਣੀ ਤੁਹਾਨੂੰ, ਇਹ ਪ੍ਰਮੇਸ਼ਰ ਵਲੋਂ ਕੁਦਰਤੀ ਪਿਆਰ ਹੈ। ਬੱਚੇ ਵੀ ਕਰਦੇ ਨੇ ਛੋਟੇ-ਛੋਟੇ, ਬੀਬੀਆਂ ਕਰਦੀਆਂ ਨੇ, ਭਾਈ ਕਰਦੇ ਨੇ। ਇਸ ਤਰ੍ਹਾਂ ਜਦ ਮੈਂ ਦੇਖਦਾਂ ਕਿ ਬਹੁਤ ਪਿਆਰ ਹੈ ਇਨ੍ਹਾਂ ਦੇ ਮਨਾਂ ਵਿਚ, ਜਿਥੇ ਮੈਂ ਜਾਣੈ ਕੀ ਉਥੇ ਵੀ ਐਨਾ ਹੀ ਪਿਆਰ ਹੋਏਗਾ? ਉਥੇ ਤਾਂ ਮੈਂ ਜਾਣਦਾ ਨਹੀਂ ਹਾਂ ਕਿਸੇ ਨੂੰ। ਉਥੇ ਤਾਂ ਇਕ ਤੋਂ ਇਕ ਚੜ੍ਹਦੈ -

*ਇਕ ਦੂ ਇਕਿ ਚੜਦੀਆ*
*ਕਉਣੁ ਜਾਣੈ ਮੇਰਾ ਨਾਉ ਜੀਉ॥*
*ਅੰਗ - 762*

ਪਰ ਫੇਰ ਵੀ ਮੇਰੇ ਮਨ ਵਿਚ ਬੜੀ ਜ਼ਬਰਦਸਤ ਆਸ ਹੈ ਕਿ ਦੁਨੀਆਂ ਵਿਚ ਇਕ ਪਿਆਰ ਮੈਂ ਦੇਖਿਐ, ਜਿਸਨੂੰ ਪਿਆਰ ਆਖਿਆ ਜਾਂਦੈ, ਪਿਆਰ ਮੇਰਾ ਓਨਾ ਨਹੀਂ ਨਿਭਿਆ, ਜਿੰਨਾਂ ਮੈਨੂੰ ਨਿਭਾਣਾ ਚਾਹੀਦੈ। ਕਿਉਂਕਿ ਮੈਂ ਲੈਣਾ ਨਹੀਂ ਸੀ। ਸੰਤ ਮਹਾਰਾਜ ਜੀ ਨੂੰ ਮੈਂ ਇਸ ਤਰ੍ਹਾਂ ਨਹੀਂ ਸੀ ਮਿਲਿਆ -

*ਏਕੁ ਜੁ ਸਾਧੂ ਮੋਹਿ ਮਿਲਿਓ*
*ਤਿਨਿ ਲੀਆ ਅੰਚਲਿ ਲਾਇ॥*
*ਅੰਗ - 1368*

ਮੈਂ ਖਿੱਚ ਖਾ ਗਿਆ ਓਨ੍ਹਾਂ ਨੂੰ ਦੇਖ, ਵੈਸੇ ਓਥੇ ਮੈਂ ਜਾਂਦਾ ਨਹੀਂ ਸੀ, ਕਿਉਂਕਿ ਮੈਂ ਬਹੁਤ ਸਾਰੇ ਸੰਤਾਂ ਕੋਲ ਬਚਪਨ ਤੋਂ ਹੀ ਘੁੰਮਦਾ ਸੀ। ਮੈਨੂੰ ਤਿੰਨ ਚਾਰ ਸਾਲ ਦੇ ਨੂੰ ਪਤਾ ਸੀ ਕਿ ਸੰਤ ਕੀ ਹੁੰਦੇ ਨੇ, ਉਨ੍ਹਾਂ ਦੇ ਪ੍ਰਭਾਵ ਮੇਰੇ ਮਨ ਦੇ ਵਿਚ ਹੁੰਦੇ। ਕੁਦਰਤੀ ਪ੍ਰਮੇਸ਼ਰ ਨੇ ਜਿਹੜੀ ਮੇਰੀ ਯਾਦਾਸ਼ਤ ਸੀ ਉਹ ਮੇਟੀ ਨਾ ਪਿਛਲੇ ਜਨਮ ਦੀ। ਉਹ ਉਵੇਂ ਜਿਵੇਂ ਖੜ੍ਹੀ ਰਹੀ, ਪਹਿਲਾਂ ਤਾਂ ਉਹ ਸਾਫ ਨਾ ਹੋਈ, ਪਹਿਲਾਂ ਤਾਂ ਉਹਦੀ ਭ੍ਰਾਂਤੀ ਰਹਿੰਦੀ ਸੀ, ਉਹ ਐਸ ਤਰ੍ਹਾਂ ਕਿ ਮੈਨੂੰ ਸਾਧੂ ਦਿਸੀ ਜਾਣੇ ਭਗਵੇਂ ਕਪੜਿਆਂ ਵਾਲੇ ਛੋਟੇ ਹੁੰਦੇ ਨੂੰ। ਮੈਂ ਆਪਣੀ ਮਾਤਾ ਨੂੰ ਕਹਿਣਾ ਕਿ ਮੈਨੂੰ ਸਾਧੂ ਦਿਸਦੇ ਨੇ, ਕਹਿੰਦੀ ਜਿਹੜਾ ਤੇਰਾ ਵੱਡਾ ਭਰਾ ਚੜ੍ਹਾਈ ਕਰਿਐ ਉਹਨੂੰ ਵੀ ਦਿਸਦੇ ਹੁੰਦੇ ਸੀ, ਕਹਿੰਦੀ ਤੁਹਾਨੂੰ ਸਾਧੂ ਹੀ ਦਿਸਦੇ ਨੇ। ਮੈਂ ਕਿਹਾ ਮੈਨੂੰ ਕਹਿੰਦੇ ਕੁਛ ਨਹੀਂ, ਆਉਂਦੇ ਨੇ ਮੇਰੇ ਕੋਲ ਆ ਕੇ ਚਲੇ ਜਾਂਦੇ ਨੇ। ਸੰਯੋਗ ਹੁੰਦੇ ਨੇ ਆਪਣੇ ਪਿਛਲੇ ਜਨਮਾਂ ਦੇ, ਏਸ ਜਨਮ ਦੇ ਅੰਦਰ ਜੇ ਮੈਂ ਇਹ ਗੱਲ ਕਹਿ ਦੇਵਾਂ, ਗਲਤ ਨਹੀਂ ਬਿਲਕੁਲ ਸਚਾਈ ਦੇ ਨਾਲ ਮੈਂ ਕਹਿਨਾਂ ਕਿ ਮੈਨੂੰ ਅਕਲ ਨਹੀਂ ਹੈਗੀ, ਸੰਸਾਰ ਦੀ ਅਕਲ ਨਹੀਂ ਮੈਨੂੰ ਬਿਲਕੁਲ ਹੀ, ਉਹ ਹੋਰ ਅਕਲ ਹੈਗੀ, ਇਹ ਅਕਲ ਨਹੀਂ ਕਿ ਸੰਸਾਰ ਵਿਚ ਕਿਵੇਂ ਵਰਤਣੈ, ਪਰਿਵਾਰ ਵਿਚ ਕਿਵੇਂ ਵਰਤਣੈ, ਰਿਸ਼ਤੇਦਾਰਾਂ 'ਚ ਕਿਵੇਂ ਵਰਤਣੈ, ਇਹ ਅਕਲ ਮੈਨੂੰ ਆਈਓ ਨਹੀਂ ਬਚਪਨ ਤੋਂ ਲੈ ਕੇ। ਇਹ ਮੈਂ ਹੁਣ ਸੋਚਦਾਂ, ਪਹਿਲਾਂ ਤਾਂ ਮੈਂ ਸੋਚਦਾ ਨਹੀਂ ਸੀ ਕਿ ਕਿਸੇ ਦੇ ਮਨ ਵਿਚ ਨਹੀਂ ਹੈ ਕਿ ਸੰਸਾਰ ਦਾ ਉਧਾਰ ਹੋ ਜਾਵੇ। ਸੰਸਾਰ ਦਾ ਉਧਾਰ ਹੋ ਜਾਵੇ, ਗੁਰੂ ਵਲ ਲੱਗ ਜਾਣ, ਮੈਨੂੰ ਕਿਉਂ ਫਿਕਰ ਪਿਐ ਹੋਇਐ ਸਾਰੇ ਸੰਸਾਰ ਦਾ ਫੇਰ ਮੈਨੂੰ ਆਪੇ ਹੀ ਜਵਾਬ ਆ ਜਾਂਦੈ ਕਿ ਤੂੰ ਸਮਝਦਾਰ ਨਹੀਂ ਹੈਂ, ਤੈਨੂੰ ਜੀਉਣਾ ਨਹੀਂ ਆਇਆ ਜ਼ਿੰਦਗੀ ਦੇ ਅੰਦਰ। ਕਿਉਂਕਿ ਮੇਰੀ ਸਾਰੀ ਜ਼ਿੰਦਗੀ ਏਵੇਂ ਜਿਵੇਂ ਲੰਘੀ ਐ, ਮੈਨੂੰ ਜਿਹੜਾ ਕਾਰਜ ਮਿਲਿਐ ਇਹ ਬੜੀ ਔਖੀ ਅਦਾਇਗੀ ਸੀਗੀ, ਸੁਖਾਲਾ ਨਹੀਂ ਸੀ। ਪਿਛਲੇ ਜਨਮ ਦਾ ਮੈਨੂੰ ਪਤਾ ਸੀ, ਬੜਾ ਸੋਹਣਾ ਜਨਮ ਲੰਘਿਆ, ਇਕਾਂਤ ਵਿਚ, ਆਹ ਤੁਹਾਡੇ ਕੋਲ ਹੀ ਹੈ ਬਰੋਟੀਆਲਾ। ਇਥੇ ਮੈਂ ਇਕੱਲਾ ਨਹੀਂ ਸੀ ਤੁਹਾਡੇ ਬੀਜੀ ਵੀ ਉਥੇ ਹੀ ਸੀਗੇ।

ਉਥੇ ਵੱਡੇ ਬਜ਼ੁਰਗ ਦਸਦੇ ਨੇ ਕਿ ਇਥੇ ਇਕ ਸੰਤ ਰਹਿੰਦਾ ਸੀ, ਜਦੋਂ ਉਨ੍ਹਾਂ ਨੂੰ ਮੈਂ ਨਿਸ਼ਾਨੀਆਂ ਦੱਸੀਆਂ ਕਿ ਬੋਹੜ ਹੈ, ਕੋਲ ਖੂਹ ਹੁੰਦਾ, ਰਸਤਾ ਪਹਾੜੀ ਤੇ ਨੂੰ ਚੜ੍ਹਦਾ ਸੀ, ਕਹਿੰਦੇ ਹਾਂ ਜੀ ਉਥੇ ਇਕ ਮਹਾਤਮਾ ਦਾ ਧੂਣਾ ਹੁੰਦਾ, ਉਥੇ ਸੰਤ ਬਹੁਤ ਆਉਂਦੇ ਸੀ ਤੇ ਜਲ ਪਾਣੀ ਦੀ ਸੇਵਾ ਇਕ ਬੀਬੀ ਕਰਦੀ ਹੁੰਦੀ ਸੀ। ਉਹਨੇ ਵਿਆਹ ਨਹੀਂ ਸੀ ਕਰਾਇਆ ਸਾਰੀ ਜ਼ਿੰਦਗੀ। ਸਾਡੇ ਪਿੰਡ ਵਿਚ ਹੁਣ ਵੀ ਉਹਦੀ ਮਾਨਤਾ ਹੈ, ਮੰਨਦੇ ਹਾਂ ਅਸੀਂ ਉਸ ਬੀਬੀ ਨੂੰ। ਸੋ ਉਹ ਜਨਮ ਸੀ ਜਿਹੜਾ ਉਹ ਏਸੇ ਤਰ੍ਹਾਂ ਲੰਘਿਆ, ਨਾ ਕਿਸੇ ਨੂੰ ਦੇਣਾ, ਨਾ ਲੈਣਾ, ਨਾ ਕੋਈ ਡੇਰਾ ਬਣਾਉਣਾ, ਨਾ ਕੋਈ ਲੰਗਰ ਚਲਾਉਣਾ, ਆ ਗਏ ਪ੍ਰਸ਼ਾਦੇ ਛਕ ਲੈਣੇ, ਨਹੀਂ ਉਹ ਬੋਹੜ ਸੀਗਾ ਹੁਣ ਵੀ ਸ਼ਾਇਦ ਖੜ੍ਹੈ ਕਹਿੰਦੇ, ਉਹਦੇ ਥੱਲੇ ਬੈਠੇ ਰਹੀਦਾ ਸੀ। ਇਕ ਕਪੀਨ ਪਾਈ ਹੁੰਦੀ, ਸਿਰ ਦੇ ਉਤੇ ਜਟਾਵਾਂ ਹੁੰਦੀਆਂ, ਧੂਣਾਂ ਬਲਦਾ ਰਹਿੰਦਾ ਸੀ ਸਾਮ੍ਹਣੇ। ਉਹ ਮੈਨੂੰ ਦਿਸਦਾ ਰਹਿੰਦਾ ਸੀ, ਮਹਾਰਾਜ ਜੀ ਨੇ ਦੇਖ ਲਿਆ। ਜਿਸ ਵਕਤ ਮੈਂ ਮਹਾਰਾਜ ਜੀ ਨੂੰ ਪਹਿਲੀ ਵਾਰ ਮਿਲਿਆ, ਪਹਿਲਾਂ ਤਾਂ ਮਿਲਦਾ ਹੀ ਨਹੀਂ ਸੀਗਾ। ਉਸ ਤਰ੍ਹਾਂ ਮੇਰਾ ਪਿਆਰ ਸੀ ਬਚਪਨ ਤੋਂ ਹੀ ਉਨ੍ਹਾਂ ਨਾਲ। ਸਾਡੇ ਬਹੁਤ ਸਾਰੇ ਸੰਤ ਆਉਂਦੇ ਸੀ, ਉਨ੍ਹਾਂ ਦੇ ਸੰਸਕਾਰ ਸਾਡੇ ਉਤੇ ਪੈਂਦੇ ਸੀ ਕਿਉਂਕਿ ਖਿਆਲ ਚਲਦੇ ਨੇ ਦੁਨੀਆਂ 'ਚ। ਅਜੇ ਮਹਾਰਾਜ ਜੀ ਦੀ ਸਰੀਰਕ ਤੌਰ ਤੇ ਛੋਟੀ ਉਮਰ ਸੀ, ਅਜੇ ਜਿਹੜਾ ਸੀਨੀਅਰ ਸੰਤ ਸਨ ਉਹ ਮੰਨਣ ਵਾਸਤੇ ਤਿਆਰ ਨਹੀਂ ਸੀ ਕਿ ਇਹ ਕੋਈ ਬਹੁਤ ਵੱਡੀ ਰੂਹ ਹੈ। ਟਾਂਵੇਂ ਟਾਂਵਿਆਂ ਨੇ ਮੰਨਿਆ, ਪਰ ਉਹ ਵੀ ਤਪ ਵਾਲੇ ਸੀਗੇ, ਬੜੀ ਭਾਰੀ ਤਪੱਸਿਆ ਕੀਤੀ ਆਪ ਨੇ। ਜਿਸ ਵਕਤ ਮੈਂ ਉਨ੍ਹਾਂ ਨੂੰ ਮਿਲਿਆ, ਉਸ ਵੇਲੇ ਮੈਂ ਫੇਰ ਜੇ-ਜਿੱਕ ਕਰ ਦਿਤੀ ਕਿ ਮੈਂ ਦੂਰੋਂ ਦਰਸ਼ਨ ਕਰ ਲਏ, ਨੇੜੇ ਹੋ ਕੇ ਕੀ ਕਰਨੇ ਨੇ। ਛੋਟੀ ਉਮਰ ਸੀ, ਸਕੂਲ ਤੋਂ ਪੜ੍ਹ ਕੇ ਹਟਿਆ ਸੀ, ਮਾਤਾ ਜੀ ਨੂੰ ਸਾਡੀ ਨੂੰ ਖਿਆਲ ਸੀ ਕਿ ਇਹ ਭਟਕਦਾ ਫਿਰਦੈ, ਬੇਅੰਤ ਸੰਤਾਂ ਦੇ ਪਿਛੇ, ਸੁਣਦੈ ਤੁਰ ਜਾਂਦੈ ਘਰੋਂ ਚੁੱਪ ਕਰਕੇ। ਘਰਵਾਲੇ ਮੈਨੂੰ ਰੋਕਦੇ ਨਹੀਂ ਸੀਗੇ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਨਾ ਕੋਈ ਮਾੜਾ ਕੰਮ ਕਰਦੈ, ਕਿਸੇ ਸੰਤਾਂ ਦੇ ਪਿਛੇ ਤੁਰਿਆ ਫਿਰਦਾ ਕੀਰਤਨ ਸੁਣਦਾ ਹੋਣੈ, ਕਿਤੇ ਬੈਠਾ ਹੋਣਾ ਅੱਖਾਂ ਮੀਟੀ, ਸੋ ਏਸ ਕਰਕੇ ਉਹ ਬੇਫਿਕਰ ਸੀਗੇ। ਮੇਰੇ ਪਿਤਾ ਜੀ ਇਕ ਗੱਲ ਕਹਿੰਦੇ ਹੁੰਦੇ ਕਿ ਜੇ ਤੂੰ ਮੇਰਾ ਪੁੱਤਰ ਨਾ ਹੁੰਦਾ, ਮੈਂ ਰੋਜ਼ ਤੜਕੇ ਉਠ ਕੇ ਤੈਨੂੰ ਮੱਥਾ ਟੇਕਿਆ ਕਰਦਾ, ਮੈਂ ਨਹੀਂ ਸੀ ਗੌਲਦਾ, ਮੈਂ ਕਿਹਾ ਐਵੇਂ ਈ ਇਹ ਤਾਂ ਗੱਲਬਾਤ ਐ। ਸੋ ਮਾਤਾ ਜੀ ਸਾਡੇ ਏਸ ਗੱਲ ਦੇ ਵਿਚ ਸੀ ਕਿ ਇਹਨੂੰ ਕੋਈ ਪੂਰਾ ਸੰਤ ਮਿਲ ਜਾਵੇ ਤਾਂ ਚੰਗਾ ਹੈ। ਅਜੇ ਤੱਕ ਇਹ ਤੁਰਿਆ ਰਹਿੰਦੈ ਸੰਤਾਂ ਦੇ, ਉਹਦੇ ਕੋਲ ਚਲਾ ਗਿਆ, ਉਹ ਸੰਤਾਂ ਦੇ ਬਚਨ ਸੁਣ ਲਏ, ਉਨ੍ਹਾਂ ਦਾ ਕੀਰਤਨ ਸੁਣ ਲਿਆ, ਸਾਰੀ-ਸਾਰੀ ਰਾਤ ਸੁਣੀ ਜਾਂਦੈ। ਉਹ ਮੈਨੂੰ ਰਾੜਾ ਸਾਹਿਬ ਲੈ ਗਏ ਮਾਘ ਦੇ ਮਹੀਨੇ 'ਚ, ਜਦ ਢੱਕੀ ਤੋਂ ਆ ਗਏ ਸੀ ਸੰਤ ਮਹਾਰਾਜ। ਪਹਿਲਾਂ ਵੀ ਅਸੀਂ ਜਾਂਦੇ ਸੀ ਕੀਰਤਨ ਸੁਣਦੇ ਸੀ ਉਨ੍ਹਾਂ ਦਾ ਢੱਕੀ ਵਿਚ। ਲੇਕਿਨ ਨੇੜੇ ਹੋਣ ਦਾ ਨਹੀਂ ਸੀ ਸੁਭਾਗ ਪ੍ਰਾਪਤ ਹੋਇਆ, ਦੂਰੋਂ ਹੀ ਕੀਰਤਨ ਸੁਣਨਾ, ਕੁਛ ਮਹਾਰਾਜ ਵੀ ਘੱਟ ਮਿਲਦੇ ਸੀ, ਜ਼ਿਆਦਾ ਨਹੀਂ ਸੀ ਮਿਲਦੇ ਥੋੜ੍ਹਾ ਹੀ ਮਿਲਦੇ ਸੀ।

ਸੋ ਜਿਸ ਵਕਤ ਮਾਤਾ ਜੀ ਅੰਦਰ ਚਲੇ ਗਏ, ਮੈਂ ਬਾਹਰ ਹੀ ਖੜ੍ਹ ਗਿਆ, ਉਹ ਫੇਰ ਆਈ, ਕਹਿਣ ਲੱਗੀ ਸੰਤਾਂ ਦੇ ਦਰਸ਼ਨ ਕਰ ਲੈ, ਅੰਦਰ ਆ ਜਾ। ਮੈਂ ਕਿਹਾ ਮੈਂ ਤਾਂ ਇਥੋਂ ਜਦ ਬਾਹਰੋਂ ਜਾ ਰਹੇ ਸੀ ਮੈਂ ਦਰਸ਼ਨ ਤਾਂ ਕਰ ਲਏ। ਉਹ ਫੇਰ ਉਠ ਕੇ ਆ ਗਈ, ਕਹਿਣ ਲੱਗੀ, ਤੂੰ ਸਾਮ੍ਹਣੇ ਚੱਲ ਉਨ੍ਹਾਂ ਦੇ। ਮੈਂ ਫੇਰ ਨਾ ਗਿਆ। ਤੀਸਰੀ ਵਾਰੀ ਉਹਨੇ ਮੇਰੀ ਬਾਂਹ ਫੜ ਲਈ, ਤੱਕੜੀ ਸੀ ਬਹੁਤ ਜ਼ਿਆਦਾ, ਮੁਰੱਬਿਆਂ ਵਾਲਿਆਂ ਦੀ ਧੀ ਸੀ, ਛੇ ਬੋਰੀਆਂ ਤੱਕ ਉਹ ਬੋਰੀ ਚੁੱਕ ਕੇ ਉਹ ਲਾ ਦਿੰਦੀ ਸੀ। ਸਾਰੇ ਹੈਰਾਨ ਸੀ ਕਿ ਕੁਇੰਟਲ ਦੀ ਬੋਰੀ, ਛੇਵੀਂ ਬੋਰੀ ਤੇ ਵੀ ਲਾ ਦਿੰਦੀ ਹੈ। ਮੇਰੀ ਤਾਕਤ ਨਹੀਂ ਸੀ ਉਹਦੇ ਸਾਮ੍ਹਣੇ। ਉਹਨੇ ਝਟਕਾ ਮਾਰਿਆ, ਮੈਂ ਉਥੇ ਇਕ ਖੱਡਾ ਸੀ ਕੰਧ ਦੇ ਵਿਚ, ਮੇਰਾ ਹੱਥ ਪੈ ਗਿਆ ਉਹਦੇ ਵਿਚ, ਉਹਨੇ ਝਟਕਾ ਮਾਰਿਆ ਉਸ ਤੋਂ ਖਿੱਚ ਨਾ ਹੋਇਆ ਦੂਜੀ ਵਾਰੀ ਝਟਕਾ ਮਾਰਿਆ ਨਾਲੇ ਕਹਿੰਦੀ ਇਹਦੇ 'ਚ ਕਿੰਨਾ ਜ਼ੋਰ ਐ, ਮੇਰਾ ਹੱਥ ਛੁਡਾ ਦਿਤਾ। ਕਹਿੰਦੀ ਸਿੱਧਾ ਹੋ ਕੇ ਚੱਲ, ਸੰਤਾਂ ਦੇ ਕੋਲ ਦਰਸ਼ਨ ਕਰ। ਐਨਾ ਹੀ ਕਹਿਣ 'ਚ ਮੇਰੀ ਭਾਵਨਾ ਬਣ ਗਈ, ਬਾਹਰੋਂ ਅੰਦਰ ਜਾਣ ਤੱਕ। ਗੱਲ ਮੇਰੇ ਮਨ 'ਚ ਕੋਈ ਨਹੀਂ ਸੀ ਪਰ ਮੈਂ ਵੈਸੇ ਹੀ ਨਹੀਂ ਸੀ ਮਿਲਦਾ। ਮੈਨੂੰ ਸਾਧੂ ਬਹੁਤ ਮਿਲ ਚੁੱਕੇ ਸੀ, ਵੱਡੇ-ਵੱਡੇ ਮਿਲ ਚੁੱਕੇ ਸੀ, ਭਾਈ ਰਣਧੀਰ ਸਿੰਘ ਜੀ ਵਰਗੇ। ਉਨ੍ਹਾਂ ਤੋਂ ਕਈ ਪਿਆਰ ਵੀ ਲੈ ਚੁੱਕਿਆ ਸੀ। ਉਨ੍ਹਾਂ ਦੇ ਨਾਲ ਦੋ ਢਾਈ ਘੰਟੇ ਕੀਰਤਨ ਵੀ ਕਰਿਆ ਜਦ ਮੈਂ ਦਸਵੀਂ 'ਚ ਪੜ੍ਹਦਾ ਸੀ। ਇਸ ਤਰ੍ਹਾਂ ਦੇ ਮਹਾਤਮਾ ਆਉਂਦੇ ਰਹਿੰਦੇ ਸੀ। ਗੁਰਸਿੱਖ ਵੀ ਜਿਹੜੇ ਉਸ ਵੇਲੇ ਦੀ ਸੀ ਉਹ ਵੀ ਪੂਰੇ ਮਹਾਤਮਾ ਸੀਗੇ। ਉਨ੍ਹਾਂ ਦਾ ਭੇਖ ਨਹੀਂ ਸੀ ਲੇਕਿਨ ਸੀਗੇ ਸਾਧੂ। ਮੇਰਾ ਕਈ ਵਾਰੀ ਜੀਅ ਕਰਦਾ ਸੀ ਕਿ ਮੈਂ ਉਹ ਗੱਲਾਂ ਲਿਖਾਂ, ਉਹ ਸਮੇਂ ਲੰਘ ਗਏ ਜਿਸ ਵੇਲੇ ਆਮ ਸਿੱਖ ਵੀ ਜਿਹੜਾ ਹੁੰਦਾ ਉਹ ਸਾਧੂ ਹੀ ਹੁੰਦਾ ਸੀ। ਸੋ ਮਹਾਰਾਜ ਜੀ ਕੋਲ ਮੈਨੂੰ ਕੋਈ ਲੋੜ ਨਹੀਂ, ਕੋਈ ਪੁੱਛਣ ਵਾਲੀ ਗੱਲ ਮੇਰੇ ਕੋਲ ਨਹੀਂ ਸੀ।

ਜਦੋਂ ਮਹਾਰਾਜ ਜੀ ਦੇ ਕੋਲ ਗਿਆ ਉਨ੍ਹਾਂ ਨੇ ਇਕ ਸਕਿੰਟ ਵਿਚ ਦੇਖ ਲਈ ਗੱਲਬਾਤ ਸਾਰੀ। ਕਹਿਣ ਲੱਗੇ, "ਤੂੰ ਕੌਣ ਹੈਂ?" ਆਹ ਗੱਲ ਸੁਣ ਕੇ ਮੈਂ ਚੁੱਪ ਕਰ ਗਿਆ, ਇਕ ਮਿੰਟ ਖੜ੍ਹਾ ਰਿਹਾ, ਸੰਗਤ ਬੋਲੀ ਜਾਵੇ। ਕਹਿਣ ਕਿ ਕਾਕਾ ਤੈਨੂੰ ਪੁਛਿਐ ਕਿ ਤੂੰ ਕੌਣ ਹੈਂ? ਮਹਾਰਾਜ ਕਹਿੰਦੇ, "ਤੂੰ ਦੱਸਿਆ ਨਹੀਂ?" ਮੈਂ ਕਿਹਾ, "ਦੱਸਦਾਂ ਜੀ।" ਇਕ ਮਿੰਟ ਫੇਰ ਲੰਘ ਗਿਆ। ਕਾਫੀ ਸਮਾਂ ਹੁੰਦੈ ਜੇ ਇਕ ਮਿੰਟ ਕੋਈ ਖੜ੍ਹਾ ਰਹੇ। ਉਸ ਤੋਂ ਬਾਅਦ ਤੀਸਰਾ ਮਿੰਟ ਆ ਗਿਆ। ਜਦ ਮਹਾਰਾਜ ਜੀ ਕਿਹਾ ਕਿ ਦੱਸਿਆ ਨਹੀਂ, ਸੰਗਤ ਹੱਸ ਪਈ ਕਿ ਲੈ ਮੁੰਡੇ ਨੂੰ ਦੱਸਣਾ ਨਹੀਂ ਆਉਂਦਾ। ਮਹਾਰਾਜ ਜੀ ਕਹਿੰਦੇ, "ਖਾਮੋਸ਼।" ਤੁਹਾਨੂੰ ਨਹੀਂ ਪਤਾ ਕਿ ਕੀ ਗੱਲ ਹੋ ਰਹੀ ਹੈ। ਦੱਸਵੀਂ ਪਾਸ ਕਰਕੇ ਮੈਨੂੰ ਥੋੜ੍ਹੀ ਦੇਰ ਹੋਈ ਸੀ ਅਵਾਰਾ ਘੁੰਮਦੇ ਨੂੰ। ਅਵਾਰਾ ਇਸ ਤਰ੍ਹਾਂ ਸੀ ਮੈਂ ਚਲਿਆ ਜਾਂਦਾ ਸੀ ਜਿਥੇ ਜੀਅ ਕਰਦਾ ਸੀ,

ਜਿਥੇ ਜੀਅ ਕਰਿਆ ਰਹਿ ਪੈਂਦਾ ਸੀ ਕੋਈ ਮੈਨੂੰ ਰੋਕਦਾ ਨਹੀਂ ਸੀ। ਰਹਿੰਦਾ ਮੈਂ ਗੁਰਦੁਆਰਿਆਂ 'ਚ ਹੀ ਹੁੰਦਾ ਜਾਂ ਕਿਸੇ ਸਾਧੂ ਕੋਲ ਰਹਿੰਦਾ ਹੁੰਦਾ, ਕੀਰਤਨ ਸੁਣਦਾ ਹੁੰਦਾ ਜਾਂ ਭਜਨ ਕਰੀ ਜਾਂਦਾ ਸੀ ਕਿਤੇ ਬੈਠਾ। ਮੈਨੂੰ ਕੋਈ ਐਸਾ ਸਾਧੂ ਨਹੀਂ ਸੀ ਮਿਲਿਆ ਜਿਸਨੂੰ ਮੈਂ ਪੂਰੇ ਦਿਲ ਨਾਲ ਆਪਣਾ ਆਪ ਸੌਂਪ ਦੇਵਾਂ। ਕਿਉਂਕਿ ਮੇਰੇ ਅੰਦਰ ਤਰਕ ਸੀ, ਪਰਖ ਸੀ, ਕਿ ਸਾਧੂ ਕਿਹੋ ਜਿਹਾ ਹੁੰਦਾ ਹੈ। ਮੇਰਾ ਨਾਮਧਾਰੀ ਸੰਤਾਂ ਦੇ ਨਾਲ ਬਹੁਤ ਵਾਹ ਰਿਹਾ, ਨਾਮਧਾਰੀਆਂ ਦੇ ਸੰਤ ਤਾਂ ਬਹੁਤ ਨਾਮ ਜਪਦੇ ਸੀ, ਸੱਚਮੁਚੀਂ ਜਪਦੇ ਸੀ। ਉਨ੍ਹਾਂ ਦਾ ਵੀ ਅਸਰ ਮੇਰੇ ਤੇ ਸੀਗਾ। ਮਹਾਰਾਜ ਕੋਲੋਂ ਪੁੱਛਣ ਵਾਲੀ ਗੱਲ ਨਹੀਂ ਸੀ ਮੇਰੇ ਕੋਲ ਕਿ ਕੀ ਪੁੱਛਿਆ ਜਾਵੇ। ਮਹਾਰਾਜ ਜੀ ਨੇ ਸਵਾਲ ਕਰ ਦਿਤਾ। ਤਿੰਨ ਮਿੰਟ ਲੰਘ ਗਏ ਮਹਾਰਾਜ ਜੀ ਕਹਿੰਦੇ ਦਸਦਾ ਨਹੀਂ। ਮੈਂ ਕਿਹਾ ਜੀ ਮੈਨੂੰ ਦੱਸਣਾ ਨਹੀਂ ਆਉਂਦਾ। ਉਨ੍ਹਾਂ ਨੂੰ ਪਤਾ ਲਗ ਗਿਆ, ਕਹਿੰਦੇ ਅੱਛਾ ਦੱਸ ਕਿਵੇਂ ਨਹੀਂ ਦੱਸਣਾ ਆਉਂਦਾ? ਤੁਸੀਂ ਹੈਰਾਨ ਹੋਓਂਗੇ ਇਹ ਕੋਈ ਸਿਆਣੇ ਬੰਦੇ ਦੀਆਂ ਗੱਲਾਂ ਨਹੀਂ ਹੈਂ? ਇਹ ਕਮਲੇ ਬੰਦਿਆਂ ਦੀ ਬਾਤਾਂ ਨੇ, ਮੈਂ ਤਾਂ ਹੀ ਕਹਿੰਦਾ ਕਿ ਮੈਨੂੰ ਅਕਲ ਨਹੀਂ ਹੈ, ਸੰਸਾਰ ਦੀ। ਪਤਾ ਹੀ ਨਹੀਂ ਹੈ ਕਿ ਇਥੇ ਮੇਰਾ ਨੁਕਸਾਨ ਹੋ ਜਾਊਗਾ, ਇਥੇ ਮੈਨੂੰ ਫੜਾ ਲਊਗਾ ਕੋਈ, ਇਥੇ ਮੈਨੂੰ ਕੋਈ ਧੋਖਾ ਦੇ ਦਊ। ਥਹੁ ਹੀ ਨਹੀਂ ਇਨ੍ਹਾਂ ਗੱਲਾਂ ਦਾ।

ਸੋ ਮਹਾਰਾਜ ਕਹਿਣ ਲੱਗੇ, "ਕਿਵੇਂ ਨਹੀਂ ਦੱਸਣਾ ਆਉਂਦਾ?" ਮੈਂ ਕਿਹਾ, "ਜੀ ਐਵੇਂ ਨਹੀਂ ਆਉਂਦਾ ਕਿ ਪਹਿਲਾਂ ਤਾਂ ਮੈਂ ਨਾਉਂ ਦੱਸਣ ਲੱਗਿਆ ਸੀ, ਐਨੇ 'ਚ ਮੇਰੇ ਅਨੁਭਵ ਵਿਚ ਦੋ ਤਿੰਨ ਗੱਲਾਂ ਤੁਰ ਪਈਆਂ, ਮੈਂ ਕਿਹਾ ਜੇ ਤਾਂ ਕੁੰਡਾ ਲੱਗਿਆ ਫੇਰ ਤਾਂ ਮੈਂ ਆਪਣਾ ਨਾਉਂ ਦੱਸਦਾ। ਹਨ੍ਹੇਰਾ ਹੁੰਦਾ ਮੈਂ ਦੱਸਦਾ ਕਿ ਜੀ ਮੈਂ ਮੁੰਡਾ ਹਾਂ ਜੀ। ਜੇ ਪੰਗਤ 'ਚ ਬੈਠਾ ਹੁੰਦਾ, ਫੇਰ ਮੈਂ ਆਪਣੀ ਜਾਤ ਦਸਦਾ, ਕਿਉਂਕਿ ਉਨ੍ਹਾਂ ਦਿਨਾਂ ਵਿਚ ਜਾਤ-ਪਾਤ ਦਾ ਬਹੁਤ ਰੌਲਾ ਸੀ। ਮੈਂ ਕਿਹਾ ਤਿੰਨੋ ਗੱਲਾਂ ਤਾਂ ਹੈ ਨਹੀਂ। ਕਹਿੰਦੇ, "ਫੇਰ?" ਫੇਰ ਮੈਂ ਕਿਹਾ ਮਹਾਰਾਜ ਮੈਂ ਨਾਉਂ ਦੱਸਣ ਲੱਗਿਆ, ਮੇਰੇ ਮੂੰਹੋਂ ਨਿਕਲ ਗਿਆ ਕਿ ਮੇਰਾ ਪਿਛਲੇ ਜਨਮ ਵਿਚ ਹਰਨਾਮ ਸਿੰਘ ਸੀਗਾ ਨਾਉਂ। ਮਹਾਂਪੁਰਸ਼ਾਂ ਨੇ ਬਹੁਤ ਧਿਆਨ ਦਿਤਾ ਇਸ ਗੱਲ ਵੱਲ। ਅਜੇ ਮੈਨੂੰ ਉਹ ਨਹੀਂ ਦਿਸਿਆ ਬਰੋਟੀਵਾਲੇ ਜਨਮ ਦਾ। ਇਹ ਤਾਂ ਮੈਨੂੰ ਬੜਾ ਲੇਟ ਉਮਰ 'ਚ ਆ ਕੇ ਪਤਾ ਲੱਗਿਐ। ਮੈਂ ਕਿਹਾ ਮਹਾਰਾਜ ਉਸ ਤੋਂ ਅਗਾਹਾਂ ਫੇਰ ਚਲ ਪਓ, ਮੇਰਾ ਉਸ ਤੋਂ ਵੀ ਕੋਈ ਹੋਰ ਜਨਮ ਸੀ, ਫੇਰ ਉਸ ਤੋਂ ਪਹਿਲਾਂ ਸੀ, ਮੈਂ ਕਿਹਾ ਭੌਣੀ ਹੈ ਖੂਹ ਦੇ ਉਤੇ ਲੱਜ ਬੰਨ੍ਹੀ ਹੋਈ ਹੈ, ਡੋਲ ਛੱਡ ਦਿਓ, ਅਖੀਰ ਦੇ ਉਤੇ ਗੱਠ ਆ ਜਾਂਦੀ ਹੈ, ਮੈਂ ਕਿਹਾ ਜਿਥੇ ਗੱਠ ਆ ਜਾਂਦੀ ਹੈ ਨਾ ਉਥੇ ਮੈਨੂੰ ਐਉਂ ਪਤਾ ਲੱਗਿਆ ਕਿ ਕਿਸੇ ਦਿਨ ਮੇਰੀ ਹੋਂਦ ਕਾਇਮ ਹੋਈ ਹੈ। ਮੈਂ ਕੁਛ ਬਣਿਆਂ, ਮਹਾਰਾਜ ਕਹਿੰਦੇ ਬਹਿ ਜਾ। ਐਨੀਓਂ ਗੱਲ ਸੁਣੀ ਸੀ ਉਨ੍ਹਾਂ ਨੇ, 45 ਮਿੰਟ ਨਾ ਉਨ੍ਹਾਂ ਨੇ ਨੇਤਰ ਖੋਲ੍ਹੇ, ਨਾ ਮੈਂ ਖੋਲ੍ਹੇ। 45 ਮਿੰਟਾਂ ਬਾਅਦ ਕਹਿਣ ਲੱਗੇ ਨੇਤਰ ਖੋਲ੍ਹ। ਕਹਿੰਦੇ ਇਹਨੂੰ ਕੋਈ ਵੀ ਨਹੀਂ ਦੱਸ ਸਕਦਾ। ਪਰ ਸਿਆਣੇ ਬੰਦਿਆਂ ਨੇ ਇਹਨੂੰ ਜੀਵ ਆਤਮਾ ਕਹਿ ਦਿਤਾ, ਜਿਥੇ ਤੂੰ ਗੱਲ ਕਰੀ ਹੈ ਨਾ, ਜਿਥੇ ਤੂੰ ਬਣਿਐਂ ਇਹ ਬਹੁਤ ਵੱਡੀ ਗਿਆਨ ਦੀ ਗੱਲ ਹੈ, ਸਾਧੂ ਦਸਦੇ ਨਹੀਂ ਹੁੰਦੇ, ਕਿਉਂਕਿ ਅਧਿਕਾਰੀ ਕੋਈ ਨਹੀਂ ਹੁੰਦਾ। ਕਹਿੰਦੇ, "ਜਿਥੇ ਤੂੰ ਕਹਿੰਦਾ ਹੈਂ ਨਾ ਕਿ ਮੈਂ ਪਹਿਲੇ ਦਿਨ ਬਣਿਆਂ ਉਸ ਤੋਂ ਪਹਿਲਾਂ ਵੀ ਤੈਨੂੰ ਪਤੈ ਕਿ ਤੂੰ ਹੈਗਾ ਸੀ। ਮੈਂ ਕਿਹਾ ਹੈਗਾ ਸੀ ਮਹਾਰਾਜ, ਉਹਦਾ ਤਾਂ ਨਹੀਂ ਮੈਨੂੰ ਪਤਾ। ਪਰ ਜਿਹੜਾ ਮੈਂ ਬਣਿਆਂ, ਉਹ ਕੁਝ ਜ਼ਰੂਰ ਬਣਿਆਂ। ਉਹ ਘੁੰਮਦਾ-ਘੁੰਮਦਾ-ਘੁੰਮਦਾ-ਘੁੰਮਦਾ ਮੈਂ ਜੋ ਬਣਿਆਂ ਇਹਨੂੰ ਵਰਿਆਮ ਸਿੰਘ ਕਹਿੰਦੇ ਨੇ। ਸੋ ਮਹਾਰਾਜ ਕਹਿੰਦੇ ਜਿਥੇ ਤੂੰ ਗੱਲ ਕੀਤੀ ਹੈ ਉਹਨੂੰ ਜੀਵ ਆਤਮਾ ਕਹਿੰਦੇ ਨੇ। ਨਾਲ ਦੀ ਨਾਲ ਮਹਾਰਾਜ ਨੇ ਉਨ੍ਹਾਂ ਨੂੰ ਕਿਹਾ ਜਿਹੜੇ ਬੈਠੇ ਸੀ, ਕਹਿੰਦੇ ਅੱਗੇ ਰੰਡੀਆਂ ਨਾਲ ਹੀ ਵਾਹ ਪਿਆ ਸਾਡਾ, ਅੱਜ ਇਕ ਸੁਹਾਗਣ ਨਾਲ ਵਾਹ ਪਿਆ ਹੈ। ਛੋਟਾ ਹੀ ਸੀ ਮੈਂ ਅਜੇ ਮੇਰੇ ਦਾੜ੍ਹੀ ਵੀ ਨਹੀਂ ਸੀ ਆਈ। ਉਹ ਕੁਝ ਸ਼ਬਦ ਸੀ ਮਹਾਰਾਜ ਦੇ ਜਿਹੜੇ ਮੈਨੂੰ ਕਾਟ ਕਰ ਗਏ। ਕਾਟ ਇਸ ਤਰ੍ਹਾਂ ਕਰ ਗਏ ਕਿ ਇਸ ਅੱਗੇ ਉਨ੍ਹਾਂ ਨੇ ਮੈਨੂੰ ਕੋਈ ਹੋਰ ਬਚਨ ਕਹਿ ਦਿਤਾ। ਉਹ ਕਹਿੰਦੇ ਕਿ ਤੂੰ ਇਸ ਤੋਂ ਅੱਗੇ ਇਕ ਕਦਮ ਹੋਰ ਪੁੱਟ ਲੈ। ਸਿਰਫ ਤੇਰਾ ਇਕ ਕਦਮ ਰਹਿੰਦੈ, ਉਹ ਪੁੱਟ ਲੈ। ਉਹ 'ਜੀਵ' ਲਾਹ ਦੇ, ਜੀਵ ਨਹੀਂ ਤੂੰ ਹੈਗਾ। ਜੀਵ ਤਾਂ ਬਣਿਐਂ, ਤੂੰ ਆਤਮਾ ਹੈਂ। ਕਦੇ ਤੇਰੀ ਮੌਤ ਨਹੀਂ ਹੋਣੀ, ਕਦੇ ਤੂੰ ਜੰਮਿਆ ਨਹੀਂ, ਕਦੇ ਤੂੰ ਕੁਛ ਕਰਿਆ ਨਹੀਂ ਇਹ ਤਾਂ ਖੇਲ੍ਹ ਹੈ, ਹੁਕਮ ਦੇ ਅੰਦਰ ਜੀਵ ਆਤਮਾਵਾਂ ਖੇਲ੍ਹ ਕਰ ਰਹੀਆਂ ਨੇ।

ਉਸ ਤੋਂ ਬਾਅਦ ਮੈਂ ਘਰੋਂ ਚਲਿਆ ਗਿਆ, ਛੇ ਮਹੀਨੇ ਨਾ ਲੱਭਿਆ ਕਿਸੇ ਨੂੰ। ਉਹ ਮੈਨੂੰ ਜਿਹੜਾ ਸੱਜਣ ਮਿਲਿਆ। ਮੈਂ ਐਸ ਤਰ੍ਹਾਂ ਨਹੀਂ ਕਿ ਕੋਈ ਦਿਖਾਵਾ ਕਰਦਾਂ। ਪਰ ਮੈਂ ਰੋਂਦਾ ਬਹੁਤ ਸੀ ਇਕੱਲਾ। ਮਹਾਰਾਜ ਜੀ ਨੇ ਰਾੜੇ ਸਾਹਿਬ ਬੁਲਾ ਲਿਆ। ਸਿੰਘ ਜਿਹੜੇ ਜੱਥੇ ਵਾਲੇ ਸੀ ਉਹ ਜਾ ਕੇ ਕਹਿਣ ਲੱਗੇ, ਮਹਾਰਾਜ! ਇਹ ਕੀਰਤਨ ਵੀ ਸੋਹਣਾ ਕਰਦੈ, ਪਾਠ ਵੀ ਬਹੁਤ ਵਧੀਆ ਕਰਦੈ, ਪਰ ਇਕ ਗੱਲ ਨਹੀਂ ਸਾਨੂੰ ਪਤਾ ਲਗਦੀ। ਮਹਾਰਾਜ ਕਹਿੰਦੇ, "ਕੀ?" ਓਦੋਂ ਰਾੜੇ ਸਾਹਿਬ ਸਰਕੜੇ ਹੁੰਦੇ। ਕਹਿੰਦੇ ਜਦ ਸਰਕੜਿਆਂ 'ਚ ਜਾਂਦੈ ਉਥੇ ਬੈਠ ਕੇ ਉਚੀ-ਉਚੀ ਰੋਂਦਾ ਹੁੰਦੈ ਇਹ। ਰੱਬ ਨੂੰ ਮਿਲਣ ਨੂੰ ਨਹੀਂ ਸੀ ਮੈਂ ਰੋਂਦਾ। ਮੈਨੂੰ ਰੋਣਾ ਆਉਂਦਾ ਸੀ ਮਹਾਂਪੁਰਸ਼ਾਂ ਦੇ ਪਿਆਰ ਦਾ। ਕਿਉਂਕਿ ਮੈਂ ਇਕ ਮਿੰਟ ਵੀ ਵੱਖਰਾ ਨਹੀਂ ਸੀ ਹੋਣਾ ਚਾਹੁੰਦਾ। ਉਨ੍ਹਾਂ ਨੇ ਮੈਨੂੰ ਪਿਆਰ ਦਿਤਾ, ਜੀਅ ਭਰ ਕੇ ਦਿਤਾ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਇਹ ਸਿਆਣਾ ਗ੍ਰਿਹਸਤੀ ਨਹੀਂ ਹੈ। ਨਾ ਇਹਨੇ ਬਾਲ ਬੱਚਿਆਂ ਦੀ ਪਰਵਾਹ ਕਰਨੀ ਹੈ, ਨਾ ਮਾਂ ਬਾਪ ਦੀ ਕਰਨੀ ਹੈ, ਕਿਸੇ ਦੀ ਨਹੀਂ ਕਰਨੀ, ਨਾ ਆਪਣੇ ਜੀਵਨ ਦੀ ਕਰਨੀ ਹੈ। ਇਹ ਏਸੇ ਧੁਨ ਵਿਚ ਹੈ। ਮਹਾਰਾਜ ਜੀ ਦਾ ਜਿੰਨੀ ਦੇਰ ਸਰੀਰ ਰਿਹਾ ਕਿ ਇਹ ਜ਼ਿੰਮੇਵਾਰੀ ਆਪਣੇ ਤੇ ਹੀ ਰੱਖੀ, ਮੈਨੂੰ ਬਹੁਤ ਘੂਰਦੇ ਹੁੰਦੇ ਜੇ ਕੋਈ ਗੱਲ ਹੋ ਜਾਣੀ। ਬੱਚਿਆਂ ਦਾ ਉਨ੍ਹਾਂ ਨੇ ਆਪ ਹੀ ਸਾਰਾ ਕੁਛ ਕਰਿਆ। ਬੀਜੀ ਦਾ ਲੋਕ ਅੰਦਰੋਂ ਹੀ ਸਤਿਕਾਰ ਕਰਦੇ ਸੀ।

ਮੈਂ ਤੇ ਮਹਾਰਾਜ ਜੀ ਇਕ ਥਾਂ ਜਾ ਰਹੇ ਸੀ ਦੋਵੇਂ ਜਣੇ, ਕਿਉਂਕਿ ਮੈਨੂੰ ਨਾਲ ਹੀ ਰੱਖਦੇ ਸੀ, ਮੈਂ ਅੱਡ ਰਹਿੰਦਾ ਨਹੀਂ ਸੀ ਰੋਣ ਲਗ ਜਾਂਦਾ ਸੀ, ਬੱਚਿਆਂ ਵਾਂਗਣ। ਸਿੰਘਾਂ ਨੂੰ ਵੀ ਕਿਹਾ ਹੋਇਆ ਸੀ ਕਿ ਇਹਨੂੰ ਆਉਂਦੇ ਨੂੰ ਰੋਕਣਾ ਨਹੀਂ ਕਿਸੇ ਨੇ। ਨਹੀਂ ਇਹਨੇ ਇਥੇ ਹੀ ਬੈਠੇ ਰੋਈ ਜਾਣੈ ਘੰਟਿਆਂ ਬੱਧੀ। ਜਦ ਆਵੇ ਓਦੋਂ ਹੀ ਦਰਵਾਜ਼ਾ ਖੋਲ੍ਹ ਦਿਆ ਕਰੋ। ਫੇਰ ਮੈਨੂੰ ਆਪ ਆ ਕੇ ਦੱਸ ਕੇ ਗਏ ਕਿ ਇਥੇ ਚਾਬੀ ਹੁੰਦੀ ਹੈ, ਐਂ ਹੱਥ ਪਾ ਲਈਦੈ, ਤੂੰ ਸਿੱਧਾ ਸਾਡੇ ਕੋਲ ਆ ਜਾਇਆ ਕਰ, ਚਾਹੇ ਅਸੀਂ ਇਸ਼ਨਾਨ ਕਰਦੇ ਹੋਈਏ, ਚਾਹੇ ਪ੍ਰਸ਼ਾਦਾ ਛਕਦੇ ਹੋਈਏ, ਤੈਨੂੰ ਕੋਈ ਬੰਧਸ਼ ਨਹੀਂ। ਇਸ ਤਰ੍ਹਾਂ ਉਨ੍ਹਾਂ ਨੇ ਮੈਨੂੰ ਬਹੁਤ ਪਿਆਰ ਦਿਤਾ। ਪਿਆਰ ਦੀ ਜ਼ਿੰਦਗੀ ਸ਼ੁਰੂ ਹੋਈ, ਪਿਆਰ ਦੇ ਨਾਲ ਵੈਰਾਗ ਆਇਆ, ਪਿਆਰ ਦੇ ਨਾਲ ਸੰਸਾਰ ਦੇ ਫੁਰਨੇ ਖਤਮ ਹੋਏ, ਸਾਧਨਾ ਸ਼ੁਰੂ ਹੋ ਗਈ। ਸਾਲਾਂਬੱਧੀ ਮੈਂ ਇਕ ਰੋਟੀ ਖਾ ਕੇ ਸਮਾਧੀ ਜਿਹੜੀ ਫੁਰਨਿਆਂ ਰਹਿਤ ਹੁੰਦੀ ਹੈ – ਅਫੁਰ ਸਮਾਧੀ, ਉਨ੍ਹਾਂ 'ਚ ਰਿਹਾ। ਸਿੰਧ ਵਿਚ ਵੀ। ਲੇਕਿਨ ਇਕ ਗੱਲ ਦਾ ਮੈਨੂੰ ਅੰਦਰੋਂ ਅਨੁਭਵ ਹੋਇਆ ਕਿ ਸਿੰਧ ਵਿਚ ਵੀ ਲੋਕਾਂ ਨੂੰ ਸਿੱਖੀ ਦਾ ਪਤਾ ਨਹੀਂ, ਉਥੇ ਵੀ ਮੈਂ ਸਿੱਖੀ ਦਾ ਬੂਟਾ ਲਾਇਆ। ਇਨ੍ਹਾਂ ਨੇ ਤੁਹਾਡੇ ਬੀਜੀ ਨੂੰ ਬੁਲਾ ਲਿਆ। ਇਥੇ ਇਨ੍ਹਾਂ ਨੇ ਬੀਬੀਆਂ ਨੂੰ ਬਾਣੀ ਪੜ੍ਹਾਉਣੀ ਸ਼ੁਰੂ ਕਰ ਦਿਤੀ। ਹੋਰ ਹੀ ਤਰ੍ਹਾਂ ਦਾ ਜੀਵਨ ਸੀ। ਸੰਤਾਂ ਵਰਗਾ ਜੀਵਨ ਨਹੀਂ ਸੀ, ਜਿਵੇਂ ਸੰਤ ਹੁੰਦੇ ਨੇ।

ਮੈਂ ਤੁਹਾਨੂੰ ਇਕ ਗੱਲ ਦੱਸਦਾਂ। ਉਥੋਂ ਹੀ ਅੰਦਾਜ਼ਾ ਲਾ ਲਓਂਗੇ ਤੁਸੀਂ। ਗੰਨਾ ਗੁੱਡਦੇ ਸੀ ਉਹ। ਮੈਂ ਕਿਹਾ ਮੈਂ ਵੀ ਤਾਂ ਵਿਹਲਾ ਹੀ ਹਾਂ, ਮੈਂ ਵੀ ਗੰਨਾ ਗੁੱਡਣ ਲੱਗ ਗਿਆ ਨਾਲ ਉਨ੍ਹਾਂ ਦੇ ਜਾ ਕੇ। ਉਹ ਕਹਿੰਦੇ ਨਾ ਜੀ, ਨਾ ਜੀ ਤੁਸੀਂ ਨਾ ਲਾਓ। ਇਹ ਜਿਹੜੇ ਮਜ਼ਦੂਰ ਨੇ ਮਜ਼ਦੂਰੀ ਲੈਂਦੇ ਨੇ ਉਨ੍ਹਾਂ ਨੇ ਲਾਉਣੇ ਨੇ। ਮੈਂ ਕਿਹਾ, ਮੈਨੂੰ ਵੀ ਦੇ ਦਿਓ ਮਜ਼ਦੂਰੀ। ਮੈਂ ਵੀ ਲੈ ਲਊਂਗਾ, ਮੇਰੇ ਕੋਲ ਕਿਹੜਾ ਪੈਸਾ ਹੈਗਾ। ਪਰ ਉਹ ਮਜੂਰੀ ਪੈਸੇ ਦੀ ਨਹੀਂ ਹੈ। ਕਹਿਣ ਲੱਗੇ, "ਉਹ ਕੀ ਹੈ?" ਮੈਂ ਕਿਹਾ ਤੁਹਾਡੇ ਨਾਲ ਮੈਂ ਅੱਜ ਗੁਡਾਈ ਕਰਕੇ ਜਪੁਜੀ ਸਾਹਿਬ ਯਾਦ ਕਰਾਉਣੈ ਪੰਜ ਪਉੜੀਆਂ ਤੇ ਨਾਲੇ ਮੈਂ ਕਿਆਰਾ ਵਿਚਾਲੇ ਰੱਖ ਲਿਆ। ਉਥੇ ਹੀ ਮੈਂ ਕਹਿਣਾ ਸ਼ੁਰੂ ਕਰ ਦਿਤਾ ਕਿ ੧ੴ ਸਤਿਨਾਮ ਯਾਦ ਕਰੋ ਮੈਂ ਉਥੇ ਜਾ ਕੇ ਸੁਣ ਲੈਣੈ। ਕਿਆਰੇ ਲੰਬੇ ਸੀ ਉਹ ਜਾਂਦੇ ਜਾਂਦੇ ਪਹਿਲੀ ਪਉੜੀ ਤੱਕ ਪਹੁੰਚ ਗਏ। ਕਿਸੇ ਦੇ ਪੂਰੀ ਯਾਦ ਹੋ ਗਈ, ਕਿਸੇ ਦੇ ਅੱਧ-ਵਿਚਾਲੇ ਹੋ ਗਈ। ਐਸ ਤਰ੍ਹਾਂ ਮੈਂ ਦੋ ਕੁ ਦਿਨਾਂ ਵਿਚ ਉਨ੍ਹਾਂ ਨੂੰ ਪੰਜ-ਪੰਜ ਪਉੜੀਆਂ ਯਾਦ ਕਰਵਾ ਦਿਤੀਆਂ। ਇਹ ਮੇਰੀ ਮਜ਼ਦੂਰੀ ਸੀ ਕਿ ਬਾਣੀ ਯਾਦ ਕਰਾਉਣੀ ਹੈ। ਫੇਰ ਇਹ ਸੀ ਕਿ ਉਨ੍ਹਾਂ ਨੂੰ ਅੰਮ੍ਰਿਤ ਛਕਾਉਣੈ। ਸ਼ਰਾਬਾਂ ਪੀਂਦੇ ਸੀ, ਸ਼ਰਾਬਾਂ ਦਾ ਮੈਨੂੰ ਪਤਾ ਸੀ ਕਿ ਨੁਕਸਾਨ ਬਹੁਤ ਹੋਣੈ ਉਨ੍ਹਾਂ ਨੂੰ, ਨਵੇਂ ਫਾਰਮਰ ਆਏ ਨੇ, ਪੁਲਿਸ ਇਨ੍ਹਾਂ ਨੂੰ ਖਿੱਚੀਂ ਫਿਰੇਗੀ, ਉਥੇ ਕੇਸ ਹੋ ਗਿਆ, ਪੁਲਿਸ ਲੈ ਗਈ ਫੜ ਕੇ, ਮੈਂ ਫੇਰ ਲੱਕ ਬੰਨ੍ਹ ਲਿਆ। 60 ਮੀਲ ਦੇ ਅੰਦਰ ਸ਼ਰਾਬ ਛੁਡਾਈ। ਉਹ ਐਨੇ ਪ੍ਰੇਮੀ ਹੋ ਗਏ ਕਿ ਜਿਸ ਵਕਤ ਮੈਂ ਉਥੋਂ ਤੁਰਿਆ ਕਿਉਂਕਿ ਮੈਂ ਕਾਫੀ ਸਮਾਂ ਉਥੇ ਰਿਹਾ, ਮਹਾਰਾਜ ਜੀ ਦੀ ਚਿੱਠੀ ਆ ਗਈ, ਤੂੰ ਚਿੱਠੀ ਦੇਖ ਕੇ ਚਾਹੇ ਦਿਨ ਵਿਚ ਮਿਲੀ ਹੈ, ਰਾਤ ਨੂੰ ਮਿਲੀ ਹੈ, ਜੇ ਸ਼ਾਮ ਨੂੰ ਮਿਲੀ ਹੈ ਤਾਂ ਸੂਰਜ ਨਹੀਂ ਛੁਪਾਉਣਾ ਇਥੇ। 4 ਕੁ ਵਜੇ ਸ਼ਾਮ ਨੂੰ ਚਿੱਠੀ ਮੈਨੂੰ ਮਿਲ ਗਈ, ਉਨ੍ਹਾਂ ਸਾਰਿਆਂ ਨੂੰ ਬੁਲਾਇਆ ਕਿ ਮੈਂ ਕਿਹਾ ਕਿ ਮੈਨੂੰ ਹੁਕਮ ਆ ਗਿਆ, ਮੈਂ ਹੁਣ ਸੂਰਜ ਨਹੀਂ ਛੁਪਾਉਣਾ, ਮੈਂ ਚਲੇ ਜਾਣੈ। ਉਹ ਕਹਿੰਦੇ ਹੁਣ ਕਿਵੇਂ ਜਾਏਗਾ। ਹੁਣ ਕੋਈ ਗੱਡੀ ਨਹੀਂ ਮਿਲਣੀ ਹੈ। ਮੈਂ ਕਿਹਾ ਮੈਂ ਨਹੀਂ, ਮੈਂ ਤੁਹਾਡੀ ਜੂਹ ਤੋਂ ਬਾਹਰ ਰਾਤ ਕੱਟ ਲਊਂਗਾ। ਹੁਕਮ ਬਹੁਤ ਸਖਤ ਹੈ ਮਹਾਂਪੁਰਸ਼ਾਂ ਦਾ। ਜਦੋਂ ਮੈਂ ਤੁਰਨ ਲੱਗਿਆ, ਇਲਾਕਾ ਇਕੱਠਾ ਹੋ ਗਿਆ, ਬਜ਼ੁਰਗ ਜਿਹੜੇ ਸੀ ਲੰਮੇ ਪੈ ਗਏ ਮੂਹਰੇ, ਉਚੀ-ਉਚੀ ਰੋਂਦੇ ਸੀ, ਕਹਿੰਦੇ ਸਾਡੇ ਉਤੇ ਦੀ ਲੰਘ ਜਾਓ। ਮੈਨੂੰ ਮਜ਼ਬੂਰੀ ਸੀ ਕਿ ਮੈਂ ਜਾਣੈ, ਮਹਾਂਪੁਰਸ਼ਾਂ ਦਾ ਹੁਕਮ ਮੰਨ। ਉਥੋਂ ਮੈਂ ਬਹੁਤ ਮੁਸ਼ਕਲ ਦੇ ਨਾਲ ਲੰਘਿਆ, ਜਿੰਨਾਂ ਉਹ ਰੋਂਦੇ ਸੀ ਉਸ ਤੋਂ ਵੱਧ ਮੈਂ ਰੋਂਦਾ ਸੀ। ਯਾਨਿ ਵਿਛੜਨ ਵਾਲਾ ਕੰਮ ਨਹੀਂ ਸੀ ਸਾਡਾ ਪਿਆਰ ਦੀ ਜ਼ਿੰਦਗੀ ਸੀ, ਪਿਆਰ 'ਚ ਰਹਿੰਦੇ ਸੀ। ਪਿਆਰ ਦੇ ਵਿਚ ਉਹ ਵੀ ਮਸਤਾਨੇ ਹੋਏ ਹੋਏ ਸੀ ਸਾਰੇ। ਨੇੜੇ ਚਾਰ ਕੁ ਮੀਲ ਤੇ ਇਕ ਝੌਂਪੜੀ ਸੀ, ਮੈਂ ਉਥੇ ਰਾਤ ਕੱਟ ਕੇ ਮੈਂ ਇਥੇ ਆ ਗਿਆ ਮਹਾਰਾਜ ਜੀ ਕੋਲ।

ਮੈਂ ਤੁਹਾਨੂੰ ਇਕ ਗੱਲ ਵਿਚੀਂ ਦਸਦਾ ਹਾਂ ਤੁਹਾਡੇ ਬੀਜੀ ਦੀ। ਕਰਾਚੀ ਮੈਂ ਗਿਆ। ਉਥੇ ਮੈਨੂੰ ਦੋ ਚੀਜ਼ਾਂ ਬਹੁਤ ਵਧੀਆ ਲੱਗੀਆਂ ਇਕ ਬੈਡ ਕਵਰ ਸੀ, ਇਕ ਕਸ਼ਮੀਰੀ ਸ਼ਾਲ ਸੀ। ਉਹ ਦੋਵੇਂ ਚੀਜ਼ਾਂ ਖਰੀਦ ਕੇ ਮੈਂ ਲੈ ਆਇਆ। ਕਿਉਂਕਿ ਮੈਂ ਕਪਾਹ ਬੀਜੀ ਹੋਈ ਸੀ, ਥੋੜ੍ਹਾ ਬਹੁਤਾ ਕੰਮ ਵੀ ਕਰਦਾ ਸੀ ਆਪ ਦਾ। ਉਹ ਜਦੋਂ ਮੈਂ ਤੁਹਾਡੇ ਬੀਜੀ ਨੂੰ ਦਿਤੀ, ਇਹਨੇ ਖੋਲ੍ਹੀ। ਇਹਦੇ ਮਨ ਵਿਚ ਪਤਾ ਕੀ ਖਿਆਲ ਆਇਆ। ਕਹਿੰਦੇ ਇਹ ਆਪਣੇ ਵਰਤਣ ਵਾਲੀਆਂ ਚੀਜ਼ਾਂ ਨਹੀਂ। ਇਹ ਆਪਾਂ ਮਹਾਰਾਜ ਜੀ ਵਾਸਤੇ ਲੈ ਕੇ ਚੱਲੀਏ। ਉਸੇ ਵੇਲੇ ਇਨ੍ਹਾਂ ਨੇ ਤਹਿ ਲਾ ਕੇ ਉਵੇਂ ਜਿਵੇਂ ਬੰਨ੍ਹ ਦਿਤੀ। ਨਹੀਂ ਵਰਤੀ ਉਹ ਚੀਜ਼ ਕਿਉਂਕਿ ਪਿਆਰ ਤਾਂ ਇਕੋ ਜਿਹਾ ਹੀ ਹੁੰਦੈ। ਇਹ ਵੀ ਬਹੁਤ ਪਿਆਰ ਕਰਦੇ ਸੀ ਮਹਾਰਾਜ ਜੀ ਨੂੰ। ਪਿਛੋਂ ਬਹੁਤ ਵੱਡੇ ਮਹਾਂਪੁਰਸ਼ਾਂ ਦੀ ਲੜਕੀ ਹੋਣ ਕਰਕੇ ਇਹਦੇ ਸੰਸਕਾਰ ਇਹੋ ਜਿਹੇ ਸੀ। ਜਦੋਂ ਮਹਾਰਾਜ ਜੀ ਕੋਲ ਗਏ ਤਾਂ ਮਹਾਰਾਜ ਉਠ ਕੇ ਖੜ੍ਹੇ ਹੋ ਗਏ ਕਹਿੰਦੇ ਆਹ ਤਾਂ ਸਾਡੇ ਪਲੰਘ ਤੇ ਵਿਛਾ ਦਿਓ, ਸਰਦੀਆਂ ਸ਼ੁਰੂ ਹੋਈਆਂ ਸੀ ਉਹ ਉਪਰ ਲੈ ਲਈ। ਉਹਨੂੰ ਦੇਖ ਕੇ ਅਮੀਰ ਆਦਮੀਆਂ ਨੇ ਬਹੁਤ ਚਾਦਰਾਂ, ਕਸ਼ਮੀਰੀ ਸ਼ਾਲਾਂ ਲਿਆਂਦੀਆਂ। ਸਭ ਪਏ ਰਹੇ, ਮਹਾਰਾਜ ਜੀ ਨੇ ਕਿਸੇ ਦਾ ਵਿਛਾਇਆ ਨਹੀਂ। ਸੋ ਇਹ ਇਸ ਤਰ੍ਹਾਂ ਬੀਜੀ ਮਹਾਰਾਜ ਜੀ ਨੂੰ ਪਿਆਰ ਕਰਦੀ।

ਉਹ ਪਿਆਰ ਮੈਂ ਜ਼ਿੰਦਗੀ ਭਰ ਮਾਣਿਆਂ। ਗਲਤੀਆਂ ਵੀ ਕੀਤੀਆਂ, ਗੁੱਸੇ ਵੀ ਹੋਇਆ ਮਹਾਰਾਜ ਜੀ ਨਾਲ, ਪਰ ਉਨ੍ਹਾਂ ਨੇ ਨਹੀਂ ਮੈਨੂੰ ਛੱਡਿਆ, ਫੇਰ ਸੰਭਾਲ ਲੈਂਦੇ ਸੀ।

ਉਹ ਦਿਨ ਅਖੀਰ ਦੇ ਉਤੇ ਆ ਗਿਆ, ਬਜ਼ਾਰ 'ਚ

ਮੈਂ ਤੁਰਿਆ ਜਾਨਾਂ, ਖੁਸ਼ੀ-ਖੁਸ਼ੀ ਗੱਲਾਂ ਕਰਦੇ ਆਉਂਦੇ ਆਂ, ਐਨੇ ਨੂੰ ਅਖਬਾਰ ਲਿਆ ਕੇ ਦੇ ਦਿਤਾ ਉਹਦੇ ਤੇ ਲਿਖਿਆ ਹੋਇਆ ਸੀ ਕਿ ਮਹਾਰਾਜ ਜੀ ਇੰਗਲੈਂਡ ਚੜ੍ਹਾਈ ਕਰ ਗਏ। ਮੈਂ ਕਿਹਾ ਬਿਲਕੁਲ ਗਲਤ ਲਿਖਿਆ ਹੋਇਆ ਹੈ, ਮੈਂ ਨਹੀਂ ਮੰਨਦਾ। ਮੈਂ ਕਿਹਾ ਕੋਈ ਹੋਰ ਅਖਬਾਰ ਨਹੀਂ ਹੈ। ਮੈਨੂੰ ਕਹਿੰਦੇ ਬਾਈ ਜੀ, ਮਹਾਰਾਜ ਜੀ ਚੜ੍ਹਾਈ ਕਰ ਗਏ। ਉਹ ਜਿਹੜਾ ਦਿਨ ਸੀ ਮੈਂ ਭੁੱਲ ਨਹੀਂ ਸਕਦਾ। ਪੂਰਾ ਇਕ ਸਾਲ ਰੋਂਦਾ ਰਿਹਾ। ਇਕੱਲਾ ਰੋਇਆ ਕਰਾਂ, ਕੀਰਤਨ ਕਰਾਂ ਤਾਂ ਵੀ, ਇਕ ਸਾਲ ਲੰਘ ਗਿਆ ਮੈਨੂੰ ਰੋਂਦੇ ਨੂੰ। ਉਸ ਤੋਂ ਬਾਅਦ ਮਹਾਂਪੁਰਸ਼ਾਂ ਨੇ ਕਿਹਾ ਕਿ ਤੂੰ ਰੋ ਨਾ, ਅਸੀਂ ਕਿਤੇ ਨਹੀਂ ਗਏ ਹੈਗੇ। ਸਾਡੀ ਸੰਗਤ ਵਿਚੋਂ ਦੇਖੀ। ਜਦੋਂ ਮੈਨੂੰ ਇਹ ਗੱਲ ਕਹਿ ਦਿਤੀ ਫੇਰ ਮੈਨੂੰ ਹੋ ਗਿਆ ਕਿ ਉਹ ਤਾਂ ਗਏ ਹੀ ਨਹੀਂ ਕਿਤੇ। ਹੁਣ ਮੈਂ ਜਿਹੜੀ ਗੱਲ ਦੇ ਉਤੇ ਆਇਆ ਹਾਂ ਉਹ ਇਹ ਹੈ ਕਿ ਇਕ ਪਾਸੇ ਤਾਂ ਤੁਹਾਡਾ ਸੰਗਤ ਦਾ ਪਿਆਰ, ਇਹ ਮੈਂ ਤੋਲਦਾਂ ਕਿ ਇਹਨੂੰ ਛੱਡਣਾ ਬਹੁਤ ਮੁਸ਼ਕਲ ਹੈ ਕਿਉਂਕਿ ਅੱਗੇ ਮੇਰਾ ਵਾਕਫ ਕੋਈ ਨਹੀਂ ਹੈ, ਜਿਥੇ ਜਾਣੈ। ਉਥੇ ਕੋਈ ਥਾਂ ਵੀ ਨਹੀਂ ਬਣਾਇਆ, ਕੋਈ ਐਸੇ ਕੰਮ ਵੀ ਨਹੀਂ ਕਰੇ ਜਿਹਦਾ ਮੈਂ ਬਦਲਾ ਲੈ ਜਾਵਾਂ। ਜਿੰਨੇ ਕਰੇ ਨੇ ਉਹ ਸਾਰੇ ਦੇ ਸਾਰੇ ਮੈਂ ਰੋਜ਼ ਗੁਰੂ ਨੂੰ ਸੌਂਪ ਦੇਨਾਂ। ਜੇ ਇਥੇ ਪ੍ਰਚਾਰ ਹੋਇਐ, ਸਿੰਧ 'ਚ ਹੋਇਐ, ਯੂ.ਪੀ. ਵਿਚ ਹੋਇਐ, ਹੋਰ ਅਸਥਾਨਾਂ ਤੇ ਹੋਇਐ, ਉਹ ਮੈਂ ਰੱਖਿਆ ਨਹੀਂ ਆਪਣੇ ਕੋਲ ਕੁਛ ਵੀ। ਜਿਵੇਂ ਈਮਾਨਦਾਰ ਬੱਚਾ ਆਪਣੀ ਕਮਾਈ ਨੂੰ ਆਪਣੇ ਮਾਂ-ਬਾਪ ਨੂੰ ਸੌਂਪ ਦਿੰਦੈ, ਏਸੇ ਤਰ੍ਹਾਂ ਮੈਂ ਸਾਰੀ ਜ਼ਿੰਦਗੀ ਦੇ ਤੁਹਾਡੀ ਨਿਗ੍ਹਾ 'ਚ ਨੇ ਕਿ ਮੈਂ ਨੇਕ ਕੰਮ ਕਰੇ ਨੇ, ਬਾਣੀ ਪੜ੍ਹੀ ਹੈ ਪਾਠ ਕਰੇ ਨੇ, ਉਹ ਮੈਂ ਆਪਣੇ ਕੋਲ ਨਹੀਂ ਕੁਛ ਵੀ ਰੱਖਿਆ, ਉਹ ਸਾਰੇ ਦੇ ਸਾਰੇ ਮੈਂ ਮਹਾਂਪੁਰਸ਼ਾਂ ਦੇ ਖਜ਼ਾਨੇ 'ਚ ਜਮ੍ਹਾਂ ਕਰਵਾ ਦਿਤੇ। ਇਸ ਲਈ ਨਹੀਂ ਕਰਾਏ ਕਿ ਇਹਦਾ ਫੇਰ ਮੈਨੂੰ ਉਥੇ ਗਏ ਨੂੰ ਬਦਲਾ ਮਿਲੇ। ਨਹੀਂ ਬਿਲਕੁਲ ਨਹੀਂ ਮੈਂ ਛੱਡ ਦਿਤਾ। ਛੱਡਣ ਕਰਕੇ ਹੁਣ ਮੇਰੇ ਪੱਲੇ ਤਾਂ ਹੈ ਨਹੀਂ ਕੁਛ ਜਿਹਦਾ ਮੈਂ ਹੌਂਸਲਾ ਰੱਖਾਂ ਕਿ ਮੈਂ ਤਾਂ ਬਹੁਤ ਮਾਲਾ ਮਾਲ ਹੋ ਕੇ ਜਾ ਰਿਹਾਂ ਤੇ ਇਹਦੇ ਵਿਪਰੀਤ ਮੈਂ ਬਿਲਕੁਲ ਖਾਲੀ ਹੱਥ ਜਾ ਰਿਹਾਂ। ਕੋਈ ਚੀਜ਼ ਨਹੀਂ ਮੇਰੇ ਕੋਲ। ਲੇਕਿਨ ਇਕ ਭਰੋਸਾ ਹੈ ਕਿ ਮੇਰਾ ਤਾਂ ਉਥੇ ਕੋਈ ਵਾਕਫ ਹੈ ਜਾਂ ਨਹੀਂ ਹੈ ਪਰ ਇਕ ਮੇਰਾ ਸੱਜਣ ਐਸਾ ਹੈ ਜਿਹਨੇ ਮੈਨੂੰ ਵਿਛੜਨ ਨਹੀਂ ਦੇਣਾ। ਓਹੀ ਪਿਆਰ ਮੈਨੂੰ ਉਸ ਇਕੋ ਨੇ ਦੇਣੈ, ਹੋਰ ਨਹੀਂ ਮੈਂ ਆਸ ਰੱਖਦਾ, ਕਿਉਂਕਿ ਹੋਰ ਮੈਂ ਕੋਈ ਬਣਾਇਆ ਹੀ ਨਹੀਂ, ਇਕੋ ਸੱਜਣ ਬਣਾਇਐ। ਇਕ ਨੂੰ ਹੀ ਸਭ ਕੁਛ ਸਮਝਿਐ। ਆਹ ਵੀ ਦੁਨੀਆਂ ਬੜੀ ਸੋਹਣੀ ਲਗਦੀ ਹੈ, ਬੜਾ ਹੀ ਸੁਹਾਵਾ ਬਾਗ ਹੈ, ਇਹਨੂੰ ਛੱਡਣ ਨੂੰ ਜੀਅ ਨਹੀਂ ਕਰਦਾ, ਦੂਜੇ ਪਾਸੇ ਨਜ਼ਰ ਕੁਛ ਨਹੀਂ ਆਉਂਦਾ, ਸਿਰਫ ਇਕ ਮਹਾਂਪੁਰਸ਼ ਨਜ਼ਰ ਆ ਰਹੇ ਨੇ, ਜਿਨ੍ਹਾਂ ਦੇ ਉਤੇ ਮੈਨੂੰ ਭਰੋਸਾ ਹੈ ਕਿ ਉਨ੍ਹਾਂ ਨੇ ਮੈਨੂੰ ਸਾਂਭ ਲੈਣਾ ਹੈ। ਦੂਜਾ ਗੁਰੂ ਸਾਹਿਬ ਕਹਿੰਦੇ ਨੇ -

***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥***
***ਅੰਗ - 1102***

ਉਹ ਸਰੀਰ ਛੱਡ ਕੇ ਵੀ ਨਹੀਂ ਛੱਡ ਕੇ ਜਾਂਦੇ। ਸੋ ਇਸ ਕਰਕੇ ਠੀਕ ਹੈ ਮੈਂ ਤੁਹਾਡਾ ਪਿਆਰ ਮਾਣਿਆ ਹੈ। ਤੁਸੀਂ ਕਹਿੰਦੇ ਓਂ ਤੁਸੀਂ ਪਿਆਰ ਵੰਡਿਆ ਹੈ, ਪਿਆਰ ਮੈਂ ਨਹੀਂ ਵੰਡਿਆ ਤੁਸੀਂ ਮੈਨੂੰ ਪਿਆਰ ਦਿਤਾ ਹੈ। ਮੈਂ ਤਾਂ ਬਿਲਕੁਲ ਖਾਲੀ ਹਾਂ, ਪਰ ਮੈਨੂੰ ਇਹ ਹੈ ਕਿ ਮੈਨੂੰ ਦ੍ਵੈਤ ਨਹੀਂ ਹੈ ਕਿਸੇ ਨਾਲ ਵੀ, ਚਾਹੇ ਕੋਈ ਛੋਟਾ ਬੱਚਾ ਹੈ, ਚਾਹੇ ਭੁੱਲਿਆ ਹੋਇਆ ਹੈ, ਕਿੰਨੀਓ ਵੱਡੀ ਗਲਤੀ ਕਿਸੇ ਨੇ ਕਰ ਲਈ, ਇਹੋ ਜਿਹੀਆਂ ਵੀ ਗੱਲਾਂ ਕੀਤੀਆਂ ਨੇ ਕਿ ਜਿਹਨੂੰ ਮਾਫ ਹੀ ਨਹੀਂ ਕੀਤਾ ਜਾ ਸਕਦਾ, ਪਰ ਮੇਰੀ ਨਿਗ੍ਹਾ ਦੇ ਕੋਈ ਬੁਰਾ ਲਗਦਾ ਹੀ ਨਹੀਂ ਕੋਈ ਬੁਰਾ। ਬਾਕੀ ਇਹ ਹੈ ਕਿ ਪ੍ਰਕ੍ਰਿਤੀ ਦਾ ਖੇਲ੍ਹ ਹੋ ਰਿਹਾ ਹੈ ਇਹਦੇ ਵਿਚ ਕਈ ਬੰਦੇ ਚੰਗੇ ਹੁੰਦੇ ਨੇ, ਆਪਣੇ ਆਪਣੇ ਰੋਲ ਦਿਤੇ ਹੋਏ ਨੇ ਵਾਹਿਗੁਰੂ ਨੇ, ਕਈ ਬੰਦੇ ਚੰਗੇ ਵੀ ਹੁੰਦੇ ਨੇ, ਕਈ ਮਾੜੇ ਵੀ ਹੁੰਦੇ ਨੇ। ਮਾੜਾ ਬੰਦਾ ਸਦਾ ਮਾੜਾ ਨਹੀਂ ਰਹਿੰਦਾ, ਚੰਗਾ ਬੰਦਾ ਕਦੇ ਸਦਾ ਚੰਗਾ ਨਹੀਂ ਰਹਿੰਦਾ। ਉਤਰਾਅ-ਚੜ੍ਹਾਅ ਜ਼ਿੰਦਗੀ ਦੇ ਵਿਚ ਆਉਂਦੇ ਹੀ ਰਹਿੰਦੇ ਨੇ -

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥***
***ਅੰਗ - 876***

ਸੋ ਰਹਿਣ ਦਾ ਜਿਹੜਾ ਸਵਾਲ ਇਥੇ ਰਹਿਆ ਨਹੀਂ ਕਰਦਾ ਸਦਾ ਕੋਈ।

***ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ॥***
***ਅੰਗ - 1380***

ਬਾਕੀ ਜੋ ਸਰੀਰਕ ਹਾਲਤ ਹੈ ਇਹ ਨਹੀਂ ਹੈ ਕਿ ਮੈਂ ਇਥੋਂ ਦੁਨੀਆਂ ਤੋਂ ਉਕਤਾਅ ਗਿਆ। ਤੁਸੀਂ ਬਹੁਤ ਪਿਆਰ ਦਿੰਦੇ ਓਂ, ਹਰ ਥਾਂ ਤੇ ਪਿਆਰ ਹੈ, ਇਹੋ ਜਿਹਾ ਵਾਤਾਵਰਣ ਕਿ ਐਉਂ ਸਮਝ ਲਓ ਕਿ ਬਹੁਤ ਵੱਡੀਆਂ ਕੋਠੀਆਂ ਛੱਡ ਕੇ ਛਪਰੀਆਂ 'ਚ ਜਾਣਾ ਨਹੀਂ ਚਾਹੁੰਦਾ। ਐਸ ਤਰ੍ਹਾਂ ਦੇ ਨਾਲ ਮੈਂ ਬਹੁਤ ਸੋਚਦਾ ਹਾਂ ਤੁਹਾਡੇ ਮਨਾਂ ਵਿਚ ਬਹੁਤ ਪਿਆਰ ਹੈ। ਛੱਡਣਾ ਬਹੁਤ ਔਖਾ ਹੈ, ਲੇਕਿਨ ਜਦੋਂ ਮੈਂ ਤੁਲਨਾ ਕਰਦਾਂ ਮੈਨੂੰ ਉਹ ਪਿਆਰ ਭਾਰਾ ਨਜ਼ਰ ਆਉਂਦੈ ਸਾਰਿਆਂ ਤੋਂ, ਕਿ ਮੈਂ ਇਕੱਲਾ ਨਹੀਂ ਹੈਗਾ, ਮੇਰਾ ਕੋਈ ਮਾਲਕ ਵੀ ਹੈਗਾ, ਜਿਹੜਾ ਹਾਲੇ ਮੈਨੂੰ ਚਾਹੁੰਦਾ ਨਹੀਂ ਕਿ ਤੂੰ ਜਾਹ। ਮੇਰੀ ਉਮਰ 70 ਸਾਲ ਦੀ ਲਿਖੀ ਹੋਈ ਸੀ, ਲੀਜ਼ ਮਿਲੀ, ਬੀਮਾਰ ਹੋਇਆ, ਦਿਲ ਦੀ ਤਕਲੀਫ ਹੋਈ, ਮੁੜ ਕੇ ਲੀਜ਼ ਮਿਲ ਗਈ, ਫੇਰ ਹੋਇਆ ਹੁਣ ਮੈਂ ਜਾ ਆਇਆ, ਬਾਈਪਾਸ ਸਰਜਰੀ ਹੋਈ, ਫੇਰ ਗਲ 'ਚ ਕੈਂਸਰ ਹੋ ਗਿਆ, ਹਾਰਪੀਜ਼ ਹੋ ਗਈ ਜਿਹਨੂੰ ਜਨੇਊ ਕਹਿੰਦੇ ਨੇ। ਹੋਈ ਜਾਵੇ ਜਿਹੜਾ ਕੁਛ ਹੁੰਦੈ, ਜਾਣ ਤੋਂ ਮੈਨੂੰ ਡਰ ਨਹੀਂ ਲਗਦਾ ਕੋਈ ਵੀ। ਸੋ ਤੁਸੀਂ ਬਹੁਤ ਵੱਡੀਆਂ ਖੁਸ਼ੀਆਂ ਮਨਾਉਂਦੇ ਹੋਂ ਕਿ ਅੱਜ ਦਾ ਦਿਨ ਹੈ। ਠੀਕ ਹੈ ਪਹਿਲਾਂ ਮੈਂ ਮੰਨਦਾ ਨਹੀਂ ਸੀ ਹੁੰਦਾ, ਹੁਣ ਮੰਨ ਲਿਆ ਮੈਂ ਕਰ ਗਿਆ ਕਿ ਇਨ੍ਹਾਂ ਦਾ ਫਰਜ਼

ਇਹ ਹੈ, ਕਿਉਂਕਿ ਇਨ੍ਹਾਂ ਨੂੰ ਸੁੱਖ ਮਿਲਿਆ ਹੈ ਇਸ ਸਰੀਰ ਤੋਂ, ਇਨ੍ਹਾਂ ਨੇ ਇਨ੍ਹਾਂ ਤਰੀਕਾਂ ਨੂੰ ਗਿਣਨਾ ਹੀ ਗਿਣਨਾ ਹੈ। ਮੇਰੇ ਕਹਿਣ ਤੇ ਨਹੀਂ ਹੱਟਣਾ ਕਿ ਮੈਂ ਕਹੀ ਜਾਵਾਂ ਕਿ ਨਹੀਂ ਜੀ ਮੈਂ ਤਾਂ ਜੰਮਦਾ ਹੀ ਨਹੀਂ, ਮੈਂ ਮਰਦਾ ਹੀ ਨਹੀਂ। ਇਹ ਗਿਆਨ ਦੀਆਂ ਗੱਲਾਂ ਹੋਇਆ ਕਰਦੀਆਂ ਨੇ, ਅਮਲੀ ਨਹੀਂ ਹੋਇਆ ਕਰਦੀਆਂ। ਅਮਲੀ ਤੌਰ ਤੇ ਵਿਛੋੜਾ ਬਹੁਤ ਔਖਾ ਹੈ –

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥***
***ਅੰਗ – 83***

ਸੋ ਜਾਣਾ ਤਾਂ ਹੈ ਹੀ ਹੁਣ, 82 ਸਾਲ ਪੂਰੇ ਹੋ ਗਏ, 83ਵਾਂ ਆ ਗਿਆ, ਵਾਹਿਗੁਰੂ ਦੀ ਮਰਜ਼ੀ ਹੈ ਕਿੰਨਾ ਚਿਰ ਹੋਰ ਲੀਜ਼ ਦੇ ਦਿੰਦੈ। ਸਿਹਤ ਕਿੰਨੀ ਕੁ ਦਿੰਦੈ, ਕੋਈ ਕਰਮ ਭੋਗਣਾ ਰਹਿ ਗਿਆ, ਉਹ ਵੀ ਭੁਗਾ ਕੇ ਮੇਟਣਾ ਚਾਹੁੰਦੈ। ਇਹ ਉਹਦੀ ਮਰਜ਼ੀ ਹੈ। ਮੈਂ ਨਹੀਂ ਤੁਹਾਡੇ ਨਾਲ ਬੇਰੁਖੀ ਕਰਦਾ ਕਿ ਮੈਂ ਚਲਿਆ ਜਾਵਾਂ। ਨਾ ਮੈਂ ਫੁਰਨਾ ਕਰਦਾਂ, ਇਹੋ ਜਿਹੀ ਸੰਗਤ ਮਿਲਦੀ ਹੈ ਕਿਤੇ। ਇਹ ਤਾਂ ਬਹੁਤ ਉਚੇ ਭਾਗ ਹੋਣ ਤਾਂ ਐਨਾ ਪਿਆਰ ਮਿਲਦੈ। ਛੋਟੇ ਤੋਂ ਛੋਟਾ ਬੱਚਾ ਵੀ ਮੈਨੂੰ ਪਿਆਰ ਕਰਦਾ ਹੈ। ਪਿਆਰ ਦੇ ਜੀਵਨ ਵਿਚ ਅਸੀਂ ਰਹਿੰਦੇ ਹਾਂ, ਪਿਆਰ ਦੇ ਵਿਚ ਰਹਿ ਕੇ ਕਿਸੇ ਦਾ ਵੀ ਮਨ ਨਹੀਂ ਕਰਦਾ ਕਿ ਠੰਢੀਆਂ ਕੋਠੀਆਂ ਛੱਡ ਕੇ ਫੇਰ ਜਾ ਕੇ ਝੌਂਪੜੀਆਂ 'ਚ ਵਸ ਜਾਓ। ਟੀਨਾਂ ਦੀਆਂ ਸ਼ੈਡਾਂ 'ਚ ਚਲੇ ਜਾਓ। ਪਰ ਉਹ ਹੈਗੀ ਹੁਕਮ ਦੀ ਖੇਡ। ਬਾਕੀ ਤੁਹਾਡੇ ਨਾਲ ਜਿਹੜਾ ਸਾਥ ਰਿਹਾ ਹੈ ਇਹ ਸੰਜੋਗਾਂ ਦੀ ਗੱਲ ਹੁੰਦੀ ਹੈ। ਜੇ ਮੈਂ ਸਿੰਧ 'ਚ ਗਿਆ ਦਾੜ੍ਹੀ ਨਹੀਂ ਸੀ ਮੇਰੇ ਆਈ, ਉਸ ਵੇਲੇ ਤੋਂ ਹੀ ਪ੍ਰਚਾਰ ਮੈਂ ਸ਼ੁਰੂ ਕੀਤਾ ਹੋਇਆ ਹੈ। ਪਿੰਡ ਵਿਚ ਵੀ ਸੀਗਾ। ਪਿੰਡ ਵਿਚ ਸਾਡੇ ਘਰ ਨੂੰ ਸਿੱਖਾਂ ਦਾ ਘਰ ਕਹਿੰਦੇ ਸੀ। ਟਾਂਵੇਂ-ਟਾਂਵੇਂ ਸਿੱਖ ਹੁੰਦੇ, ਜੇ ਪੁੱਛਣਾ ਕਿਸੇ ਨੇ ਤਾਂ ਕਹਿਣਾ ਸਿੱਖਾਂ ਦਾ ਮੁੰਡਾ ਹੈ ਇਹ। ਸਿੱਖਾਂ ਦਾ ਮੁੰਡਾ ਹੋਣ ਕਰਕੇ ਅਸੀਂ ਕੀਰਤਨ ਵੀ ਕਰਨਾ, ਘਰ-ਘਰ ਕੀਰਤਨ ਕਰਨਾ, ਨਿਆਣੇ ਹੁੰਦਿਆਂ ਨੇ ਹੀ ਸ਼ੁਰੂ ਕਰ ਲਿਆ ਇਹ। ਜਦੋਂ ਮੈਂ ਸਿੰਧ ਵਿਚ ਗਿਆ ਉਥੇ ਜਾ ਕੇ ਬਾਕਾਇਦਾ ਪ੍ਰਚਾਰ ਸ਼ੁਰੂ ਕਰ ਦਿਤਾ। ਉਥੇ ਮੈਂ ਤਨਖਾਹ ਨਹੀਂ ਲਈ ਹੈ ਬਿਲਕੁਲ ਵੀ, ਉਥੇ ਮੈਂ ਚਾਰ ਏਕੜ ਕਪਾਹ ਬੀਜ ਦਿਤੀ ਸੀ। ਬੀਜ ਦਿੰਦੇ ਸੀ ਇਹ ਸਿੰਘ, ਮੇਰੇ ਕੋਲ ਆ ਜਾਂਦੇ ਸੀ, ਗੁਜ਼ਾਰਾ ਚਲ ਜਾਂਦਾ ਸੀ, ਬਹੁਤਾ ਖਰਚ ਜਦ ਹੁੰਦਾ ਹੀ ਨਹੀਂ ਸੀਗਾ। ਉਸ ਤੋਂ ਬਾਅਦ ਜਦੋਂ ਮਹਾਰਾਜ ਜੀ ਨੇ ਮੈਨੂੰ ਬੁਲਾ ਲਿਆ, ਮਹਾਰਾਜ ਜੀ ਨੇ ਮੈਨੂੰ ਦਿੱਲੀ ਭੇਜ ਦਿਤਾ। ਛੇ ਮਹੀਨੇ ਰੱਖਿਆ। ਉਸ ਤੋਂ ਬਾਅਦ ਰਾੜੇ ਵਾਲੇ ਪਾਸੇ ਆ ਰਹੇ ਨੇ ਪਿੰਡ ਵਲ ਨੂੰ, ਟਿੱਬੇ ਹੁੰਦੇ ਸੀ ਬਹੁਤ ਵੱਡੇ, ਮਹਾਰਾਜ ਜੀ ਨਾਲ ਹੀ ਰੱਖਦੇ ਸੀ ਮੈਨੂੰ, ਗੜ੍ਹਵਾ ਮੈਨੂੰ ਹੀ ਫੜਾਉਂਦੇ ਸੀ। ਬਚਨ ਕਰੀ ਜਾਣੇ, ਗੱਲਾਂਬਾਤਾਂ ਮੈਨੂੰ ਵੀ ਬਹੁਤ ਆਉਂਦੀਆਂ ਸੀ। ਕਦੇ ਮੈਂ ਕਰੀ ਜਾਣੀਆਂ, ਮਹਾਰਾਜ ਜੀ ਨੇ ਸੁਣੀ ਜਾਣੀਆਂ, ਮਹਾਰਾਜ ਨੇ ਕਰੀ ਜਾਣੀਆਂ ਤਾਂ ਮੈਂ ਸੁਣੀ ਜਾਣੀਆਂ। ਪਰ ਮੈਨੂੰ ਕਹਿੰਦੇ ਨਹੀਂ ਸੀ ਕਿ ਤੂੰ ਬਹੁਤੀਆਂ ਗੱਲਾਂ ਕਿਉਂ ਕਰਦੈਂ। ਇਕ ਗਿਆਨੀ ਮੇਹਰ ਸਿੰਘ ਹੁੰਦੇ ਸੀ ਉਹ ਵੀ ਬਹੁਤ ਗੱਲਾਂ ਕਰਦੇ ਹੁੰਦੇ ਸੀ। ਮਹਾਰਾਜ ਜੀ ਇਕ ਦਿਨ ਮੇਰੇ ਇਕ ਦਮ ਸਾਮ੍ਹਣੇ ਖੜ੍ਹ ਗਏ, ਸੋਟੀ ਸੀ ਉਨ੍ਹਾਂ ਕੋਲ ਜਿਹਦੇ ਉਤੇ ਬੈਠ ਵੀ ਜਾਈਦੈ, ਉਹ ਐਉਂ ਚੌੜੀ ਕਰ ਲਈ, ਖੜ੍ਹੇ ਰਹੇ। ਮੈਂ ਹੈਰਾਨ ਕਿ ਅੱਜ ਮਹਾਰਾਜ ਜੀ ਮੂਹਰੇ ਕਿਉਂ ਹੋ ਕੇ ਖੜ੍ਹ ਗਏ, ਮੈਂ ਕਿਹਾ ਮਹਾਰਾਜ ਜੀ ਕੀ ਗੱਲ? ਕਹਿੰਦੇ ਇਕ ਗੱਲ ਦੱਸ ਮੈਨੂੰ ਕਿ ਅੱਗ ਕਿੰਨੀ ਕੁ ਤੇਜ਼ ਹੁੰਦੀ ਹੈ। ਮੈਂ ਕਿਹਾ ਬਹੁਤ ਤੇਜ਼ ਹੁੰਦੀ ਹੈ ਜੀ, ਜਾਲ ਦਿੰਦੀ ਹੈ। ਕਹਿੰਦੇ, ਕੋਈ ਐਸਾ ਪਿਉ ਦੁਨੀਆਂ 'ਚ ਹੈ ਜਿਹੜਾ ਆਪਣੇ ਪੁਤਰ ਨੂੰ ਅੱਗ ਵਿਚ ਸੁੱਟ ਦੇਵੇ। ਮੈਂ ਕਿਹਾ ਮਹਾਰਾਜ ਜੀ, ਅੱਗ ਵਿਚ ਗਿਰੇ ਹੋਏ ਪੁੱਤਰ ਨੂੰ ਪਿਉ ਚਾਹੇ ਜਲ ਜਾਵੇ ਪਰ ਕੱਢ ਲਿਆਉਂਦੈ। ਕਹਿੰਦੇ ਆਹੀ ਗੱਲ ਹੈ। ਮੈਂ ਤੈਨੂੰ ਅੱਗ ਵਿਚ ਸੁੱਟਣ ਲੱਗਿਆਂ। ਗੱਲ ਮੇਰੇ ਸਮਝ 'ਚ ਨਾ ਆਈ ਕਿ ਅੱਗ ਵਿਚ ਸੁਟਣੈ, ਸੁਟਣੈ ਸੁੱਟ ਦੇਣ ਉਨ੍ਹਾਂ ਦੀ ਰਜ਼ਾ ਹੈ, ਮਰਜ਼ੀ ਹੈ। ਮੈਂ ਕਿਹਾ ਮਹਾਰਾਜ ਮੈਨੂੰ ਸਮਝਾ ਦਿਓ। ਉਹ ਕਹਿਣ ਲੱਗੇ, ਤੂੰ ਗ੍ਰਿਹਸਤ ਦੇ ਫਿੱਟ ਨਹੀਂ ਸੀਗਾ। ਲੇਕਿਨ ਤੇਰੇ ਕਰਮ ਬਚਦੇ ਨੇ, ਉਹ ਤੂੰ ਸਾਡੇ ਹੁੰਦੇ ਹੁੰਦੇ ਭੋਗ ਲੈ, ਫੇਰ ਪਤਾ ਨਹੀਂ ਅਗਲੇ ਜਨਮ ਵਿਚ ਤੈਨੂੰ ਕੋਈ ਸਾਧੂ ਮਿਲੇ ਨਾ ਮਿਲੇ, ਅਸੀਂ ਤਾਂ ਚਲੇ ਜਾਣੈ, ਮੈਂ ਤਾਂ ਮੁੜ ਕੇ ਆਉਣਾ ਨਹੀਂ ਸੰਸਾਰ 'ਤੇ। ਤੂੰ ਸਾਡੇ ਹੁੰਦੇ ਹੁੰਦੇ ਭੋਗ ਲੈ। ਮੈਂ ਰੋਣ ਲਗ ਗਿਆ, ਮੈਨੂੰ ਪਤਾ ਲੱਗ ਗਿਆ ਕਿ ਮਹਾਰਾਜ ਮੈਨੂੰ ਹੁਣ ਘਰ ਭੇਜਣਗੇ। ਕਹਿੰਦੇ ਰੋ ਨਾ, ਅਸੀਂ ਤੇਰੀ ਮਦਦ ਕਰਾਂਗੇ, ਲੇਕਿਨ –

***ਭੋਗੇ ਬਿਨ ਭਾਗੇ ਨਹੀਂ ਕਰਮਗਤੀ ਬਲਵਾਨ।***

ਕਰਮਗਤੀ ਐਨੀ ਬਲਵਾਨ ਹੈ ਇਹ ਤੈਨੂੰ ਭੋਗਣੀ ਪੈਣੀ ਹੈ। ਕੁਝ ਜੀਵਾਂ ਨੇ ਆਉਣੈ, ਗ੍ਰਿਹਸਤ ਦਾ ਜੀਵਨ ਲੈਣੇ-ਦੇਣੇ, ਔਖੇ-ਸੌਖੇ, ਭਾਈਚਾਰੇ ਨਾਲ ਵਰਤਣਾ, ਭਰਾਵਾਂ ਨਾਲ ਵਰਤਣਾ, ਰਿਸ਼ਤੇਦਾਰਾਂ ਨਾਲ ਵਰਤਣਾ, ਇਹ ਸਾਰੇ ਤੇਰੇ ਕਰਮ ਬਕਾਇਆ ਰਹਿੰਦੇ ਨੇ ਏਸ ਜਨਮ ਦੇ, ਇਹ ਤੂੰ ਭੋਗ ਲੈ। ਤੂੰ ਹੌਂਸਲਾ ਰੱਖ, ਸਾਡਾ ਸਰੀਰ ਜਿੰਨਾਂ ਚਿਰ ਹੈ ਅਸੀਂ ਤੈਨੂੰ ਕੋਈ ਔਖ ਨਹੀਂ ਹੋਣ ਦਿੰਦੇ। ਬਿਲਕੁਲ ਉਨ੍ਹਾਂ ਨੇ ਜਿਹੜਾ ਬਚਨ ਕਿਹਾ ਸੀ, ਉਹ ਬਿਲਕੁਲ ਠੀਕ ਸੀ। ਉਹ ਕਰਮ ਜਿਹੜੇ ਸੀ ਮੈਨੂੰ ਪਤਾ ਹੈ ਕਿ ਮੈਂ ਕਿਹੜਾ ਕਰਮ ਹੁਣ ਭੋਗ ਰਿਹਾ ਹਾਂ। ਲੇਕਿਨ ਮੇਰਾ ਨੁਕਸਾਨ ਬਹੁਤ ਹੋਇਐ। ਨੁਕਸਾਨ ਇਹ ਕਿ ਜਿਹੜਾ ਮੈਨੂੰ ਅਦਾਕਾਰੀ ਮਿਲੀ ਹੈ ਨਾ ਜੀਵਨ ਦੀ ਉਹ ਬੜੀ ਟੇਡੀ-ਮੇਢੀ ਸੀ। ਜੇ ਮੈਂ ਬਗੈਰ ਰੁਜ਼ਗਾਰ ਤੋਂ ਚੱਲਿਆ ਹਾਂ ਤਾਂ, ਮੈਂ ਪਾਠ ਦਾ ਕਦੇ ਪੈਸਾ ਨਹੀਂ, ਪਾਠ ਤਾਂ ਮੈਨੂੰ ਬਹੁਤ ਵਧੀਆ ਆਉਂਦੈ, ਗੁਜ਼ਾਰਾ ਕਰ ਸਕਦਾ ਸੀ। ਉਹਦੇ ਵਿਚ ਨਹੀਂ ਮੈਂ ਆਇਆ, ਕੋਈ ਮੇਰੀ ਪ੍ਰਸੰਸਾ ਕਰੀ ਜਾਵੇ ਮੈਂ ਉਹਦੇ ਵਿਚ ਵੀ ਨਹੀਂ ਆਇਆ, ਲਾਲਚ ਵਿਚ ਨਹੀਂ ਆਇਆ, ਹੋਰ ਚੀਜ਼ਾਂ ਵਿਚ ਨਹੀਂ ਆਇਆ, ਉਥੇ ਮੈਂ

ਸਹੀ ਰਿਹਾ। ਸਹੀ ਇਸ ਤਰ੍ਹਾਂ ਮੈਨੂੰ ਇਹ ਪਤਾ ਲਗ ਗਿਆ ਕਿ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥ ਅੰਗ – 10***

100% ਵਿਸ਼ਵਾਸ਼ ਹੋ ਗਿਆ ਕਿ ਰੋਟੀ ਤਾਂ ਵਾਹਿਗੁਰੂ ਜੀ ਨੇ ਦੇਣੀ ਹੀ ਦੇਣੀ ਹੈ। ਆਪ ਲੈ ਕੇ ਆਊਗਾ ਜੇ ਨਹੀਂ ਕੁਛ ਕਰੂੰਗਾ ਜਾਂ ਕਿਸੇ ਨੂੰ ਭੇਜੇਗਾ। ਉਸੇ ਸਬੰਧ ਵਿਚ ਮੈਂ ਇਕ ਪਿੰਡ ਵਿਚ ਚਲਿਆ ਗਿਆ, ਅਬਾਦਕਾਰ ਸੀਗੇ, ਉਥੇ ਮੈਨੂੰ ਇਕ ਟੋਭਾ ਵਧੀਆ ਲੱਗਿਆ ਮੈਂ ਬਹਿ ਗਿਆ। ਉਥੇ ਕਰਾਹ ਚਲਦਾ ਸੀ, ਜਦੋਂ ਦੁਪਹਿਰਾ ਹੋ ਗਿਆ ਤਾਂ ਉਹ ਲਾਹੌਰ ਦਾ ਸੀਗਾ, ਕਹਿਣ ਲੱਗਿਆ ਕਿ ਕੁੜੀਏ ਅੱਜ ਕਿੰਨੇ ਬੰਦਿਆਂ ਦੀ ਰੋਟੀ ਲਿਆਈ ਹੈਂ। ਕਹਿੰਦੀ ਬਾਪੂ ਅੱਜ ਤਿੰਨ ਬੰਦਿਆਂ ਦੀ ਬੰਨ੍ਹ ਦਿਤੀ ਬੀਬੀ ਨੇ। ਹੁਣ ਦੋ ਤਾਂ ਉਹ ਸੀ, ਤੀਸਰਾ ਮੈਂ ਬੈਠਾ ਸੀ ਪਰ੍ਹੇ। ਬੀਬੀ ਨੂੰ ਤਾਂ ਕੋਈ ਪਤਾ ਨਹੀਂ ਸੀ ਕਿ ਤੀਜਾ ਬੰਦਾ ਵੀ ਉਥੇ ਕੋਈ ਹੈਗਾ। ਉਤਾਬ੍ਹਾ ਸਿੰਘ ਸੀ ਉਹਦਾ ਨਾਂ, ਕਹਿੰਦਾ ਜਾਹ ਮੁੰਡਿਆ ਗੁਰਪਾਲ, ਜਾਹ ਉਹ ਨਿੱਕੇ ਨੂੰ ਬੁਲਾ ਲਿਆ ਜਿਹੜਾ ਅੱਖਾਂ ਮੀਚੀ ਬੈਠੈ ਸਵੇਰ ਦਾ। ਉਹ ਮੇਰੇ ਕੋਲ ਆਇਆ, ਕਹਿੰਦਾ ਬਾਪੂ ਬੁਲਾਉਂਦੈ। ਮੈਂ ਚਲਿਆ ਗਿਆ। ਕਹਿੰਦਾ ਲੈ ਰੋਟੀ ਖਾ ਲੈ। ਮੈਂ ਕਿਹਾ, ਐਂ ਤਾਂ ਨਹੀਂ ਮੈਂ ਖਾਣੀ। ਕਹਿੰਦਾ ਹੋਰ ਕਿਵੇਂ ਖਾਣੀ ਹੈ। ਮੈਂ ਕਿਹਾ ਮੇਰੇ ਤੋਂ ਕੰਮ ਕਰਵਾ ਲੈ, ਐਸ ਤਰ੍ਹਾਂ ਤਾਂ ਖਾਣੀ ਨਹੀਂ। ਕਰਾਹ ਚਲਾਉਣ ਮੈਂ ਜਾਣਦਾ ਹਾਂ, ਤੂੰ ਇਕ ਘੰਟਾ ਮੇਰੇ ਤੋਂ ਕਰਾਹ ਕਰਾ ਲੈ, ਇਕ ਰੋਟੀ ਮੈਂ ਖਾਂਦਾ ਹਾਂ ਅੱਠਾਂ ਪਹਿਰਾਂ ਬਾਅਦ, ਜੇ ਮੈਂ ਇਥੇ ਰਿਹਾ ਤਾਂ ਤੇਰਾ ਇਕ ਘੰਟਾ ਰੋਜ਼ ਕੰਮ ਕਰ ਦਿਆ ਕਰਾਂਗਾ, ਤੂੰ ਮੈਨੂੰ ਇਕ ਰੋਟੀ ਦੇ ਦਿਆ ਕਰੀਂ। ਉਹ ਵੀ ਅੜ ਗਿਆ। ਅਖੀਰ ਇਹ ਹੋਇਆ ਕਿ ਉਹਨੇ ਬਲਦ ਜੋੜ ਦਿਤੇ, ਮੈਂ ਕਰਾਹ ਦਾ ਕੰਨਾ ਫੜ ਲਿਆ, ਭਰ ਕੇ ਲਿਆਂਦਾ, ਕਹਿੰਦਾ ਮੁੰਡਾ ਹੈ ਤਾਂ ਕਾਰੀਗਰ ਦੇਖੋ ਕਿਵੇਂ ਭਰ ਕੇ ਲਿਆਇਐ ਕਰਾਹ। ਕਹਿੰਦਾ, ਲੈ ਬਈ ਤੇਰਾ ਰੋਟੀ ਜੋਗਾ ਹੋ ਗਿਆ। ਮੈਂ ਕਿਹਾ ਐ ਨਹੀਂ। ਮੇਰੇ ਮੂੰਹ ਤੋਂ ਨਿਕਲ ਗਿਆ ਕਿ ਤੂੰ ਮੇਰੇ ਤੋਂ ਭਲਾ ਕਰਵਾ ਲੈ। ਦਾੜ੍ਹੀ ਨਹੀਂ ਸੀ ਓਦੋਂ ਮੇਰੀ ਆਈ। ਛੋਟਾ ਸੀ 18–19 ਸਾਲ ਦਾ। ਕਹਿੰਦਾ ਭਲਾ ਤਾਂ ਮੇਰਾ ਕਰ ਦੇ ਪਰ ਮੈਂ ਸ਼ਰਾਬ ਨਹੀਂ ਛੱਡਣੀ, ਮੈਨੂੰ ਗੁੜ੍ਹਤੀ 'ਚ ਮਿਲੀ ਹੈ। ਮੈਂ ਕਿਹਾ, ਬਾਪੂ! ਮੈਂ ਸ਼ਰਾਬ ਛਡਾਊਂਗਾ। ਕਹਿੰਦਾ ਜੇ ਛੁਡਾ ਦੇਂਗਾ ਫੇਰ ਦੇਖਾਂਗਾ। ਫੇਰ ਮੈਂ ਕਿਹਾ ਮੈਨੂੰ ਕਿਉਂ ਕਹਿੰਦੇ ਓਂ ਕਿ ਰੋਟੀ ਖਾ ਲੈ। ਮੁੰਡਾ ਕਹਿਣ ਲੱਗਿਆ, ਭਾਊ ਜੀ! ਮੈਂ ਛੱਡੀ ਸ਼ਰਾਬ। ਉਥੇ ਮੈਂ ਇਕ ਮਹੀਨਾ ਰਿਹਾ ਉਨ੍ਹਾਂ ਦੇ ਘਰ, ਬਾਣੀ ਪੜ੍ਹਨ ਲਾ ਦਿਤੀਆਂ ਸਾਰੀਆਂ ਬੀਬੀਆਂ, ਨਸ਼ਵਾਰ ਲੈਂਦੀਆਂ ਸੀ ਤੇ ਹੌਲੀ ਹੌਲੀ ਉਂਗਲ ਮੈਂ ਰੋਜ਼ ਡੋਲ੍ਹ ਦਿੰਦਾ ਸੀ, ਜਿਸ ਦਿਨ ਡੁਲ੍ਹ ਗਈ ਆਖਰੀ ਦਿਨ ਆ ਗਿਆ ਐਨੀ ਕੁ ਪਈ ਸੀ, ਉਹ ਰੋਣ ਲਗ ਗਿਆ ਬਜ਼ੁਰਗ। ਕਹਿਣ ਲੱਗਿਆ, "ਆਹ ਆ ਗਿਆ ਤੇਰੇ ਤੇ ਮੇਰੇ ਵਿਚ ਪਾੜ੍ਹ ਪਾਉਣ ਵਾਲਾ, ਸ਼ਾਰਾਬ ਨਾਲ ਗੱਲ ਕਰਦੈ।" ਜਦ ਮੈਂ ਜੰਮਿਆ ਸੀ ਮੇਰੀ ਮਾਂ ਨੇ ਗੁੜ੍ਹਤੀ ਦਿਤੀ ਸੀ, ਤੂੰ ਮੇਰੀ ਜਮਾਂਦਰੂ ਸਾਥੀ, ਆਹ ਮੁੰਡਾ ਪਤਾ ਨਹੀਂ ਕਿਥੋਂ ਆ ਗਿਆ, ਤੇਰਾ ਤੇ ਮੇਰਾ ਇਹਨੇ ਦੁਫੇੜ ਪਾ ਦਿਤਾ। ਉਚੀ–ਉਚੀ ਰੋਇਆ। ਘੁਮਾ ਕੇ ਸ਼ਰਾਬ ਦੀ ਬੋਤਲ ਮਾਰੀ, ਕਹਿੰਦਾ ਲੈ ਹੁਣ ਤੇਰਾ ਤੇ ਮੇਰਾ ਪਿਆਰ ਟੁੱਟਿਆ। ਇਹ ਮੈਂ ਇਕ ਮਿਸਾਲ ਦੱਸਦਾ ਹਾਂ ਕਿ ਇਹ ਮੈਂ ਕੋਈ ਉਪਦੇਸ਼ ਨਾਲ ਨਹੀਂ ਸੀ ਉਸ ਦੀ ਸ਼ਰਾਬ ਛੁਡਾਈ। ਇਸ ਤਰ੍ਹਾਂ ਦੇ ਨਾਲ ਮੈਂ ਆਪਣਾ ਜੀਵਨ ਗੁਜ਼ਾਰ ਰਿਹਾ ਸੀ।

ਉਸ ਤੋਂ ਬਾਅਦ ਮੈਂ ਪਿੰਡ ਆਇਆ, ਪਿੰਡ ਵੀ ਓਹੀ ਕੰਮ ਸ਼ੁਰੂ ਕਰ ਲਿਆ। ਜਦੋਂ ਮੈਂ ਨੌਕਰੀ ਕਰੀ ਫੌਜ ਵਿਚ ਉਥੇ ਵੀ ਇਹੀ ਕੰਮ ਕਰਦਾ ਰਿਹਾ। ਜਦੋਂ ਮੈਂ ਸਿਵਲ 'ਚ ਆ ਗਿਆ, ਸੈਕਟਰੀਏਟ 1957 ਵਿਚ, ਪਹਿਲਾਂ ਪਟਿਆਲਾ ਹੁੰਦਾ ਸੀ। ਉਹਦੇ ਵਿਚ ਵੀ ਨੌਕਰੀ ਕਰਕੇ ਦੱਸੀ ਕਿ ਨੌਕਰੀ ਕਿਵੇਂ ਕਰੀਦੀ ਹੈ। ਮੇਰੇ ਕੋਲ ਪਰਚੇਜ਼ ਦੀ ਬਰਾਂਚ ਸੀ, ਜਿਹਦੇ ਵਿਚ ਲੱਖਾਂ ਹੀ ਰੁਪਿਆ ਕਮੀਸ਼ਨ ਮਿਲਦੈ। ਇਕ ਦਿਨ ਦੀ ਗੱਲ ਕਿ ਇਕ ਠੇਕਾ ਕਰਿਆ, ਉਹ ਮੈਂ ਲਿਖ ਦਿਤਾ ਕਿ ਮਹਿੰਗਾ ਹੈ। ਜਦ ਮੈਂ ਲਿਖ ਰਿਹਾ ਸੀ ਤਾਂ ਠੇਕੇਦਾਰ ਨੇ ਮੇਰੀ ਬਾਂਹ ਫੜ ਲਈ, ਕਹਿੰਦਾ ਬਾਹਰ ਆਇਓ। ਜਦ ਮੈਂ ਬਾਹਰ ਆਇਆ ਤਾਂ ਤਿੰਨ ਹਜ਼ਾਰ ਰੁਪਿਆ ਦੇਵੇ। ਤਿੰਨ ਹਜ਼ਾਰ ਨੂੰ ਦੋ ਸੌ ਨਾਲ ਗੁਣਾਂ ਦੇ ਲਓ ਛੇ ਲੱਖ ਹੋ ਗਿਆ। ਕਹਿੰਦਾ ਆਹ ਲੈ ਲਓ ਤੁਸੀਂ ਪਰ ਲਿਖੋ ਨਾ। ਮੈਂ ਕਿਹਾ, ਹੁਕਮ ਚੰਦ, ਮੈਂ ਤਾਂ ਲਿਖਣਾ ਹੈ ਮੇਰੀ ਡਿਊਟੀ ਹੈ ਇਹ। ਐਨੇ ਨੂੰ ਅੱਧੀ ਛੁੱਟੀ ਹੋ ਗਈ ਮੈਂ ਘਰ ਆ ਗਿਆ, ਉਥੇ ਦੱਸ ਹਜ਼ਾਰ ਰੁਪਿਆ ਲੈ ਆਇਆ ਅੱਜ ਦੇ 15 ਲੱਖ ਦੇ ਬਰਾਬਰ। ਕਹਿੰਦਾ ਅੱਧੇ ਦਿਨ ਤੋਂ ਬਾਅਦ ਦਫਤਰ ਨਹੀਂ ਜਾਣਾ, ਆ ਲਓ ਦੱਸ ਹਜ਼ਾਰ ਰੁਪਿਆ। ਅਫਸਰ ਤੋਂ ਛੁਟੀ ਕਰਵਾ ਕੇ ਲੈ ਆਇਆ, ਉਸ ਦੇ ਉਪਰ ਮੇਰੇ ਦਸਤਖਤ ਨਹੀਂ ਸੀ। ਕਹਿੰਦਾ ਦਸਤਖਤ ਕਰ ਦਿਓ। ਸਿਰਫ ਦਸਤਖਤ ਕਰਨ ਦੇ ਮੈਨੂੰ ਦੱਸ ਹਜ਼ਾਰ ਰੁਪਿਆ ਮਿਲਦਾ ਸੀ। ਕਹਿੰਦਾ ਤੁਹਾਡੇ ਤੋਂ ਕੰਮ ਮੈਂ ਬਾਅਦ ਵਿਚ ਕਰਾ ਲਵਾਂਗਾ। ਅਕਾਊਂਟੈਂਟ, ਜਨਰਲ ਤੱਕ ਸਾਰਿਆਂ ਨੂੰ ਮੈਂ ਪੈਸੇ ਦੇ ਚੁਕਿਆ ਹਾਂ। ਮੈਂ ਨਹੀਂ ਲਏ। ਮੈਨੂੰ ਡੇਗ ਨਹੀਂ ਸਕੀ ਮਾਇਆ। ਮੈਨੂੰ ਬੜੀ ਦੇਰ ਬਾਅਦ ਮਿਲਿਆ ਉਹ ਕਹਿੰਦਾ ਵਰਿਆਮ ਸਿੰਘ, ਜੇ ਤੂੰ ਉਸ ਵੇਲੇ ਪੈਸਾ ਲੈ ਲੈਂਦਾ, ਕਿੱਡਾ ਵੱਡਾ ਤੂੰ ਹੁੰਦਾ ਤੇ ਮੈਂ ਕਿੱਡਾ ਠੇਕੇਦਾਰ ਹੋਣਾ ਸੀ। ਇਸ ਤਰ੍ਹਾਂ ਮੈਂ ਨਹੀਂ ਪੈਸਾ ਲਿਆ ਕਿਸੇ ਤੋਂ ਵੀ। ਸੋ ਦਸਿਆ ਕਰਕੇ ਕਿ ਨੌਕਰੀ ਸਹੀ ਕਿਵੇਂ ਕਰੀਦੀ ਹੈ। ਦਿਨ ਰਾਤ ਕੰਮ ਕਰਿਆ। ਅਫਸਰ ਸਾਰੇ ਇਸ ਗੱਲ ਉਤੇ ਸੀਗੇ ਕਿ ਇਹ ਕੰਮ ਕਰ ਰਿਹਾ ਹੈ। ਇਸ ਤੋਂ ਬਾਅਦ ਮੈਂ ਸਿਵਲ 'ਚ ਆ ਗਿਆ, ਇਥੇ ਬਹੁਤ ਕੰਮ ਕਰਿਆ। ਇਥੇ ਮੇਰਾ ਜਿਹੜਾ ਅਫਸਰ ਸੀ ਉਹ ਕਹਿਣ ਲੱਗਿਆ ਮੈਂ ਤੇਰੇ ਨਾਲ ਗੱਲ ਕਰਨੀ ਹੈ, ਉਹਨੇ ਮੈਨੂੰ ਕੁਰਸੀ ਤੇ ਬਿਠਾਲ ਲਿਆ, ਕਹਿਣ ਲੱਗਿਆ ਆਹ ਦੇਖ, ਤੇਰੀਆਂ ਫਾਇਲਾਂ ਧਰਤੀ ਤੋਂ ਲਗ ਕੇ ਇਥੇ ਤਕ ਆ ਗਈਆਂ।

ਮੇਰੇ ਥੱਲੇ ਦੋ ਬਰਾਂਚਾਂ ਹੋਰ ਨੇ, ਆਹ ਪਈਆਂ ਨੇ ਚਾਰ-ਚਾਰ ਫਾਇਲਾਂ। ਤੂੰ ਇਕੱਲਾ ਮੈਂ ਸਾਰਾ ਦਿਨ ਤੇਰਾ ਕੰਮ ਕਰਦਾਂ, ਤੂੰ ਸ਼ਿਕਾਇਤ ਕਿਉਂ ਨਹੀਂ ਕਰਦਾ। ਤੇਰੇ ਕੋਲ ਐਨਾ ਜ਼ਿਆਦਾ ਕੰਮ ਹੈ ਤੇ ਰੋਜ਼ ਦੀ ਰੋਜ਼ ਤੂੰ ਕੱਢਦੈ ਤੇ ਮੈਨੂੰ ਪਤਾ ਲੱਗਿਐ ਕਿ ਚਾਰ ਵਜੇ ਤੂੰ ਆਉਂਦੈ ਤੇ 11 ਵਜੇ ਰਾਤ ਨੂੰ ਜਾਂਦੈ। ਮੈਂ ਕਿਹਾ ਭਨੌਂਟ ਸਾਹਿਬ! ਤੈਨੂੰ ਇਕ ਗੱਲ ਦੱਸਾਂ, ਤੁਹਾਡਾ ਗਿਰਜਾ ਹੁੰਦੈ ਨਾ। ਕਹਿੰਦਾ ਹਾਂ। ਮੈਂ ਕਿਹਾ ਕਿੱਡਾ ਕੁ ਹੁੰਦੈ? 18 ਸੈਕਟਰ ਵਾਲਾ। ਮੈਂ ਕਿਹਾ, ਸਾਡਾ ਗੁਰਦੁਆਰਾ ਹੁੰਦੈ। ਇਕ ਗੁਰਦੁਆਰਾ ਉਹ ਹੈ ਜੋ ਅਸੀਂ ਬਣਾਉਂਦੇ ਹਾਂ, ਇਕ ਗੁਰਦੁਆਰਾ ਸਾਨੂੰ ਗੁਰੂ ਨੇ ਦੱਸਿਐ। ਉਹ ਗੁਰਦੁਆਰਾ ਸਾਡਾ ਦਿੱਲੀ ਤੋਂ ਜਮੁਨਾ ਦੇ ਨਾਲ ਤੁਸੀਂ ਲਾਈਨ ਕੱਢ ਲਓ ਤੇ ਤਿੱਬਤ ਤੱਕ ਚਲੇ ਜਾਓ ਤੇ ਇਧਰ ਪਾਕਿਸਤਾਨ ਐ, ਹੇਠਾਂ ਚਲੇ ਜਾਓ ਜਾ ਕੇ ਦਿੱਲੀ ਤੋਂ ਥੱਲੇ ਹਰਿਆਣੇ ਦੇ ਮਹਿੰਦਰਗੜ੍ਹ, ਤੱਕ ਐਡਾ ਗੁਰਦੁਆਰਾ ਹੈ ਮੇਰਾ। ਮੇਰੇ ਕੋਲ ਹੈ ਕੁਦਰਤੀ ਆਫਤਾਂ ਦਾ ਮਹਿਕਮਾਂ। ਜੇ ਮੇਰੇ ਹੁੰਦੇ ਹੁੰਦੇ ਇਕ ਬੰਧ ਟੁੱਟ ਗਿਆ, ਇਕ ਬੰਦਾ ਰੁੜ੍ਹ ਗਿਆ, ਖੇਤੀ ਚਲੀ ਗਈ, ਪਸ਼ੂ ਰੁੜ੍ਹ ਗਏ, ਮੇਰਾ ਜਪੁਜੀ ਸਾਹਿਬ ਕੀ ਕਰੂਗਾ, ਮੇਰਾ ਭਜਨ ਕਰਨਾ ਕੀ ਕਰੂਗਾ ਤੇ ਮੇਰਾ ਭਜਨ ਹੁਣ ਇਹੀ ਹੈ ਕਿ ਮੈਂ ਤੜਕੇ ਚਾਰ ਵਜੇ ਲੱਗ ਜਾਨਾਂ, ਰਾਤ ਦੇ ਗਿਆਰ੍ਹਾਂ ਵਜੇ ਜਦ ਜਾਂਦਾ, ਜਦ ਮੈਨੂੰ ਤਸੱਲੀ ਹੋ ਜਾਂਦੀ ਹੈ ਕਿ ਐਸ ਵੇਲੇ ਸਭ ਠੀਕ ਹੈ। ਹੈਰਾਨ ਹੋ ਗਿਆ ਕਹਿਣ ਲੱਗਿਆ ਕਿ ਤੂੰ ਐਡੀ ਵੱਡੀ ਸੋਚ ਰਖਦੈਂ? ਮੈਂ ਕਿਹਾ ਹਾਂ ਮੇਰੇ ਗੁਰੂ ਨੇ ਦੱਸਿਐ ਕਿ -

***ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***

***ਅੰਗ - 463***

ਇਹ ਤਾਂ ਸੰਸਾਰ ਹੀ ਸਾਰਾ ਸੱਚੇ ਦੀ ਕੋਠੜੀ ਹੈ। ਵਾਹਿਗੁਰੂ ਦਾ ਗੁਰਦੁਆਰਾ ਹੈ ਤੇ ਮੈਂ ਇਹਦੀ ਸੇਵਾ ਕਰਦਾ ਹਾਂ। ਉਹਨੇ ਗੌਰਮਿੰਟ ਨੂੰ ਲਿਖ ਦਿਤਾ। ਪੰਜਾਬ ਗੌਰਮਿੰਟ ਦੀ ਮੈਨੂੰ ਚਿੱਠੀ ਆ ਗਈ ਕਿ 1958 ਦਾ ਤੇਰੇ ਕੰਮ ਦੀ ਗੌਰਮਿੰਟ ਸ਼ਲਾਘਾ ਕਰਦੀ ਹੈ। ਕੋਈ ਗਲਤੀ ਨਹੀਂ ਹੋਣ ਦਿਤੀ, ਕਦੇ ਕੋਈ ਭੋਰਾ ਨੁਕਸਾਨ ਨਹੀਂ ਹੋਇਆ। ਉਹਨੇ ਦੋ ਬਰਾਂਚਾਂ ਬਣਾ ਦਿਤੀਆਂ ਮੇਰੀ ਇਕੱਲੀ ਸੀਟ ਤੇ। ਉਹ ਮੈਂ ਕਰਕੇ ਦਿਖਾਇਆ ਕਿ ਜੇ ਨੌਂਕਰੀ ਕਰਨੀ ਹੈ ਤਾਂ ਐਸ ਤਰ੍ਹਾਂ ਕਰੀਦੀ ਹੈ। ਜੇ ਮੈਂ ਖੇਤੀ ਕੀਤੀ ਹੈ ਮੈਨੂੰ ਵਾਹਿਗੁਰੂ ਨੇ ਜ਼ਮੀਨ ਦਿਤੀ ਹੈ, ਮੇਰੇ ਖੇਤਾਂ ਦੇ ਵਿਚ ਇਕ ਕੁਇੰਟਲ ਤੋਂ ਘੱਟ ਫਸਲ ਨਹੀਂ ਹੋਣੀ ਚਾਹੀਦੀ। ਬੀਜੀ ਤੁਹਾਡੇ ਨਾਲ ਲੱਗੇ ਰਹਿੰਦੇ ਸੀ, ਮੈਨੂੰ ਆ ਕੇ ਦੱਸਣਾ ਕਿ ਫਲਾਣੇ ਥਾਉਂ ਪਾਣੀ ਖੜ੍ਹਾ ਹੈ। ਮੈਨੂੰ ਬਗੈਰ ਦੱਸੇ ਨੌਂਕਰਾਂ ਨੂੰ ਲੈ ਜਾਣਾ ਬਾਲਟੀਆਂ ਲੈ ਕੇ ਕਹਿਣਾ ਕੱਢੋ ਪਾਣੀ ਇਹਦਾ। ਪਾਣੀ ਨਹੀਂ ਸੀ ਖੜ੍ਹਨ ਦਿੰਦੇ। ਕਹਿੰਦੇ ਸੀ ਖੇਤ 'ਚ ਕਣਕ ਕਮਜ਼ੋਰ ਪੈ ਜਾਊ। ਖੇਤੀ ਵੀ ਅਸੀਂ ਇਸ ਤਰ੍ਹਾਂ ਕਰੀ। ਉਹਦੇ ਵਿਚ ਵੀ ਸਾਰੇ ਹੈਰਾਨ ਸੀ ਕਿ ਨਾਲੇ ਤਾਂ ਸਤਿਸੰਗ ਕਰਦੈ ਤੇ ਨਾਲੇ ਖੇਤੀ ਕਰ ਰਿਹਾ ਉਹ ਵੀ ਉਚ ਦਰਜੇ ਦੀ ਕਰ ਰਿਹਾ ਹੈ। ਉਸ ਤੋਂ ਬਾਅਦ ਮੈਂ ਇਥੇ ਚੰਡੀਗੜ੍ਹ ਆ ਗਿਆ, ਇਥੇ ਆਏ ਤਾਂ ਪਿੰਡਾਂ 'ਚ ਹਾਲ ਚਾਲ ਦੇਖਿਆ, ਬਹੁਤਾ ਹੀ ਮੰਦਾ ਹਾਲ ਸੀ। ਪੈਸਾ ਮੇਰੇ ਕੋਲ ਬਥੇਰਾ ਸੀ, ਥੋੜ੍ਹਾ ਨਹੀਂ ਸੀ, ਮੈਂ ਕਿਹਾ ਆਪਾਂ ਟਰੱਕ ਲੈ ਲੈਨੇ ਆਂ, ਉਹਦੇ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰ ਲੈਨੇ ਆਂ, ਮੈਂ ਗੁਦਾਮ ਲਏ ਹੋਏ ਨੇ, 65 ਹਜ਼ਾਰ ਰੁਪਿਆ ਮਹੀਨਾ ਕਿਰਾਇਆ ਆਇਆ ਕਰੇਗਾ ਤੇ ਆਪਾਂ ਪ੍ਰਚਾਰ ਕਰੀਏ। ਬਾਕੀ ਬੰਦੇ ਮੈਂ ਤਨਖਾਹ ਤੇ ਰੱਖ ਲਵਾਂਗਾ। ਉਸੇ ਤਰ੍ਹਾਂ ਨਾਲ ਮੈਂ ਕੀਤਾ। ਮੈਨੂੰ ਪਤਾ ਲੱਗ ਗਿਆ ਕਿ ਮੇਰੇ ਤੋਂ ਦੋ ਕੰਮ ਨਹੀਂ ਚਲਣੇ, ਗੁਦਾਮਾਂ ਵਾਲਾ ਨਹੀਂ ਚੱਲਣਾ, ਗੁਦਾਮਾਂ ਵਾਲਾ ਗੌਰਮਿੰਟ ਆਫ਼ ਇੰਡੀਆ ਨੇ ਮਨਜ਼ੂਰ ਕਰ ਦਿਤਾ ਸੀ, ਉਹਦਾ 65 ਹਜ਼ਾਰ ਰੁਪਿਆ ਕਿਰਾਇਆ ਸੀ ਉਨ੍ਹਾਂ ਦਿਨਾਂ ਵਿਚ। 13 ਹਜ਼ਾਰ ਮੈਨੂੰ ਮਿਲਣਾ ਸੀ, 52 ਹਜ਼ਾਰ ਉਨ੍ਹਾਂ ਨੇ ਕਰਜ਼ੇ ਦਾ ਕੱਟਣਾ ਸੀ। ਮੈਂ ਕਿਹਾ ਛੱਡੋ ਪਰ੍ਹੇ ਇਹ ਵੀ ਮੈਨੂੰ ਫੁਰਨਾ ਹੀ ਰਹੇਗਾ, ਮੈਂ ਦਿਨ ਰਾਤ ਇਕ ਕਰਨੈ। ਆਹ ਲੋਕ ਤਾਂ ਬਿਲੁਕਲ ਹੀ ਗਏ ਆਏ। ਉਥੇ ਮੈਂ ਗੁਰੂ ਸਾਹਿਬ ਕੋਲ ਜਾ ਕੇ ਮੈਂ ਜੁੱਤੀਆਂ ਖਾਣੀਐ। ਮੈਨੂੰ ਇਕੱਲੇ ਨੂੰ ਫਿਕਰ ਪਿਆ ਸੀ ਕਿ ਮੇਰੇ ਜੁੱਤੀਆਂ ਪੈਣਗੀਆਂ। ਉਹ ਫਿਕਰ ਕਿਉਂ ਸੀ ਕਿਉਂਕਿ ਮੇਰੇ ਅੰਦਰ ਐਉਂ ਆ ਜਾਂਦਾ ਸੀ ਕਿ ਤੂੰ ਕਰ ਸਕਦੈ। ਤੂੰ ਕਰ ਸਕਦਾ ਸੀ ਤੇ ਤੂੰ ਕਿਉਂ ਨਾ ਕਰਿਆ। ਮੈਂ ਗੁਰੂ ਮਹਾਰਾਜ ਤੋਂ ਡਰਦਾ ਸੀ। ਉਹਦੇ ਨਾਲ ਫੇਰ ਦਿਨ ਰਾਤ ਇਕ ਹੋਇਆ। ਕਾਰ ਮੈਂ ਆਪ ਡਰਾਈਵ ਕਰਦਾ ਸੀ ਜਾਂ ਜੀਪ ਡਰਾਈਵ ਕਰਦਾ ਸੀ। ਰਾਤ ਨੂੰ ਇਕ ਵਜੇ ਆਉਣਾ। ਮੈਨੂੰ ਕਈਆਂ ਨੇ ਕਿਹਾ ਕਿ ਤੁਹਾਨੂੰ ਤਿੰਨ-ਚਾਰ ਘੰਟੇ ਕੀਰਤਨ ਕਰਦਿਆਂ ਨੂੰ ਹੋ ਗਏ, ਤੁਸੀਂ ਹੁਣ ਕਾਰ ਚਲਾਓਂਗੇ ਜਾਂ ਜੀਪ ਚਲਾਓਂਗੇ। ਇਹ ਤੁਸੀਂ ਆਪਣੇ ਆਪ ਨੂੰ ਬਹੁਤ ਹੀ ਦੇਖ ਦੇ ਰਹੇ ਹੋ। ਮੈਂ ਹੱਸ ਪਿਆ ਮੈਂ ਕਿਹਾ ਕੋਈ ਨਾ ਜੇ ਲੇਖੇ 'ਚ ਲਗ ਜਾਏ ਦੇਹੀ ਏਸੇ ਤਰ੍ਹਾਂ ਚੰਗਾ ਹੀ ਹੈ। ਸੋ ਉਹਦਾ ਨਤੀਜਾ ਹੋਇਆ ਕਿ ਅੱਜ ਤੁਸੀਂ ਮੈਨੂੰ ਕਿੰਨਾ ਪਿਆਰ ਦਿਤਾ ਹੈ। ਕਿੰਨਾ ਤੁਹਾਡੇ ਅੰਦਰ ਸਿੱਖੀ ਦਾ ਜਜ਼ਬਾ ਹੈ, ਕਿੰਨਾ ਜਿਗਰਾ ਹੈ। ਇਕ ਆਦਮੀ ਉਠਣ ਨੂੰ ਵੀ ਤਿਆਰ ਨਹੀਂ, ਲੰਗਰ ਦਾ ਟਾਈਮ ਹੋ ਗਿਆ ਹੈ। ਸੋ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਵੀ ਕਰਦਾ ਹਾਂ, ਮੇਰਾ ਜੀਅ ਨਹੀਂ ਕਰਦਾ ਕਿ ਅਸੀਂ ਚਲੇ ਜਾਈਏ ਪਰ ਜਿਸ ਦਿਨ ਬੁਲਾ ਲਏ ਉਸ ਦਿਨ ਰਹਿਣਾ ਨਹੀਂ ਹੈ। ਉਹ ਬੁਲਾਉਣ ਵਾਲਿਆਂ ਦਾ ਮੈਨੂੰ ਪਤਾ ਹੈ। ਹੁਣ ਸ. ਜਗੀਰ ਸਿੰਘ ਦਾ ਮੈਨੂੰ ਪਤਾ ਹੈ ਕਿ ਜਦੋਂ ਹਜ਼ੂਰ ਸਾਹਿਬ ਅੰਮ੍ਰਿਤ ਛਕਣ ਲੱਗਿਆ ਲਾਈਨ ਵਿਚੋਂ ਉਠਾ ਦਿਤਾ, ਕਹਿੰਦੇ ਉਥੇ ਵਰਿਆਮ ਸਿੰਘ ਭੇਜ ਦਿਤਾ ਉਥੇ ਜਾ ਕੇ ਛਕ ਲੈ। ਜਿੰਨੇ ਮੈਂ ਦੀਵਾਨ ਲਾਏ ਨੇ ਬਾਜ਼ ਬਡਹੇੜੀ ਉਤਰ ਆਇਆ, ਚਾਰ ਦਿਨ ਰਿਹਾ, ਉਸ ਤੋਂ ਬਾਅਦ ਹਮੇਸ਼ਾ ਹੀ ਆਉਂਦਾ ਰਿਹਾ, ਇਥੇ ਵੀ ਆਉਂਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਇਹ ਸਾਰੀ ਸਹਾਇਤਾ ਕੀਤੀ ਹੈ। ਸੋ ਹੁਣ ਮੈਂ ਸਾਰਿਆਂ ਦਾ ਧੰਨਵਾਦ ਕਰਦਾ ਹੋਇਆ ਫਤਹਿ ਬੁਲਾਉਂਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

# ਸੁਰਤਿ ਸਬਦਿ ਮਾਰਗ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ.ਗੁ. ਰੂਹਾਨੀ. ਮਿਸ਼ਨ।***

ਸ਼ਾਨ.............................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***
***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਅੰਗ - ੨੫੬***
***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਅੰਗ - ੨੮੯***
***ਧਾਰਨਾ - ਪ੍ਰਭ ਮੋਹਿ ਨ ਵਿਸਾਰੋ ਜੀ,***
***ਮੈਂ ਜਨ ਤੇਰਾ, ਮੈਂ ਜਨ ਤੇਰਾ - ੨, ੨.***
***ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥***
***ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥ ੧ ॥***
***ਰਾਮ ਗੁਸਈਆ ਜੀਅ ਕੇ ਜੀਵਨਾ ॥***
***ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ ੧॥ ਰਹਾਉ ॥***
***ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥***
***ਚਰਣ ਨ ਛਾਡਉ ਸਰੀਰ ਕਲ ਜਾਈ ॥ ੨ ॥***
***ਕਹੁ ਰਵਿਦਾਸ ਪਰਉ ਤੇਰੀ ਸਾਭਾ ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥ ਅੰਗ - ੩੪੫***
***ਧਾਰਨਾ - ਲੁੱਟ ਲੁੱਟ ਲਓ ਨਸੀਬਾਂ ਵਾਲੇ ਬੰਦਿਓ,***
***ਲੁੱਟ ਪੈ ਗਈ ਰਾਮ ਨਾਮ ਦੀ -੨, ੨.***
***ਕਬੀਰ ਲੂਟਨਾ ਹੈ ਤ ਲੂਟਿ ਲੈ***
***ਰਾਮ ਨਾਮ ਹੈ ਲੂਟਿ ॥ ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥ ਅੰਗ - ੧੩੬੬***
***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥ ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬***

ਸਾਧਸੰਗਤਿ ਜੀ, ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਗਰਮੀ ਦਾ ਮਹੀਨਾ ਹੈ; ਇਸ ਦੇ ਅੰਦਰ ਸਹਿਜ ਤਪ ਕਰਦੇ ਹੋਏ ਆਪ ਗੁਰੂ ਦਰਬਾਰ ਵਿੱਚ ਬੈਠੇ ਹੋ। ਕਿਉਂਕਿ ਇੱਕ ਤਾਮਸੀ ਤਪ ਹੁੰਦਾ ਹੈ, ਉਹ ਨਿਰਾਰਥਕ ਤਪ ਹੋਇਆ ਤਪ ਹੋਇਆ ਕਰਦਾ ਹੈ; ਧੂਣੀਆਂ ਤਾਪ ਲੈਣੀਆਂ, ਉਤੋਂ ਸੂਰਜ ਤਪਦਾ ਹੈ ਤੇ ਹਵਾ ਅੱਗ ਵਰਗੀ ਝੁੱਲ ਰਹੀ ਹੈ, ਉਸ ਤੋਂ ਵੀ ਵੱਧ ਧੂਣੀਆਂ ਲਾ ਲੈਣੀਆਂ - ਚਾਰ, ਸਰੀਰ ਦਾ ਖੂਨ ਸੁਕਾ ਦੇਣਾ - ਇਸਦਾ ਕੋਈ ਮਤਲਬ ਨਹੀਂ ਹੁੰਦਾ। ਲੇਕਿਨ ਜੋ ਸਹਿਜ ਤਪ ਆਪਾਂ ਕਰ ਰਹੇ ਹਾਂ - ਸਤਿਸੰਗ ਦੇ ਰੂਪ ਦੇ ਅੰਦਰ, ਇਹਦਾ ਬਹੁਤ ਬੜਾ ਫਲ ਹੁੰਦਾ ਹੈ। ਸੋ, ਫੁਰਮਾਨ ਇਹ ਹੈ ਕਿ ਕਲਿਜੁਗ ਦੇ ਅੰਦਰ ਮਨੁੱਖ ਦਾ ਸਰੀਰ ਧਾਰ ਕੇ ਪਰਮੇਸ਼ਰ ਦਾ ਨਾਉਂ ਲੁੱਟਣ ਦਾ ਮੌਕਾ ਮਿਲਿਆ ਹੋਇਆ ਹੈ, ਪਰ ਇਹਨੂੰ ਕੋਈ ਭਾਗਾਂ ਵਾਲਾ ਬੰਦਾ ਹੈ, ਕਿਸਮਤ ਵਾਲਾ ਬੰਦਾ ਹੈ ਜਿਹੜਾ ਲੁੱਟ ਰਿਹਾ ਹੈ। ਪਤਾ ਨਹੀਂ ਲਗਦਾ ਕਿਉਂਕਿ ਰੁਚੀਆਂ ਦੂਸਰੇ ਪਾਸੇ ਸਾਡੀਆਂ ਪਈਆਂ ਨੇ; ਸੰਸਾਰ ਮਿੱਠਾ ਲਗਦਾ ਹੈ ਤੇ ਜੋ ਅਸਲੀ ਚੀਜ਼ ਹੈ, ਉਹਦੇ ਵਲ ਸਾਡਾ ਧਿਆਨ ਨਹੀਂ ਜਾਂਦਾ। ਸੰਸਾਰ ਛੱਡ ਕੇ ਚਲੇ ਜਾਣਾ ਹੈ, ਸੰਸਾਰ ਦੀ ਦੌਲਤ ਏਥੇ ਹੀ ਰਹਿ ਜਾਣੀ ਹੈਂ ਤੇ ਜੋ ਨਾਮ ਦਾ ਸੱਚਾ ਧਨ ਹੈ, ਉਸ ਨੂੰ ਕੱਠਾ ਕਰਨ ਦਾ ਅਸੀਂ ਭੋਰਾ ਜਿੰਨਾ ਵੀ ਫਿਕਰ ਨਹੀਂ ਕਰਦੇ। ਸੋ ਇਹ ਬੜਾ ਭਾਰੀ ਮਸਲਾ ਹੈ - ਆਸਤਿਕ ਜਗਤ ਦੇ ਸਾਮ੍ਹਣੇ। ਦੋ ਤਿੰਨ ਚੀਜ਼ਾਂ ਨੇ ਏਥੇ, ਜਿਹਦੇ ਉੱਤੇ ਆਦਮੀ ਦਾ ਵਿਸ਼ਵਾਸ਼ ਨਹੀਂ ਆਇਆ ਕਰਦਾ। ਇੱਕ ਤਾਂ ਇਹ ਕਿ ਸੰਸਾਰ ਤੁਰਿਆ ਜਾਂਦਾ ਹੈ, ਹਰ ਬੰਦਾ ਜਾਣਦਾ ਹੈ ਕਿ ਫਲਾਣਾ ਚਲਿਆ ਗਿਆ, ਫਲਾਣਾ ਚਲਿਆ ਗਿਆ -

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥***
***ਅੰਗ - ੧੩੮੧***

ਹੈ ਕੋਈ ਮਾਂ ਜਾਂ ਪਿਓ, ਵੱਡੀਆਂ ਉਮਰਾਂ ਵਾਲੇ, ਛੋਟੀਆਂ ਉਮਰਾਂ ਵਾਲੇ - ਦਾਦੇ, ਦਾਦੀਆਂ, ਪੜਦਾਦੇ, ਪੜਦਾਦੀਆਂ? ਕਿਥੇ ਚਲੇ ਗਏ - 'ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥' ਤੇਰੇ ਕੋਲੋਂ ਚਲੇ ਗਏ, ਤੇਰਾ ਅਜੇ ਵੀ ਮਨ ਨਹੀਂ ਪਤੀਜਿਆ ਕਿ ਸੰਸਾਰ ਵਿੱਚ ਰਹਿਣਾ ਨਹੀਂ ਹੈ, ਏਥੋਂ ਚਲੇ ਜਾਣਾ ਹੈ। ਰਹਿਣਾ ਹੈ ਨਹੀਂ ਪਰ ਸੌ ਵਰ੍ਹਿਆਂ ਦੀ ਪਿੜ ਬੰਨ੍ਹਣ ਨੂੰ ਤਿਆਰ ਹੋ ਜਾਂਦਾ ਹੈ -

***ਗਹਰੀ ਕਰਿ ਕੈ ਨੀਵ ਖੁਦਾਈ***
***ਊਪਰਿ ਮੰਡਪ ਛਾਏ ॥ ਅੰਗ - ੬੯੨***

ਗਹਰੀਆਂ ਕਰ ਕਰ ਕੇ ਨਿਹੁੰਆਂ ਪਾਉਂਦਾ ਹੈਂ, ਕੋਠੀਆਂ ਪਾਉਂਦਾ ਹੈਂ ਹੋਰ ਇਨ੍ਹਾਂ ਨੂੰ ਵਧੀਆਂ ਬਣਾਉਂਦਾ ਹੈਂ, ਪਾਪ ਦੀ ਕਮਾਈ ਕਰ ਕਰ ਕੇ, ਧੋਖੇ ਨਾਲ ਪੈਸਾ ਕਮਾ-ਕਮਾ ਕੇ। ਪ੍ਰੇਮੀਆਂ! ਏਥੇ ਹੀ ਛੱਡ ਜਾਣਾ ਹੈ। ਜਿਹੜੇ ਬਾਲ ਬੱਚਿਆਂ ਦੇ ਵਾਸਤੇ ਤੂੰ ਕਮਾਉਂਦਾ ਹੈਂ, ਇਹ ਤਾਂ ਤੈਨੂੰ ਬੁਢੇਪੇ ਦੇ ਅੰਦਰ ਊਈਂ ਜਵਾਬ ਦੇ ਦਿੰਦੇ ਨੇ; ਗਲਤ ਕੰਮ ਕਰ ਰਿਹਾ ਹੈਂ, ਪੁੱਠੇ ਕੰਮ ਕਰ ਰਿਹਾ ਹੈਂ। ਸੰਸਾਰ ਤੋਂ ਜਾਣਾ ਹੀ ਜਾਣਾ ਹੈ; ਉਹ ਧਨ ਇਕੱਠਾ ਕਰ, ਖੱਟ ਲੈ, ਜਿਹੜਾ ਤੇਰੇ ਨਾਲ ਚਲਿਆ ਜਾਊ-

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਅੰਗ - ੨੬੪***

ਓਥੇ ਨਾਮ ਨੇ ਸਹਾਇਤਾ ਕਰਨੀ ਹੈ, ਹੋਰ ਕਿਸੇ ਚੀਜ਼ ਨੇ ਸਹਾਇਤਾ ਨਹੀਂ ਕਰਨੀ। ਐਸਾ ਫੁਰਮਾਨ ਹੈ -

***ਧਾਰਨਾ - ਓਥੇ ਨਾਮ ਨੇ ਸਹਾਇਤਾ ਕਰਨੀ,***
***ਔਖੀ ਵੇਲਾ, ਔਖੀ ਵੇਲਾ - ੨, ੩***
***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***

***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥***

***ਅੰਗ - ੨੬੪***

ਜਿਥੇ ਜਮਦੂਤਾਂ ਦੇ ਦਲਾਂ ਦੇ ਦਲ, ਦਲ ਰਹੇ ਨੇ, ਜੀਵ ਆਤਮਾ ਨੂੰ ਦੁਖੀ ਕਰ ਰਹੇ ਨੇ, ਕੋਈ ਚੀਜ਼ ਸੰਸਾਰ ਦੀ - ਨ ਕੋਠੀ, ਨਾ ਅਹੁਦੇ, ਨਾ ਪੈਸਾ, ਕੋਈ ਨਾਲ ਨਹੀਂ ਜਾਣਾ - 'ਤਹ ਕੇਵਲ ਨਾਮੁ ਸੰਗਿ ਤੇਰੈ ਚਲੈ।' ਓਥੇ ਕੇਵਲ ਨਾਮ ਨੇ ਨਾਲ ਜਾਣਾ ਹੈ -

***ਜਹ ਮੁਸਕਲੁ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥ ਅੰਗ - ੨੬੪***

ਅੱਖ ਝਮਕਣ ਦੇ ਸਮੇਂ ਤੋਂ ਵੀ ਪੰਦਰਵੇਂ ਹਿੱਸੇ ਜਿੰਨੇ ਥੋੜੇ ਟਾਇਮ ਦੇ ਅੰਦਰ ਉਧਾਰ ਕਰ ਦਿੰਦਾ ਹੈ - ਐਸਾ ਨਾਮ ਹੈ। ਪਹਿਲੀ ਚੀਜ਼ ਤਾਂ ਇਹ ਹੈ ਕਿ ਸੰਸਾਰ ਤੋਂ ਜਾਣਾ ਭੁੱਲਿਆ ਹੋਇਆ ਹੈ। ਪਤਾ ਨਹੀਂ ਲਗਦਾ ਕਿਉਂਕਿ ਇਹ ਲਿਲੂਸੌਨਿ (ਛਲ) ਵਿੱਚ ਆ ਗਿਆ, ਗਿਨੋਰਓਨਚਣ (ਭੁੱਲ) ਵਿੱਚ ਆ ਗਿਆ, ਅਨਜਾਣ ਬਣ ਗਿਆ - ਪੜ੍ਹਿਆ-ਲਿਖਿਆ ਹੋ ਕੇ, ਬਹੁਤ ਕਿਤਾਬਾਂ ਪੜ੍ਹ ਕੇ, ਡਿਗਰੀਆਂ ਲੈ ਕੇ; ਮਹਾਰਾਜ ਕਹਿੰਦੇ, ਫੇਰ ਵੀ ਅਨਜਾਣ ਬਣਿਆ ਪਿਆ ਹੈ -

***ਧਾਰਨਾ - ਨਹੀਓਂ ਮਰਨ ਪਛਾਣਦਾ,***
***ਝੂਠੇ ਲਾਲਚ ਲਗ ਕੇ ਬੰਦਾ -੨, ੨.***
***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥***

***ਅੰਗ - ੭੨੬***

ਕਾਰਨ! ਕਿਉਂ ਆਦਮੀ ਭੁੱਲਦਾ ਹੈ? ਕਹਿੰਦੇ, ਸੱਚੇ ਲਾਲਚ ਵਿੱਚ ਨਹੀਂ ਲਗਦਾ, ਝੂਠੇ ਲਾਲਚ ਵਿੱਚ ਲਗਦਾ ਹੈ। ਸੱਚਾ ਲਾਲਚ ਉਹ ਹੈ ਜਿਹੜਾ ਇਸ ਸੰਸਾਰ ਤੋਂ ਜਾਣ ਤੋਂ ਬਾਅਦ ਓਥੇ ਵੀ ਸਾਡੇ ਨਾਲ ਚਲਿਆ ਜਾਵੇ। ਉਹ ਲਾਲਚ ਹੈ - ਨਾਮ ਦਾ, ਸੇਵਾ ਦਾ, ਸਿਮਰਨ ਦਾ, ਸਤਿਸੰਗ ਦਾ। ਬਾਕੀ ਸਾਰੀਆਂ ਜਿੰਨੀਆਂ ਵੀ ਦੁਨੀਆਂ ਦੀਆਂ ਚੀਜ਼ਾਂ ਨੇ, ਇਹ ਸਾਰਾ ਝੂਠ ਲਾਲਚ ਹੈ। ਕਹਿੰਦੇ, 'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ।' ਇਸਨੂੰ ਮਰਨ ਦਾ ਪਤਾ ਨਹੀਂ ਹਾਲਾਂਕਿ ਉਮਰ ਲੰਘਦੀ ਜਾਂਦੀ ਹੈ - 'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥' ਟੁੱਟੇ ਹੋਏ ਘੜੇ ਦਾ ਜਿਵੇਂ ਪਾਣੀ ਹਰ ਛਿਨ ਕਤਰਾ-ਕਤਰਾ ਹੋ ਕੇ ਨਿਕਲਦਾ ਜਾਂਦਾ ਹੈ, ਇਸੇ ਤਰ੍ਹਾਂ ਇੱਕ ਮਿੰਟ ਦੇ ਅੰਧਰ - ਬੈਠੇ ਆਦਮੀ ਦੇ ੧੨ ਸਵਾਸ ਘਟ ਜਾਂਦੇ ਨੇ, ਚਲਦੇ ਦੇ ੧੮ ਸੁਆਸ ਘਟ ਜਾਂਦੇ ਨੇ, ਸੁੱਤੇ ਪਏ ਦੇ ੨੪ ਸੁਆਸ ਘਟ ਜਾਂਦੇ ਨੇ - ਨਿਕਲੇ ਤੁਰੇ ਜਾਂਦੇ ਨੇ। ਜਿਹੜਾ ਸਮਾਂ ਨਿਕਲ ਗਿਆ, ਮੁੜ ਕੇ ਹੱਥ ਨਹੀਂ ਆਉਂਦਾ। ਇਸੇ ਤਰ੍ਹਾਂ ਦੇ ਨਾਲ ਛਿਨ-ਛਿਨ ਕਰਕੇ ਜਾ ਰਿਹਾ ਹੈ। ਬਚਪਨ ਨੂੰ ਜੁਆਨੀ ਖਾ ਗਈ, ਜੁਆਨੀ ਨੂੰ ਬੁਢੇਪਾ ਖਾ ਗਿਆ, ਬੁਢੇਪੇ ਦਾ ਹਰ ਕਦਮ ਮੌਤ ਵਲ ਨੂੰ ਵਧਦਾ ਤੁਰਿਆ ਜਾਂਦਾ ਹੈ। ਸਾਮ੍ਹਣੇ ਖੜ੍ਹਾ ਹੈ ਮੌਤ ਦਾ ਟਾਇਮ - ਮੂੰਹ ਅੱਡੀ ਖੜ੍ਹਾ ਹੈ ਲੇਕਿਨ ਮਹਾਰਾਜ ਕਹਿੰਦੇ, ਸਮਝਦਾ ਨਹੀਂ ਹੈ -

***ਕਾਲੁ ਬਿਆਲੁ ਜਿਉ ਪਰਿਓ ਡੋਲੈ***
***ਮੁਖੁ ਪਸਾਰੇ ਮੀਤ ॥ ਅੰਗ - ੬੩੧***

ਮੂੰਹ ਅੱਡਿਆ ਹੋਇਆ ਹੈ, ਐ ਮੇਰੇ friend (ਮਿੱਤਰ)! ਮੂੰਹ ਅੱਡੀ ਖੜ੍ਹਾ ਹੈ ਕਾਲ -

***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ***
***ਸਮਝਿ ਰਾਖਉ ਚੀਤਿ॥ ਅੰਗ - ੬੩੧***

ਉਹ ਤਾਂ ਮੂੰਹ ਅੱਡੀ ਖੜ੍ਹਾ ਹੈ, ਤੂੰ ਸਮਝਣ ਦੀ ਕੋਸ਼ਿਸ਼ ਕਰ, ਬੇ-ਸਮਝ ਹੋਇਆ ਪਿਆ ਹੈ। 'ਛਿਨ ਛਿਨ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥' ਹਰਿ ਗੁਨ ਕਾਹਿ ਨ ਗਾਵਹੀ' ਕਿਉਂ ਨਹੀਂ ਗਾਉਂਦਾ ਤੂੰ, ਪ੍ਰਮੇਸ਼ਰ ਦਾ ਨਾਉਂ ਕਿਉਂ ਨਹੀਂ ਲੈਂਦਾ, 'ਮੂਰਖ ਅਗਿਆਨਾ॥' ਦੋ ਚੀਜ਼ਾਂ ਆਖੀਆਂ ਨੇ ਮਹਾਰਾਜ ਜੀ ਨੇ ਕਿ ਐਨਾ ਮੂਰਖ ਹੈਂ ਕਿ ਗੱਲ ਤੈਨੂੰ ਸਮਝਾਈਦੀ ਹੈ - ਤੇਰੇ ਨਾਲ ਜਾਣ ਵਾਲੀ। ਬਾਕੀ ਚੀਜ਼ਾਂ ਤਾਂ ਤੂੰ ਫਟਾਫਟ ਸਮਝ ਜਾਂਦਾ ਹੈਂ, ਪਰ ਆਹ ਗੱਲ ਨਹੀਂ ਤੇਰੇ ਸਮਝ ਪੈਂਦੀ ਸਾਰੀ ਜ਼ਿੰਦਗੀ। ਸਾਧੂ, ਮਹਾਂਪੁਰਸ਼, ਬਾਣੀ ਹਾਕਾਂ ਮਾਰ-ਮਾਰ ਕਹਿੰਦੀ ਹੈ ਕਿ ਭਜਨ ਕਰੋ, ਨਾਮ ਜਪੋ, ਨਾਮ ਜਪੋ, ਨਾਮ ਜਪਣ ਵਾਲਾ ਸਭ ਤੋਂ ਵੱਡਾ ਹੋ ਜਾਂਦਾ ਹੈ, ਬਾਦਸ਼ਾਹ ਹੁੰਦਾ ਹੈ -

***ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥***

***ਅੰਗ - ੭੪੯***

ਉਹਦਾ ਸੱਚਾ ਹੁਕਮ ਹੋ ਜਾਂਦਾ ਹੈ, ਸੱਚੀ ਉਸਨੂੰ ਪਾਤਸ਼ਾਹੀ ਮਿਲ ਜਾਂਦੀ ਹੈ ਜਿਹੜਾ ਸੱਚੇ ਨਾਲ ਰੱਤਿਆ ਹੋਇਆ ਹੈ। ਬਾਵਜੂਦ ਇਸ ਦੇ, ਸਮਝਦਾ ਨਹੀਂ ਹੈ। ਕਹਿੰਦੇ, ਮੂਰਖ ਹੈ, ਮੂਰਖ ਨਹੀਂ ਸਮਝਿਆਂ ਕਰਦਾ, ਹੋਰ ਤਾਂ ਸਾਰੇ ਸਮਝ ਜਾਇਆ ਕਰਦੇ ਨੇ। ਮੂਰਖ ਨੂੰ ਜੇ ਕਹੋ ਕਿ ਤੂੰ ਧੁੱਪੇ ਕਿਉਂ ਬੈਠਾ ਹੈਂ, ਕਹਿੰਦਾ, ਮੈਂ ਆਪਣੀ ਮਰਜ਼ੀ ਨਾਲ ਬੈਠਾਂ, ਤੈਨੂੰ ਕੀ ਇਸ ਗੱਲ ਨਾਲ। ਮੈਂ ਆਪਣੀ ਮਰਜ਼ੀ ਨਾਲ ਕਿਤੇ ਬੈਠਾਂ - ਧੁੱਪੇ ਬੈਠਾਂ, ਛਾਵੇਂ ਬੈਠਾਂ। ਐਨੀ ਗੱਲ ਦਾ ਉਹਨੂੰ ਗਿਆਨ ਨਹੀਂ ਹੁੰਦਾ, ਉਲਟ ਬੋਲਿਆ ਕਰਦਾ ਹੈ ਕਿ ਮੇਰਾ ਕੰਮ ਹੈ, ਤੂੰ ਕੌਣ ਹੈਂ ਮਤ ਦੇਣ ਵਾਲਾ। ਤੂੰ ਮੈਨੂੰ ਕਿਵੇਂ ਕਹਿੰਦਾ ਹੈਂ, ਮੈਂ ਨਾਮ ਜਪਾਂ। ਮੈਂ ਨਹੀਂ ਜਪਦਾ। ਕਹਿੰਦੇ, ਐਸ ਗੱਲ ਕਰਕੇ ਤਾਂ ਹੈ ਮੂਰਖ। ਅਗਿਆਨੀ ਇਸ ਵਾਸਤੇ ਹੈਂ ਕਿ ਇਸ ਨੂੰ ਪਤਾ ਨਹੀਂ ਕਿ ਸੰਸਾਰ ਤੋਂ ਜਾਣ ਤੋਂ ਬਾਅਦ ਕੀ ਮੇਰੇ ਨਾਲ ਭਾਣਾ ਵਰਤਣਾ ਹੈ -

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥***
***ਅੰਗ - ੪੭੧***

ਇਸ ਕਰਕੇ ਤੈਨੂੰ ਅਗਿਆਨੀ ਕਹਿੰਦੇ ਹਾਂ। ਤੂੰ ਮਰਨਾ ਤਾਂ ਹੈ ਨਹੀਂ, ਤੇਰਾ ਸਰੀਰ ਮਰਨ ਤੋਂ ਬਾਅਦ ਤੇਰਾ ਜੀਵ ਆਤਮਾ ਸੂਖਸ਼ਮ ਸਰੀਰ ਦੇ ਅਧਾਰ ਤੇ ਜੀਉਂਦਾ ਰਹੇਗਾ, ਉਹ

ਤਾਂ ਮਰਦਾ ਹੀ ਨਹੀਂ ਜਿਹਨੂੰ ਜੀਵ ਕਹਿੰਦੇ ਨੇ। ਲੇਕਿਨ ਉਹਦੇ ਵਾਸਤੇ ਵੀ ਕੁਛ ਕਰ ਲੈ; ਜਦੋਂ ਦਰਗਾਹ ਦੇ ਵਿੱਚ ਜਾਏਂਗਾ, ਉਥੇ ਲੇਖਾ ਪੱਤਾ ਹੋਏਗਾ। ਕੁਛ ਤੇਰੇ ਕੋਲ ਨਾ ਹੋਇਆ, ਫੇਰ ਕੀ ਕਰੇਂਗਾ? ਫੇਰ ਥਾਂ ਬਹੁਤ ਔਖਾ ਹੋ ਜਾਏਗਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਹੁਣ ਵਤੇ ਹਰਿ ਨਾਮ ਨਾ ਬੀਜਿਆ,***
***ਅਗੇ ਭੁੱਖਾ ਕਿਆ ਖਾਏਂਗਾ - ੨, ੨.***

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ ॥***
***ਮਨਮੁਖਾ ਨੋ ਫਿਰਿ ਜਨਮੁ ਹੈ***
***ਨਾਨਕ ਹਰਿ ਭਾਏ॥ ਅੰਗ - ੪੫੦***

ਕਹਿੰਦੇ, ਸੰਸਾਰ ਤੇ ਆਉਣ ਦਾ ਕੀ ਫਾਇਦਾ ਸੀ ਉਨ੍ਹਾਂ ਦਾ? ਕੋਈ ਕਾਰਨ ਤਾਂ ਦੱਸੋ, ਕਾਹਦੇ ਵਾਸਤੇ ਆਏ ਨੇ? ਕੂੜ ਕਮਾਉਣ ਵਾਸਤੇ, ਕੂੜ ਇਕੱਠਾ ਕਰਨ ਵਾਸਤੇ, ਕੂੜ ਦੀ ਜ਼ਿੰਦਗੀ ਬਿਤਾਉਣ ਵਾਸਤੇ ਆਏ ਨੇ? ਬਣੇ ਫਿਰਨ ਆਪਣੇ ਆਪ ਵਿੱਚ ਕਿ ਮੈਂ ਫਲਾਣਾ, ਮੈਂ ਧਿਮਕਾ, ਮੇਰੀ ਐਨੀ ਜਾਇਦਾਦ ਹੈ, ਮੇਰਾ ਐਡਾ ਪਰਿਵਾਰ ਹੈ। ਮਹਾਰਾਜ ਕਹਿੰਦੇ, ਸਭ ਵਿਅਰਥ ਹੈ, ਕੁਛ ਨਹੀਨ ਹੈ, ਸਭ ਛੱਡ ਕੇ ਚਲੇ ਜਾਣਾ ਹੈ, ਕੁਛ ਨਹੀਂ ਰਿਹਾ ਕਰਦਾ। ਨਾ ਮੁੜ ਕੇ ਕੋਈ ਸੰਪਰਕ ਹੋਵੇ, ਨਾ ਕੋਈ ਵਾਸਤਾ ਹੈ; ਜਿਨ੍ਹਾਂ ਦਾ ਵਾਸਤੇ ਪਾਪ ਕਰਦਾ ਹੈ, ਨਾ ਉਨ੍ਹਾਂ ਨਾਲ ਕੋਈ ਸਬੰਧ ਰਹਿੰਦਾ ਹੈ। ਸੋ ਇਸ ਤਰ੍ਹਾਂ ਦਾ ਹਾਲ ਹੈ। ਮਹਾਰਾਜ ਕਹਿੰਦੇ, ਉਨ੍ਹਾ ਦੇ ਆਉਣ ਦਾ ਕੀ ਫਾਇਦਾ ਹੈ - ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥ ਹੁਣਿ ਵਤੈ ਹਰਿਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥' ਸੋ, ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਪਤਾ ਨਹੀਨ ਹੈ ਇਹਨੂੰ ਕਿ ਮਨ ਦੇ ਪਿੱਛੇ ਲਗਣ ਵਾਲਾ ਪੁਰਸ਼ ਜਿਹੜਾ ਹੈ -

***ਮਨਮੁਖਿ ਆਵੈ ਮਨਮੁਖਿ ਜਾਵੈ ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੭੩***
***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥***
***ਅੰਗ - ੯੪੭***

Ego ਦੇ ਅੰਦਰ, ਹੰਕਾਰ ਦੇ ਅੰਦਰ ਜ਼ਿੰਦਗੀ ਬਤੀਤ ਕਰ ਲੈਂਦਾ ਹੈ। ਇਸ ਕਰਕੇ ਅਸੀਂ ਉਹਨੂੰ ਅਗਿਆਨੀ ਕਹਿੰਦੇ ਹਾਂ - 'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥' ਐਨਾ ਮੂਰਖ ਤੇ ਅਗਿਆਨੀ ਹੈ; ਮੂਰਖਾਂ ਦੀ ਬਾਤ ਸਮਝਣ ਵਾਸਤੇ ਮਹਾਂਪੁਰਸ਼ ਸਾਖੀ ਦੱਸਿਆ ਕਰਦੇ ਨੇ।

ਕੋਈ ਰਾਜਾ ਸੀ, ਉਸ ਦੀ ਜੋ ਰਾਣੀ ਸੀ, ਉਸ ਨੇ ਬਹੁਤ ਵਾਰੀ ਯਤਨ ਕਰਿਆ ਕਿ ਇਸ ਰਾਜੇ ਨੂੰ, ਆਪਣੇ ਪਤੀ ਨੂੰ ਮੈਂ ਪਰਮੇਸ਼ਰ ਵੱਲ ਲਾਵਾਂ ਕਿਉਂਕਿ ਸੁਭਾਅ ਚੰਗਾ ਹੈ, ਨੇਕ ਹੈ, ਰਿਆਇਆ ਦੇ ਕੰਮ ਵੀ ਕਰਦਾ ਹੈ ਪਰ ਨਾਮ ਨਾ ਜਪਣ ਕਰਕੇ ਇਹ ਕਰਮ ਸਿਫਰ ਹੁੰਦੇ ਨੇ। ਚਾਹੇ ੫੦ ਜ਼ੀਰੋ ਲਾ ਲਓ; ਜਦ ਤਾਂਈ ਏਕਾ ਨਹੀਂ ਲਗਦਾ, ਕੋਈ ਰਕਮ ਨਹੀਂ ਬਣਦੀ ਤੇ ਦੂਸਰੇ, ਇਨ੍ਹਾਂ ਨੂੰ ਜਮ ਲੁੱਟ ਲਿਆ ਕਰਦੇ ਨੇ -

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥ ਅੰਗ - ੭੪੭***

ਤੇ ਮੈਂ ਇਹਨੂੰ ਪਰਮੇਸ਼ਰ ਦੇ ਨਾਲ ਵੱਲ ਲਾਵਾਂ। ਹਰ ਵਕਤ ਸਾਖੀਆਂ ਸੁਣਾਇਆ ਕਰੇ, ਸ਼ਾਸਤਰਾਂ ਦੀ ਵਿਚਾਰ ਸੁਣਾਇਆ ਕਰੇ, ਸਤਿਸੰਗ ਤੇ ਜਾ ਕੇ ਚੰਗੇ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣਾਇਆ ਕਰੇ। ਬੋਲਣਾ ਬਹੁਤ ਸੁਹਣਾ ਆਉਂਦਾ ਸੀ, ਮੰਤਕ ਬੜੀ ਸੀ; ਰਾਜਾ convince ਹੋ ਕੇ ਕਹਿ ਦਿਆ ਕਰੇ ਕਿ ਚੰਗਾ, ਤੂੰ ਮੈਨੂੰ ਸਵੇਰੇ ਉਠਾਇਆ ਕਰ। ਪਹਿਲਾਂ ਮੈਂ ਸਵੇਰੇ ਉਠਣ ਦੀ ਆਦਤ ਪਾਵਾਂ, ਫੇਰ ਮੈਂ ਕਿਸੇ ਮਹਾਂਪੁਰਸ਼ ਤੋਂ ਜਾ ਕੇ ਨਾਮ ਲਵਾਂਗਾ। ਨਾਮ ਦੀ ਦਾਤ ਪ੍ਰਾਪਤ ਕਰਕੇ ਫੇਰ ਮੈਂ ਮਿਹਨਤ ਕਰਾਂਗਾ। ਜਦ ਅੰਮ੍ਰਿਤ ਵੇਲਾ ਹੋਇਆ ਕਰੇ - ਰਾਜਾ ਲੇਟ ਸੌਂਦਾ ਸੀ; ਨੀਂਦ ਚੜ੍ਹ ਜਾਣੀ, ਹੂੰ ਹਾਂ ਕਰਨੀ ਤੇ ਕੱਪੜਾ ਲੈ ਕੇ ਸੌਂ ਜਾਣਾ। ਇਸੇ ਤਰ੍ਹਾਂ ਇਕ, ਦੋ ਚਾਰ ਸਾਲ ਨਹੀਂ, ਛੇ ਸਾਲ ਲੰਘ ਗਏ ਲਗਾਤਾਰ।

ਇਕ ਦਿਨ ਰਾਣੀ ਨੇ ਕਿਹਾ, "ਰਾਜਨ! ਛੇ ਸਾਲ ਲੰਘ ਗਏ, ਮੈਂ ਜਗਾਉਣ ਤੋਂ ਨਹੀਂ ਹਟਦੀ, ਤੁਸੀਂ ਮੈਨੂੰ ਕਹਿਣ ਤੋਂ ਨਹੀਂ ਹਟਦੇ ਤੇ ਸਵੇਰੇ ਤੁਸੀਂ ਕੱਪੜਾ ਲੈ ਕੇ ਪੈ ਜਾਂਦੇ ਹੋ। ਇਹ ਤਾਂ ਮੂਰਖਾਂ ਵਾਲੀ ਗੱਲ ਹੈ। ਮੁਆਫ ਕਰਨਾ ਮੈਨੂੰ, ਮੂੰਹ ਵਿਚੋਂ ਨਿਕਲ ਗਈ ਗੱਲ।" ਰਾਜਾ ਉਠ ਕੇ ਬੈਠ ਗਿਆ। ਕਹਿੰਦਾ, "ਮੈਂ ਮੂਰਖ ਹਾਂ?" ਕਹਿੰਦੀ, "ਜਿਹੜਾ ਆਪਣਾ ਭਲਾ ਤੇ ਬੁਰਾ ਨਾ ਵਿਚਾਰ ਸਕਦਾ ਹੋਵੇ, ਉਹਨੂੰ ਇਹ ਸੰਸ਼ਾਰ ਇਸੇ ਤਰ੍ਹਾਂ ਹੀ ਕਹਿੰਦਾ ਹੈ ਕਿ ਉਹ ਮੂਰਖ ਹੁੰਦਾ ਹੈ।" ਦੂਸਰਾ ਦਿਨ ਹੋ ਗਿਆ, ਫਰਮਿਏ ਨਿਸਿਟੲਰ (ਪ੍ਰਧਾਨ ਮੰਤਰੀ) ਬੁਲਾ ਲਿਆ ਤੇ ਕਹਿਣ ਲੱਗਿਆ, "ਮੇਰੇ ਰਾਜ ਦੇ ਅੰਦਰ ਕਿੰਨੇ ਕੁ ਮੂਰਖ ਨੇ?" ਕਹਿੰਦਾ, "ਮਹਾਰਾਜ! ਕੋਈ ਹਿਸਾਬ-ਕਿਤਾਬ ਹੈ ਇਸ ਦਾ? ਸਾਰਾ ਸੰਸਾਰ ਹੀ ਮੂਰਖਾਂ ਦਾ ਹੈ।"

ਪਰ ਮਹਾਰਾਜ ਤਾਂ ਕਹਿੰਦੇ, ਮੂਰਖਾਂ ਦਾ ਹੀ ਨਹੀਂ, ਹਲਕਿਆਂ ਹੋਇਆਂ ਦਾ ਸੰਸਾਰ ਹੈ, ਪਾਗਲਾਂ ਦਾ ਸੰਸਾਰ ਹੈ। ਮੂਰਖ ਦਾ ਤਾਂ ਅਜੇ ਹੇਠਲਾ ਦਰਜਾ ਹੈ, ਪਾਗਲ ਦਾ ਇਸ ਤੋਂ ਵੀ ਉਪਰਲਾ ਦਰਜਾ ਹੈ ਜਿਹਨੂੰ ਨਾ ਆਪਣਾ ਪਤਾ, ਨਾ ਹੀ ਕਿਸੇ ਦਾ ਪਤਾ -

***ਬਿਨੁ ਨਾਵੈ ਜਗੁ ਕਮਲਾ ਫਿਰੈ...............॥***
***ਅੰਗ - ੯੪੩***

ਮਹਾਰਾਜ ਕਹਿੰਦੇ, ਕਮਲਾ ਹੋਇਆ ਫਿਰਦਾ ਹੈ, ਪਾਗਲ ਹੋਇਆ ਫਿਰਦਾ ਹੈ ਕਿਉਂਕਿ ਨਾਮ, ਇਹਦੇ ਅੰਦਰ ਪਰਮ ਸ਼ਾਂਤੀ ਦੇਣ ਵਾਲਾ ਜੋ ਹੈ, ਉਹਨੂੰ ਛੱਡ ਕੇ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***

***ਕਹਨੁ ਨ ਜਾਈ ਅਚਰਜ ਬਿਸਮਾਦ ॥***

***ਅੰਗ - ੨੯੩***

ਕਹਿੰਦੇ, ਐਨਾ ਅਨੰਦ ਹੈ ਜਿਹੜਾ ਦੱਸਿਆ ਹੀ ਨਹੀਂ ਜਾ ਸਕਦਾ। ਆਦਮੀ ਦੇ ਅੰਦਰ ਇਹ ਰਸ ਪਰੀਪੂਰਨ ਹੈ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ ॥*** ***ਅੰਗ - ੬੪੪***

ਜਿਹੜਾ ਬੰਦਗੀ ਨਹੀਂ ਕਰਦਾ, ਨਾਮ ਨਹੀਂ ਜਪਦਾ, He is a mad man - ਪਾਗਲ ਹੈ ਉਹ। ਸੰਸਾਰ ਹੀ ਪਾਗਲ ਖਾਨਾ ਹੈ। ਕੋਈ-ਕੋਈ ਵਿਰਲਾ ਹੈ ਜਿਹਨੂੰ ਹੋਸ਼-ਹਵਾਸ ਹੈ, ਬਾਕੀ ਤਾਂ ਸਭ ਸੁਤੇ ਪਏ ਨੇ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ॥*** ***ਅੰਗ - ੯੨੦***

ਸੋ, ਇਹ ਕਹਿਣ ਲੱਗਿਆ -

"ਮਹਾਰਾਜ! ਇਹ ਤਾਂ ਸੰਸਾਰ ਮੂਰਖਾਂ ਦਾ ਹੀ ਹੈ ਪਰ ਆਪ ਦਾ ਮੰਤਵ?"

"ਨਹੀਂ, ਜਿਨ੍ਹਾਂ ਨੂੰ ਲੋਕ ਕਹਿੰਦੇ ਨੇ।"

"ਮਹਾਰਾਜ! ਫੇਰ ਲਿਸਟਾਂ ਬਣਾ ਲੈਂਦੇ ਹਾਂ।"

"ਹਾਂ, ਲਿਸਟਾਂ ਮੇਰੇ ਪੇਸ਼ ਕਰੋ - ਜਲਦੀ ਤੋਂ ਜਲਦੀ।"

ਲਿਸਟਾਂ ਬਣ ਗਈਆਂ ਮੋਟੀਆਂ-ਮੋਟੀਆਂ ਤੇ ਸਾਰਾ ਇਕੱਠ ਕਰ ਲਿਆ। ਉਸ ਤੋਂ ਬਾਅਦ ਰਾਜਾ ਵੀ ਆ ਗਿਆ। ਕਹਿੰਦਾ ਕਿ ਸਿਆਣੇ ਬੰਦੇ ਆਪਣੀਆਂ ਸਭਾ ਸੁਸਾਇਟੀਆਂ ਬਣਾਉਂਦੇ ਨੇ; ਕਿਸੇ ਨੇ ਕੋਈ ਨਾਉਂ ਰੱਖਿਆ ਹੈ, ਕਿਸੇ ਨੇ ਕੋਈ ਰੱਖਿਆ ਹੈ। ਪੁਲੀਟੀਕਲ ਬੰਦੇ ਆਪਣੀਆਂ ਸੁਸਾਇਟੀਆਂ ਬਣਾਉਂਦੇ ਨੇ ਤੇ ਰਜੋ ਗੁਣੀ ਬੰਦੇ, ਵਪਾਰੀ ਬੰਦੇ ਆਪਣੀਆਂ ਸਭਾ-ਸੁਸਾਇਟੀਆਂ ਬਣਾਉਂਦੇ ਨੇ ਤੇ ਇਹ ਆਪਾਂ ਹੀ ਹਾਂ ਜਿਨ੍ਹਾਂ ਨੂੰ ਲੋਕ ਮੂਰਖ ਕਹਿੰਦੇ ਨੇ। ਆਪਾਂ ਇਕੱਲੇ-ਇਕੱਲੇ ਹੋ ਕੇ ਮਰਦੇ ਹਾਂ, ਸਾਨੂੰ ਵੀ ਕੋਈ ਸੁਸਾਇਟੀ ਬਣਾ ਕੇ ਆਪਣੇ ਹੱਕਾਂ ਦੀ ਰਾਖੀ ਕਰਨ ਵਾਸਤੇ ਕੋਈ ਯਤਨ ਕਰਨਾ ਚਾਹੀਦਾ ਹੈ ਤਾਂਕਿ ਸਾਡੀ ਅਵਾਜ਼ ਜਿਹੜੀ ਹੈ, ਉਹ ਵੀ ਕਿਸੇ ਥਾਂ ਬੁਲੰਦ ਹੋਵੇ। ਐਹ ਮੇਰੇ ਕੋਲ ਸੋਨੇ ਦੀ ਮੁੱਠੇ ਵਾਲੀ ਖੂੰਡੀ ਹੈ, ਇਹ ਉਸ ਨੂੰ ਦਿੱਤੀ ਜਾਏਗੀ ਜਿਹੜਾ ਸਾਰਿਆਂ ਨਾਲੋਂ ਜ਼ਿਆਦਾ ਮੂਰਖ ਹੋਵੇਗਾ।

ਉਸ ਵੇਲੇ ਆਪਣੀਆਂ-ਆਪਣੀਆਂ ਕਹਾਣੀਆਂ ਲਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਸਾਰਿਆਂ ਨੇ ਕਿ ਮੈਨੂੰ ਇਉਂ ਕਹਿੰਦੇ ਨੇ, ਮੈਨੂੰ ਇਉਂ ਕਹਿੰਦੇ ਨੇ, ਬੇਅੰਤ ਮੂਰਖ ਹਾਂ ਮੈਂ। ਉਥੇ ਇੱਕ ਪਰਿਵਾਰ ਬੈਠਾ ਸੀ। ਉਹ ਕਹਿੰਦਾ, ਸਾਨੂੰ ਇਕੱਲਿਆਂ ਨੂੰ ਨਹੀਂ, ਸਾਡੇ ਤਾਂ ਸਾਰੇ ਪਰਿਵਾਰ ਨੂੰ ਹੀ 'ਮੂਰਖਾਂ' ਦਾ ਪਰਿਵਾਰ' ਕਹਿਣਾ ਸ਼ੁਰੂ ਕਰ ਦਿੱਤਾ। ਰਾਜਾ ਕਹਿਣ ਲੱਗਾ, "ਕੀ ਗੱਲ?" ਕਹਿੰਦਾ, "ਮਹਾਰਾਜ! ਗੱਲ ਕੀ ਹੋਣੀ ਸੀ, ਇੱਕ ਰਿਸ਼ਤੇਦਾਰ ਸੀ ਸਾਡੇ ਨੇੜੇ ਦਾ, ਉਹ ਚੜ੍ਹਾਈ ਕਰ ਗਿਆ। ਮੈਨੂੰ ਕੰਮ ਸੀ, ਤੇ ਮੈਂ ਆਪਣੇ ਵੱਡੇ ਮੁੰਡੇ ਨੂੰ ਭੇਜ ਦਿੱਤਾ ਕਿ ਜਾਹ, ਪਰਚਾਉਣੀ ਕਰ ਆ। ਉਹ ਗਿਆਂ ਤੇ ਉਥੇ ਜਾ ਕੇ ਕੋਈ ਗੱਲ ਨਾ ਕਰੀ, ਵਾਪਿਸ ਆ ਗਿਆ। ਮੈਂ ਕਿਹਾ -

"ਬੇਟਾ! ਕੋਈ ਬਚਨ ਵੀ ਕਰਿਆ ਤੈਂ?"

"ਨਹੀਂ ਪਿਤ ਜੀ।"

"ਪੁੱਛਿਆ ਵੀ ਨਹੀਂ ਤੈਂ ਕਿ ਕਿਵੇਂ ਚੜ੍ਹਾਈ ਕਰ ਗਿਆ? ਫੇਰ ਕੀ ਕਰਿਆ?"

"ਮੈਂ ਬਹਿ ਗਿਆ ਜਾ ਕੇ, ਉਵੇਂ ਜਿਵੇਂ ਉਠ ਕੇ ਆ ਗਿਆ।"

"ਕਿਸੇ ਨੂੰ ਫਤਹਿ ਬੁਲਾਈ, ਨਮਸਕਾਰ ਕੀਤੀ?"

"ਮੈਂ ਤਾਂ ਕਿਸੇ ਨੂੰ ਵੀ ਨਹੀਂ ਕੁਛ ਕਰਿਆ।"

"ਤੂੰ ਤਾਂ ਮੂਰਖ ਹੈਂ।"

ਫੇਰ ਛੋਟੇ ਮੁੰਡੇ ਨੂੰ ਕਿਹਾ ਕਿ ਤੂੰ ਜਾਹ। ਉਹ ਕਹਿਣ ਲੱਗਿਆ -

"ਮੈਂ ਕੀ ਕਹੂੰ?"

"ਇਹ ਕਿਸੇ ਕਿਤਾਬ 'ਚ ਲਿਖਿਆ ਹੁੰਦਾ ਹੈ ਕਿ ਕੀ ਕਹਿਣਾ ਹੈ? ਲੋਕਾਂ ਦੇ ਬਚਨ ਸੁਣ ਲਈਦੇ ਨੇ, ਉਹੋ ਜਿਹੇ ਕਰ ਦੇਈਦੇ ਨੇ।"

ਉਹ ਚਲਿਆ ਗਿਆ। ਉਨ੍ਹਾਂ ਦੇ ਦੁਸ਼ਮਣ ਸੀ, ਉਹ ਇਕੱਠੇ ਹੋਏ ਗੱਲਾਂ ਕਰਦੇ ਸੀ ਕਿ ਬੜਾ ਚੰਗਾ ਹੋਇਆ, ਸੁਆਦ ਆ ਗਿਆ। ਹੁਣ ਲੱਗੂ ਇਨ੍ਹਾਂ ਨੂੰ ਪਤਾ। ਬਹੁਤ ਵਧੀਆ ਹੋ ਗਿਆ, ਮਰ ਗਿਆ। ਅਸੀਂ ਤਾਂ ਰੱਜ ਕੇ ਰੋਟੀ ਖਾਧੀ ਹੈ; ਕੋਈ ਕੁਛ ਕਹੇ, ਕੋਈ ਕੁਛ ਕਹੇ। ਇਹਨੇ ਸਾਰੇ ਕੰਠ ਕਰ ਲਏ ਤੇ ਘਰ ਚਲਿਆ ਗਿਆ। ਉਥੇ ਬਹੁਤ ਸਾਰੀਆਂ ਮਕਾਣਾਂ ਆਈਆਂ ਹੋਈਆਂ ਸੀ। ਸੋਚਿਆ ਕਿ ਮੈਨੂੰ ਕਿਤੇ ਅੱਖਰ ਭੁੱਲ ਨਾ ਜਾਣ, ਪਹਿਲਾਂ ਹੀ ਖੜ੍ਹਾ ਹੋ ਜਾਵਾਂ। ਖੜ੍ਹਾ ਹੋ ਕੇ ਕਹਿਣ ਲੱਗਾ ਕਿ ਲਉ ਬਈ, ਮੇਰੀ ਵੀ ਸੁਣ ਲਉ। ਇਹ ਤਾਂ ਬਹੁਤ ਚੰਗਾ ਹੋਇਆ, ਇਹਦਾ ਫਾਹਾ ਵੱਢ ਹੋ ਗਿਆ, ਮਰ ਗਿਆ। ਮੈਂ ਤਾਂ ਅੱਜ ਰੱਜ ਕੇ ਰੋਟੀ ਖਾਧੀ ਹੈ ਕਿ ਇਹ ਮਰਿਆ ਤੇ ਪਿੰਡ ਸੁਖੀ ਵਸਿਆ। ਸਾਰੀਆਂ ਹਾਂ ਗੱਲਾਂ ਕਹਿ ਦਿੱਤੀਆਂ। ਘਰ ਵਾਲਿਆਂ ਨੇ ਫੜ ਕੇ ਕੁੱਟਿਆ ਤੇ ਘਰ ਵਾਪਿਸ ਆ ਗਿਆ। ਪਿਉ ਨੂੰ ਕਹਿਣ ਲੱਗਿਆ -

"ਉਨ੍ਹਾਂ ਨੇ ਤਾਂ ਮੈਨੂੰ ਮਾਰਿਆ।"

"ਤੈਨੂੰ ਮਾਰਿਆ? ਕਿਉਂ?"

"ਜਿਵੇਂ ਤੂੰ ਦੱਸਿਆ ਸੀ, ਮੈਂ ਉਵੇਂ ਹੀ ਕਿਹਾ। ਉਨ੍ਹਾਂ ਨੇ ਮੈਨੂੰ ਮਾਰਿਆ।"

"ਕੀ ਕਿਹਾ ਸੀ ਤੂੰ?"

"ਮੈਨੂੰ ਤੁਸੀਂ ਕਿਹਾ ਸੀ ਕਿ ਜਿਵੇਂ ਲੋਕ ਕਹਿੰਦੇ ਹੋਣਗੇ, ਉਵੇਂ ਤੂੰ ਵੀ ਕਹਿ ਦੇਈਂ। ਉਥੇ ਬੰਦੇ ਖੜ੍ਹੇ ਕਹਿੰਦੇ ਸੀ, ਮੈਂ ਵੀ ਉਹੀ ਗੱਲ ਕਹਿ ਦਿੱਤੀ।"

ਸਾਰੀ ਗੱਲ ਦੱਸ ਦਿਤੀ ਪਿਉ ਨੂੰ। ਕਹਿੰਦਾ, ਤੂੰ ਤਾਂ ਪਹਿਲੇ ਨਾਲੋਂ ਹੀ ਜ਼ਿਆਦਾ ਮੂਰਖ ਹੈਂ। ਮੈਨੂੰ ਹੀ ਜਾਣਾ ਪਿਆ। ਨੇੜੇ ਦੇ ਪਿੰਡ ਸੀ, ਉਥੇ ਚਲੇ ਗਿਆ। ਅਜੇ ਮਕਾਣਾਂ ਸਾਰੀਆਂ ਹੀ ਬੈਠੀਆਂ ਸੀ। ਹੱਥ ਜੋੜ ਕੇ ਕਹਿੰਦਾ ਕਿ ਲਉ ਬਈ ਭਰਾਵੋ, ਮੈਂ ਤਾਂ ਆਇਆਂ ਮੁਆਫੀ ਲੈਣ। ਮੇਰਾ ਪਹਿਲਾ ਮੁੰਡਾ ਆਇਆ ਸੀ, ਕੁਛ ਬੋਲਿਆ ਹੀ ਨਹੀਨ। ਦੂਜਾ ਆਇਆ, ਤੁਹਾਨੂੰ ਸਭ ਨੂੰ ਪਤਾ ਹੈ, ਤੇ ਕੁੱਟ ਖਾ ਕੇ ਗਿਆ ਹੈ। ਦੇਖੋ, ਸਾਡੇ ਨਾਲ

ਨਰਾਜ਼ਗੀ ਨਾ ਕੋਈ ਕਰਿਓ। ਪਿਛਲੀ ਗੱਲ ਤਾਂ ਜਾਣ ਦਿਓ, ਹੁਣ ਜਦ ਕੋਈ ਤੁਹਾਡਾ ਮਰਿਆ, ਤਾਂ ਮੈਂ ਆਇਆ ਕਰੂੰਗਾ। ਕਹਿੰਦਾ, ਓਦਣ ਦੇ ਮਹਾਰਾਜ! ਸਾਨੂੰ ਮੂਰਖ ਹੀ ਕਹਿਣ ਲੱਗ ਗਏ।

ਸੋ ਹੁਣ ਰਾਜੇ ਦੀ ਇੰਟਰਵਿਊ ਲੈਣ ਲਗ ਗਏ। ਕਹਿੰਦੇ, ਮਹਾਰਾਜ! ਤੁਸੀਂ ਵੀ ਦੱਸੋ।" ਰਾਜਾ ਹੋ ਗਿਆ ਬਿਮਾਰ। ਹਕੀਮਾਂ ਨੇ, ਵੈਦਾਂ ਨੇ ਕਹਿ ਦਿਤਾ ਕਿ ਇਹ ਤਾਂ ਬਚ ਨਹੀਂ ਸਕਦਾ, ਕਿਸੇ ਤਰ੍ਹਾਂ ਨਾਲ। ਇਹਦੀ ਜੋ 'ਸਮਾਨ ਪ੍ਰਾਣ' ਦੀ ਗੰਢ ਸੀ, ਉਹ ਖੁੱਲ੍ਹ ਗਈ; ਕੁਛ ਮਿੰਟਾਂ ਦਾ ਪ੍ਰਾਹੁਣਾ ਹੈ, ਗੱਲ ਕਰ ਲਓ।

ਕਹਿਣ ਲੱਗੇ, "ਮਹਾਰਾਜ! ਤੁਹਾਡੇ ਵਿਚਾਰ ਨਹੀਂ ਅਸੀਂ ਲਏ।" ਰਾਜਾ ਕਹਿਣ ਲੱਗਿਆ -

"ਮੈਂ ਤਾਂ ਜਾ ਰਿਹਾ ਹਾਂ।"

"ਕਿਥੇ ਜਾ ਰਿਹਾ ਹੈਂ?"

"ਇਉਂ ਤਾਂ ਮੈਨੂੰ ਪਤਾ ਨਹੀਂ।"

"ਫੇਰ ਤੁਹਾਡੇ ਨਾਲ ਕੋਈ ਫੌਜ ਵੀ ਜਾ ਰਹੀ ਹੈ?"

"ਨਹੀਂ।"

"ਰਾਣੀਆਂ?"

"ਨਹੀਂ।"

"ਇਹ ਜਿਹੜੇ ਸੁਹਣੇ-ਸੁਹਣੇ ਬਰਤਨ ਨੇ, ਸੋਨੇ ਚਾਂਦੀ ਦੇ ਜੋ ਅੰਬਰਾ ਲਾਏ ਨੇ, ਇਨ੍ਹਾਂ ਵਿਚੋਂ ਕੋਈ ਚੀਜ਼ ਨਾਲ ਜਾਊ?"

"ਨਹੀਂ।"

"ਫੇਰ ਕੋਈ ਚੀਜ਼ ਤੁਹਾਡੇ ਨਾਲ ਵੀ ਜਾਏਗੀ? ਕੁਛ ਤਾਂ ਨਾਲ ਲੈ ਕੇ ਜਾਓਗੇ?"

"ਨਾ, ਮੈਂ ਤਾਂ ਸਰੀਰ ਵੀ ਨਹੀਂ ਨਾਲ ਲੈ ਕੇ ਜਾਣਾ।"

"ਮਹਾਰਾਜ! ਫੇਰ ਤੁਸੀਂ ਹੀ ਫੜ ਲਉ ਇਹ ਖੂੰਡੀ। ਤੁਸੀਂ ਸਾਰੀ ਜ਼ਿੰਦਗੀ ਲਾਈ ਹੈ, ਕਿੰਨੀਆਂ ਲੜਾਈਆਂ-ਝਗੜੇ, ਫਸਾਦ, ਕਿੰਨਾ ਕਲਹ-ਕਲੇਸ਼ ਕਰਿਆ ਹੈ - ਰਾਜ ਵਧਾਉਣ ਵਾਸਤੇ। ਜਦ ਨਾਲ ਹੀ ਨਹੀਂ ਕੁਛ ਜਾਣਾ ਫੇਰ ਇਹ ਸਾਰਾ ਕੁਝ ਕਾਹਦੇ ਵਾਸਤੇ ਕਰਿਆ ਹੈ?" ਸੋ, ਮਹਾਰਾਜ ਕਹਿੰਦੇ ਇਹ ਮੂਰਖ ਹੁੰਦਾ ਹੈ -

***ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥***

***ਅੰਗ - ੧੦੧੫***

ਜਿਹੜਾ ਨਾਮ ਤੇ ਵਿਸ਼ਵਾਸ਼ ਨਹੀਂ ਲਿਆਉਂਦਾ ਸੰਸਾਰ ਦੇ ਅੰਦਰ, ਉਹ ਮੂਰਖਾਂ ਦਾ ਵੀ ਪ੍ਰਧਾਨ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ - 'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥ ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥' ਸੰਸਾਰ ਤੋਂ ਤਾਂ ਜਾਣਾ ਹੈ, ਲੇਕਿਨ ਝੂਠੇ ਲਾਲਚਾਂ ਕਰਕੇ ਮਰਨਾ ਭੁੱਲਿਆ ਰਹਿੰਦਾ ਹੈ। ਦੂਸਰਾ ਇਹਨੂੰ ਭੁੱਲਿਆ ਰਹਿੰਦਾ ਹੈ - ਨਾਮ ਦੀ ਮਹਿਮਾ ਕਿ ਨਾਮ ਕੀ ਕਰ ਸਕਦਾ ਹੈ। ਕਿਉਂਕਿ ਵਿਸ਼ਵਾਸ਼ ਆਉਂਦਾ ਹੀ ਨਹੀਂ, ੧% ਵੀ ਨਹੀਂ ਆਉਂਦਾ, ੧% ਦੇ ਜੇ ਫੇਰ ੧੦੦ ਹਿੱਸੇ ਬਣਾ ਲਈਏ, ਉਹ ਵੀ ਨਹੀਂ ਆਉਂਦਾ। ੦.੦੦੧ ਜਿੰਨਾਂ ਵਿਸ਼ਵਾਸ਼ ਵੀ ਨਹੀਂ ਆਉਂਦਾ। ਜੇ ਕਹਿ ਦੇਈਏ ਕਿ .੦੦੦੦੧, ਐਨਾ ਵੀ ਵਿਸ਼ਵਾਸ਼ ਕਿਸੇ ਵਿਰਲੇ ਨੂੰ ਹੀ ਆਉਂਦਾ ਹੈ ਨਾਮ ਦਾ, ਹਾਲਾਂਕਿ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***

***ਅੰਗ - ੮੧***

ਲੇਕਿਨ ਸਮਝਦਾ ਹੈ ਸੰਸਾਰ? ਗੱਪਾਂ ਵਿੱਚ ਸਮਾਂ ਗੁਜ਼ਾਰ ਦਿੰਦਾ ਹੈ, ਫਿਕਰਾਂ ਵਿਚ, ਕਲਪਣਾ ਵਿਚ; ਪਤਾ ਨਹੀਂ ਕੀ ਇਹਦੇ ਦਿਮਾਗ ਵਿੱਚ ਚੱਲ ਰਿਹਾ ਹੈ ਚੱਕਰ, ਇਹਦੇ ਵਿੱਚ ਸਮਾਂ ਗੁਜ਼ਾਰ ਦਿੰਦਾ ਹੈ। ਸੋ ਇਹਦਾ ਵਿਸ਼ਵਾਸ਼ ਨਹੀਂ ਹੈ ਨਾਮ ਤੇ। ਜੇ ਵਿਸ਼ਵਾਸ਼ ਹੋਵੇ ਤਾਂ ਇਕ ਸਕਿੰਟ ਵੀ ਨਾ ਜ਼ਾਇਆ ਕਰੇ। ਤੀਸਰਾ ਵਿਸ਼ਵਾਸ਼ ਹੁੰਦਾ ਹੈ 'ਵਾਹਿਗੁਰੂ' ਤੇ ਕਿ ਵਾਹਿਗੁਰੂ ਜਿਹੜਾ ਹੈ -

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥ ਅੰਗ - ੨੯੩***

ਆਕਾਸ਼ ਵਿਚ, ਆਸਮਾਨ ਵਿੱਚ, ਧਰਤੀ ਵਿੱਚ, ਸਾਰੀਆਂ ਥਾਵਾਂ ਉਤੇ ਪ੍ਰਮੇਸ਼ਰ ਹੈ -

***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹਿ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥ ਅੰਗ - ੨੯੪***

ਕੋਈ ਥਾਂ ਨਹੀਂ ਜਿਥੇ ਵਾਹਿਗੁਰੂ ਨਾ ਹੋਵੇ ਲੇਕਿਨ ਇਹਨੂੰ ਸਾਰੀ ਜ਼ਿੰਦਗੀ ਵਿਸ਼ਵਾਸ਼ ਨਹੀਂ ਆਉਂਦਾ। ਵਾਹਿਗੁਰੂ ਨੂੰ ਇਉਂ ਸਮਝਦਾ ਹੈ ਕਿ ਮੇਰੀ ਪਹੁੰਚ ਤੋਂ ਪਰ੍ਹੇ, ਪਤਾ ਨਹੀਂ ਸੱਤਵੇਂ, ਦਸਦੇਂ ਜਾਂ ਸੌਵੇਂ ਆਸਮਾਨ ਤੇ ਰਹਿੰਦਾ ਹੈ। ਇਹ ਵੀ ਨਹੀਂ ਮੰਨਦਾ ਕਿ ਉਹ ਰਹਿੰਦਾ ਵੀ ਹੈ। ਕਦੇ ਕਦੇ ਯਾਦ ਆਉਂਦਾ ਹੈ ਸਤਿਸੰਗ ਵਿੱਚ ਆ ਕੇ, ਨਹੀਂ ਤਾਂ ਆਦਮੀ ਦੇ ਹਰ ਵਕਤ ਵਾਹਿਗੁਰੂ ਭੁੱਲਿਆ ਰਹਿੰਦਾ ਹੈ। ਮਹਾਰਾਜ ਕਹਿੰਦੇ, ਵਾਹਿਗੁਰੂ ਤੇਰੇ ਨਾਲ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥***
***ਨ ਘਾਟ ਹੈ ਨਾ ਬਾਢ ਹੈ ਨ ਘਾਟ ਬਾਢ ਹੋਤ ਹੈ॥***

***ਅਕਾਲਿ ਉਸਤਤਿ***

ਇਹ ਜਿੰਨਾਂ ਕੁਛ ਨਜ਼ਰ ਆਉਂਦਾ ਹੈ - ਧਰਤੀ, ਚੰਦ, ਸੂਰਜ, ਤਾਰੇ, ਦਰਖਤ, ਆਦਮੀ; ਇਹ ਸਾਰੇ ਨਾਮ ਦੇ ਆਧਾਰ ਤੇ ਹੀ ਨੇ। ਜੇ ਨਾਮ ਨਾ ਹੋਵੇ, ਵਾਹਿਗੁਰੂ ਨਾ ਹੋਵੇ ਤਾਂ ਆਧਾਰ ਨ ਹੋਣ ਕਰਕੇ ਇਹ ਕੋਈ ਚੀਜ਼ ਵੀ ਨਾ ਹੋਵੇ। ਉਹਦੇ ਆਧਾਰ ਤੇ ਉਹਦੇ ਵਿਚੋਂ ਪੈਦਾ ਹੋਏ ਨੇ, ਉਹਦੇ ਵਿਚ ਹੀ ਲੀਨ ਹੋ ਜਾਣਾ ਹੈ, ਲੇਕਿਨ ਇਹੀ ਗੱਲ ਨਹੀਂ ਆਦਮੀ ਦੀ ਸਮਝ ਵਿੱਚ ਆਉਂਦੀ। ਸੋ ਇਸ ਤਰ੍ਹਾਂ ਆਦਮੀ ਭੁੱਲਿਆ ਰਹਿੰਦਾ ਹੈ - 'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥ ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥ ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥' ਅਜੇ ਵੀ ਤੇਰਾ ਕੁਛ ਨਹੀਂ ਵਿਗੜਿਆ ਜੇ ਪ੍ਰਭੂ ਦੇ ਗੁਣ ਜਾ ਲਵੇ - ***'ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦ ਪਾਵੈ॥'*** ਸੋ ਇਸ ਕਰਕੇ ਫੁਰਮਾਨ ਕਰਦੇ ਨੇ ਕਿ - ***'ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥ ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥'***

ਪਰ ਇਹਦੇ ਵਿਚ ਐਸਾ ਮਹਾਤਮਾ ਦਾ ਅਨੁਭਵ ਹੈ ਕਿ ਇਹ ਅਲੂਣੀ ਸਿਲ ਚੱਟਣੀ ਹੁੰਦੀ ਹੈ - ਪਹਿਲਾਂ-ਪਹਿਲਾਂ, ਕਿਉਂਕਿ ਮਨ ਦੇ ਜਿਹੜੇ ਵੇਗ ਨੇ, ਇਹ ਬਾਹਰ ਨੂੰ ਗਏ ਹੁੰਦੇ

ਨੇ, ਇਹ ਅੰਦਰ ਨੂੰ ਮੁੜਦਾ ਨਹੀਂ, ਆਪਣੇ ਘਰ ਵਿੱਚ ਨਹੀਂ ਆਉਂਦਾ। ਜਦ ਤੱਕ ਇਹ ਅੰਦਰ ਨਹੀਂ ਆਉਂਦਾ, ਇਹਨੂੰ ਰਸ ਨਹੀਂ ਆਉਂਦਾ। ਸੋ ਜਿੰਨੀ ਦੇਰ ਤੱਕ ਇਹਨੂੰ ਸੋਝੀ ਨਹੀਂ ਪੈਂਦੀ, ਨਾਮ ਦੇ ਨਾਲ ਇਹਦਾ ਸਬੰਧ ਨਹੀਂ ਜੁੜਦਾ, ਓਨੀ ਦੇਰ ਤੱਕ ਇਹ ਭਟਕਦਾ ਫਿਰਦਾ ਹੈ। ਸੋ ਬੜੇ-ਬੜੇ ਯਤਨ ਨਾਮ ਜਪਣ ਵਾਲੇ ਕਰਦੇ ਨੇ ਲੇਕਿਨ ਕੋਈ ਹੀ ਹੈ ਜਿਹੜਾ ਕਿਨਾਰੇ ਪਹੁੰਚਦਾ ਹੈ। ਕਾਰਨ ਇਹ ਹੈ ਕਿ ਉਹਨੂੰ ਪੂਰੀ ਵਿਧੀ ਦਾ ਪਤਾ ਨਹੀਂ ਹੁੰਦਾ। ਜੋ ਵਿਧੀਆਂ ਹੁੰਦੀਆਂ ਨੇ, ਉਹ ਇਹ ਜਾਣਦਾ ਨਹੀਂ। ਪਿਛਲੀਆਂ ਦੋ ਫਿਲਮਾਂ ਵਿੱਚ ਇਹ ਸਾਰਾ ਕੁਛ ਜ਼ਿਕਰ ਕੀਤਾ ਸੀ ਕਿ ਮਾਤਾ ਜੀਤੋ ਜੀ ਇਕ ਦਿਨ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਜੀ ਦੇ ਪਾਸ ਪਹੁੰਚੇ, ਤੇ ਆਪ ਨੇ ਜਾ ਕੇ ਨਿਮ੍ਰਤਾ ਸਹਿਤ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਕਿਰਪਾ ਕਰਕੇ ਇਹ ਦ੍ਰਿੜ੍ਹ ਕਰਾਓ ਕਿ ਨਾਮ ਕਿਵੇਂ ਜਪਿਆ ਜਾਦਾ ਹੈ, ਕਿਸ ਤਰ੍ਹਾਂ ਦੇ ਨਾਲ ਬੜੀਆਂ ਬੜੀਆਂ ਅਵਸਥਾ ਪ੍ਰਾਪਤ ਹੁੰਦੀਆ ਨੇ ਕਿਉਂਕਿ ਅਸੀਂ ਸਤਿਸੰਗ ਵਿਚੋਂ ਸੁਣਦੇ ਹਾਂ ਕਿ ਜਦੋਂ ਮਨ ਦੀ ਇਕਾਗਰਤਾ ਹੁੰਦੀ ਹੈ, ਉਸ ਵੇਲੇ ਅੰਦਰਲੀਆਂ ਸ਼ਕਤੀਆਂ ਪ੍ਰਗਟ ਹੋ ਜਾਂਦੀਆਂ ਨੇ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - ੬੪੯***

ਇਸ ਤੋਂ ਵੀ ਅੱਗੇ ਅਗੰਮ ਦੀ ਬਾਤ ਦਾ ਪਤਾ ਚਲ ਜਾਂਦਾ ਹੈ, ਕਪਾਟ ਖੁੱਲ੍ਹ ਜਾਂਦੇ ਨੇ, ਆਉਣ ਵਾਲੀਆਂ ਗੱਲਾਂ, ਲੰਘ ਚੁੱਕੀਆਂ ਗੱਲਾਂ, ਪਿਛਲਾ ਜਨਮ, ਆਉਣ ਵਾਲੇ ਜਨਮ - ਸਭ ਦਾ ਗਿਆਨ ਹੋ ਜਾਂਦਾ ਹੈ। ਕਿਰਪਾ ਕਰਕੇ ਆਪ ਫੁਰਮਾਨ ਕਰੋ ਕਿ ਕਿਸ ਤਰ੍ਹਾਂ ਨਾਲ ਨਾਮ ਜਪਿਆ ਜਾਂਦਾ ਹੈ।

ਸੋ ਮਹਾਰਾਜ ਜੀ ਨੇ ਉਸ ਵੇਲੇ ਦੱਸਿਆ ਕਿ ਨਾਮ ਦੀਆਂ ਕੁਛ ਰਹਿਤਾਂ ਹੁੰਦੀਆਂ ਨੇ। ਜਦ ਤੱਕ ਆਦਮੀ ਰਹਿਤਾਂ ਨਹੀਂ ਰੱਖਦਾ, ਓਨੀ ਦੇਰ ਤੱਕ ਨਾਮ ਫਲੀਭੂਤ ਨਹੀਂ ਹੋਇਆ ਕਰਦਾ, ਚੜ੍ਹਾਈ ਨਹੀਂ ਹੁੰਦੀ - ਓਥੇ ਹੀ ਖੜ੍ਹਾ ਰਹਿੰਦਾ ਹੈ। ਜਿਸ ਤਰ੍ਹਾਂ ਕੋਹਲੂ ਦਾ ਬੈਲ ਘੁੰਮਦਾ ਰਹਿੰਦਾ ਹੈ, ਘੁੰਮਦਾ ਰਹਿੰਦਾ ਹੈ, ਖੋਪੇ ਲਾਹ ਦਿਉ, ਓਥੇ ਦਾ ਓਥੇ ਹੀ ਰਹਿੰਦਾ ਹੈ। ਇਸੇ ਤਰ੍ਹਾਂ ਰਹਿਤਾਂ ਤੋਂ ਬਗੈਰ, ਸਾਵਧਾਨੀਆਂ ਤੋਂ ਬਗੈਰ ਨਾਮ ਵਿੱਚ ਜੀਵ ਤਰੱਕੀ ਨਹੀਂ ਕਰਦਾ। ਸੋ ਉਹਦੇ ਬਾਰੇ ਪਹਿਲਾਂ ਵਿਚਾਰ ਹੋਈ ਸੀ ਕਿ ਪਹਿਲਾਂ ਤਾਂ ਵਾਹਿਗੁਰੂ ਤੇ ਅਟੱਲ ਵਿਸ਼ਵਾਸ਼ ਹੋਣਾ ਚਾਹੀਦਾ ਹੈ; ਦੂਸਰੀ ਬਾਤ ਇਹ ਸੀ ਕਿ ਗੁਰੂ ਉਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ -

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ - ੨੮੩***

ਤੀਸਰੀ ਬਾਤ ਇਹ ਸੀ ਕਿ ਨਾਮ ਦੀ ਮਹਿਮਾ ਦੇ ਉਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਚੌਥੀ ਵਿਚਾਰ ਕਰੀ ਸੀ ਕਿ ਜੋ ਗੁਰ ਮੰਤ੍ਰ ਮਿਲ ਗਿਆ, ਉਹਦੇ ਉਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ।

ਸੋ ਇਸ ਤੋਂ ਬਾਅਦ, ਮਹਾਰਾਜ ਜੀ ਕਹਿਣ ਲੱਗੇ ਕਿ ਜੋ ਕੁਛ ਬਾਣੀ ਕਹਿੰਦੀ ਹੈ, ਉਸ ਦੇ ਉੱਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਬਾਣੀ ਜੋ ਕਹਿ ਰਹੀ ਹੈ, ਇਹ ਪ੍ਰਭੂ ਦਾ ਫੁਰਮਾਨ ਹੈ। ਇਹਦੇ ਵਿਚ ਅਗਰ-ਮਗਰ ਕਰਕੇ ਅਰਥ ਨਾ ਕਰੇ, ਜੋ ਕੁਛ ਸਹੀ ਹੈ, ਉਸੇ ਤਰ੍ਹਾਂ ਮੰਨੇ ਉਹਨੂੰ ਕਿਉਂਕਿ ਇਹ ਇਲਹਾਮ ਹੈ ਸਾਰਾ; ਕੋਈ ਕਵੀ ਦੀ ਕਵਿਤਾ ਨਹੀਂ ਹੈ - ਇਲਹਾਮ ਹੈ -

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥ ਅੰਗ - ੭੨੨***
***ਹਉ ਆਪਹੁ ਬੋਲਿ ਨ ਜਾਣਦਾ***
***ਮੈ ਕਹਿਆ ਸਭੁ ਹੁਕਮਾਉ ਜੀਉ॥ ਅੰਗ - ੭੬੩***
***ਧੁਰ ਕੀ ਬਾਣੀ ਆਈ॥ ਅੰਗ - ੬੨੮***

ਇਹ ਤਾਂ ਦਰਗਹ ਤੋਂ ਇਲਹਾਮ ਆ ਰਿਹਾ ਹੈ। ਇਹਦੇ ਵਿੱਚ ਕੋਈ ਕਿੰਤੂ, ਕੋਈ ਅਗਰ-ਮਗਰ ਅਜਿਹੀਆਂ ਗੱਲਾਂ ਤਾਂ ਹੈ ਹੀ ਨਹੀਂ, ਇਹ ਤਾਂ ਜਿਵੇਂ ਹੈ ਉਵੇਂ ਹੀ ਮੰਨਣੀ ਪੈਂਦੀ ਹੈ। ਸੋ ਬਾਣੀ ਤੇ ਵਿਸ਼ਵਾਸ਼ ਨਾ ਹੋਣ ਕਰਕੇ.......ਫਿਰ ਅਗਲਾ ਇਹ ਹੁੰਦਾ ਹੈ ਕਿ ਬਾਣੀ ਸੁਣ ਤਾਂ ਲੈਂਦਾ ਹੈ ਲੇਕਿਨ ਉਹਦੇ ਮੁਤਾਬਿਕ ਆਪਣੀ ਜੀਵਨ ਨਹੀਂ ਢਾਲਦਾ। ਸੋ ਇਹ ਰਹਿਤਾਂ ਨੇ। ਜਦ ਤਾਂਈਂ ਆਦਮੀ ਰਹਿਲਥਾਂ ਦੇ ਵਿੱਚ ਪਰਪੱਕ ਨਹੀਂ ਹੁੰਦਾ, ਓਨੀ ਦੇਰ ਤੱਕ ਨਾਮ ਨਹੀਂ ਚਲਦਾ। ਸੋ ਆਪ ਨੇ ਫੁਰਮਾਨ ਕੀਤਾ ਕਿ ਆਦਮੀ ਦੇ ਅੰਦਰ ਕੁਛ negtive forces (ਨਾਂਹ ਵਾਚੀ ਸ਼ਕਤੀਆਂ) ਰਹਿੰਦੀਆ ਨੇ, ਢਾਹੂ ਸ਼ਕਤੀਆਂ ਨੇ ਇਹਦੇ ਅੰਦਰ, ਅਸਰੀ ਸ਼ਕਤੀਆਂ ਨੇ, ਉਹ ਆਪਣਾ ਬਲ ਪਾਉਂਦੀਆਂ ਨੇ, ਬਲ ਪਾ ਕੇ ਨਾਮ ਵਲ ਨੂੰ ਜਾਣ ਨਹੀਂ ਦਿੰਦੀਆਂ। ਉਨ੍ਹਾਂ ਦੇ ਵਿਚੋਂ ਬਹੁਤ ਸਾਰੀਆਂ ਨੇ, ਜਿਸ ਤਰ੍ਹਾਂ ਨਿੰਦਿਆ ਹੈ। ਨਿੰਦਿਆ ਸਹਿਜ-ਸੁਭਾਅ ਬੰਦਾ ਕਰਦਾ ਹੈ, ਲੇਕਿਨ ਇਹਦੇ ਬਹੁਤ ਦੂਰ-ਰਸ ਨਤੀਜੇ ਨੇ ਤੇ ਬਹੁਤ ਭਿਆਨਕ result (ਸਿੱਟੇ) ਨਿਕਲਦੇ ਨੇ -

***ਨਿੰਦਾ ਭਲੀ ਕਿਸੈ ਦੀ ਨਾਹੀ***
***ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***
***ਅੰਗ - ੭੫੫***

ਐਨਾ ਮਾੜਾ ਫਲ ਨਿਕਲਦਾ ਹੈ ਕਿ ਨਰਕਾਂ ਵਿਚ ਵਾਸਾ ਹੋ ਜਾਇਆ ਕਰਦਾ ਹੈ -

***ਧਾਰਨਾ - ਨਿੰਦਾ ਭਲੀ ਕਿਸੇ ਕੀ ਨਾਹੀ,***
***ਮਨਮੁਖ ਲੋਕੀ ਕਰਦੇ ਨੇ - ੨***

ਦੂਸਰੇ ਦੇ ਔਗੁਣ ਚਿਤਾਰਨਾ, ਫੇਰ ਉਹਨੂੰ ਨਸ਼ਰ ਕਰਨਾ ਤੇ ਫੇਰ ਉਹਦੇ ਵਿਚੋਂ ਅਨੰਦ ਭਾਲਣਾ -

ਇਹ ਨਿੰਦਿਆ ਹੋਇਆ ਕਰਦੀ ਹੈ ਜੋ ਈਰਖਾ ਦੇ ਵਿਚੋਂ ਜਨਮ ਲੈਂਦੀ ਹੈ। ਸੋ ਈਰਖਾ ਹੋਵੇ, ਨਿੰਦਿਆ ਹੋਵੇ - ਦੋਇ ਬੁਰੀਆਂ ਚੀਜ਼ਾਂ ਨੇ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮***

(**********)

# ਮਹਾਂਪੁਰਖਾਂ ਦੀ ਅੱਠਵੀਂ ਬਰਸੀ ਤੇ ਵਿਸ਼ੇਸ਼

ਆਪ ਜੀ ਦਾ ਸਰੀਰਕ ਜਨਮ ਪਿੰਡ ਧਮੋਟ, ਤਹਿਸੀਲ ਪਾਇਲ, ਜ਼ਿਲਾ ਲੁਧਿਆਣਾ (ਪੰਜਾਬ) ਵਿਖੇ 17 ਜੂਨ 1918 ਨੂੰ ਹੋਇਆ। ਇਹ ਉਹ ਸਮਾਂ ਸੀ ਜਦੋਂ ਦੇਸ਼ ਦੀ ਆਜ਼ਾਦੀ ਲਈ ਮੁਹਿੰਮਾਂ ਚਲ ਰਹੀਆਂ ਸਨ ਅਤੇ ਗੁਲਾਮੀ ਦੇ ਜੂਲੇ ਨੂੰ ਲਾਹ ਸੁੱਟਣ ਲਈ ਹਰ ਪਾਸੇ ਜਦੋਂ ਜਹਿਦ ਹੋ ਰਹੀ ਸੀ। ਧਾਰਮਿਕ






ਖੇਤਰ ਵਿਚ ਵੀ ਸ਼ੁੱਧੀ ਲਹਿਰ ਜ਼ੋਰਾ ਤੇ ਸੀ, ਹਰ ਧਰਮ ਪਾਖੰਡਵਾਦ ਦੇ ਖਿਲਾਫ਼ ਜੂਝ ਰਿਹਾ ਸੀ ਤੇ
ਲੋਕਾਂ ਨੂੰ ਸੱਚੀ ਧਰਮ ਕਿਰਿਆ ਨਾਲ ਜੋੜਨ ਲਈ ਉਤਸਕ ਸੀ। ਈਸਾਈ ਪ੍ਰਚਾਰ ਜ਼ੋਰਾਂ ਤੇ ਸੀ ਤੇ ਹਰ ਤਰ੍ਹਾਂ
ਦੀਆਂ ਸਹੂਲਤਾਂ ਰਾਹੀਂ, ਮਾਇਕ ਸਹਾਇਤਾ ਰਾਹੀਂ, ਉਚ ਪਦਵੀਆਂ ਦੇ ਲਾਲਚ ਰਾਹੀਂ ਲੋਕਾਂ ਨੂੰ ਈਸਾਈ ਬਣਨ
ਲਈ ਪ੍ਰੇਰਿਆ ਜਾ ਰਿਹਾ ਸੀ। ਇਸ ਸਮੇਂ ਹੀ ਸਿੰਘ ਸਭਾ ਲਹਿਰ ਨੇ ਜ਼ੋਰ ਪਕੜਿਆ ਜਿਸ ਨੇ ਸਿਖ ਧਰਮ ਵਿਚ
ਆਏ ਵਿਗਾੜ ਨੂੰ ਸੋਧਨ ਦੇ ਯਤਨ ਕੀਤੇ, ਸਿਖ ਧਰਮ ਵਿਚ ਆ ਚੁੱਕੀਆਂ
ਕੁਰੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਾਇਆ, ਸਿਖ ਧਰਮ ਦੀਆਂ
ਵਿਸ਼ੇਸ਼ਤਾਵ ਿਆਂ ਨੂੰ ਉਭਾਰਿਆ ਅਤੇ ਨੌਜਵਾਨਾਂ ਨੂੰ ਆਪਣੇ
ਵਿਰਸੇ ਨਾਲ ਜੋੜਨ ਦੇ ਉਪਰਾਲੇ ਕੀਤੇ। ਇਸ ਮਹਾਨ
ਕਾਰਜ ਲਈ ਸਾਹਿਤ ਰਚਿਆ ਗਿਆ, ਟ੍ਰੈਕਟ ਲਿਖੇ
ਗਏ, ਪੁਸਤਕਾਂ ਲਿਖੀਆਂ ਗਈਆਂ ਅਤੇ
ਥਾਂ- ਥਾਂ ਧਾਰਮਿਕ ਦੀਵਾਨਾਂ ਦਾ
ਸਿਲ ਸਲਾ ਸ਼ੁਰੂ ਹੋਇਆ। ਆਪ
ਜੀ ਦੇ ਪਿਤਾ ਜਥੇਦਾਰ
ਕਰਤਾਰ ਸਿੰਘ ਜੀ
ਦ੍ਰਿੜ੍ਹ ਤਾ ਵਾਲੇ ਪੂਰਨ
ਗੁਰਸਿ ਖ ਸਨ। ਇਸ ਸਾਰੇ
ਧਾਰਮਿਕ ਵਾਯੂ ਮੰਡਲ ਵਿਚ
ਆਪ ਜੀ ਦਾ ਪਾਲਣ ਪੋਸਣ
ਹੋਇਆ ਅਤੇ ਧਰਮ ਦੀ ਗੁੜ੍ਹਤੀ
ਆਪ ਜੀ ਨੂੰ ਜਨਮ ਤੋਂ ਹੀ ਪ੍ਰਾਪਤ ਹੋਈ।
ਆਪ ਜੀ ਦੀ ਆਯੂ ਤਿੰਨ ਵਰ੍ਹਿਆਂ ਦੀ ਹੀ
ਸੀ ਜਦੋਂ ਆਪ ਜੀ ਨੂੰ ਗੁਰੂ ਮਹਾਰਾਜ ਜੀ ਦੀ
ਮਹਾਨ ਬਖਸ਼ਿਸ਼ ਦੁਆਰਾ ਅੰਮ੍ਰਿਤ ਦੀ
ਦਾਤ ਪ੍ਰਾਪਤ ਹੋਈ। ਬਚਪਨ ਤੋਂ ਹੀ ਸਾਧੂ
ਬਿਰਤੀ ਦੇ ਧਾਰਨੀ ਹੋਣ ਕਾਰਨ ਪਾਠ,
ਭਜਨ, ਬੰਦਗੀ, ਕੀਰਤਨ, ਸਤਿਸੰਗ
ਵੱਲ ਆਪ ਜੀ ਦਾ ਕੁਦਰਤੀ ਰੁਝਾਨ ਸੀ। ਘਰ ਦੇ
ਧਾਰਮਿਕ ਵਾਤਾਵਰਣ ਵਿਚ ਆਪ ਜੀ ਨੂੰ ਇਹ ਖੁਰਾਕ
ਸੁਭਾਵਕ ਹੀ ਮਿਲਦੀ ਰਹੀ। ਮਹਾਂਪੁਰਸ਼ਾਂ, ਸਾਧੂਆਂ, ਸੰਤਾਂ ਦੀ ਸੰਗਤ
ਆਪ ਜੀ ਨੂੰ ਬਹੁਤ ਚੰਗੀ ਲਗਦੀ ਸੀ। ਇਸੇ ਕਾਰਨ ਆਪ ਜੀ ਨੂੰ ਸੰਤ ਅਤਰ ਸਿੰਘ
ਮਸਤੂਆਣਾ ਵਾਲੇ, ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ
(ਜੋ ਗੁਰਬਾਣੀ ਦੇ ਮਹਾਨ ਰਸੀਏ ਅਤੇ ਕੀਰਤਨੀਏ ਵੀ ਸਨ ਅਤੇ ਦੇਸ਼ ਦੀ ਆਜ਼ਾਦੀ ਦੇ ਪਰਵਾਨੇ
ਵੀ), ਦੀ ਸੰਗਤ ਵਿਸ਼ੇਸ਼ ਕਰਕੇ ਪ੍ਰਾਪਤ ਸੀ। ਭਾਈ ਸਾਹਿਬ ਅਤੇ ਉਨ੍ਹਾਂ ਦਾ ਜਥਾ ਆਪ ਜੀ ਦੀ ਪਤਨੀ
ਬੀਬੀ ਰਣਜੀਤ ਕੌਰ (ਉਦਮ ਕੌਰ) ਸੰਤ ਭਾਈ ਹੀਰਾ ਸਿੰਘ ਦਾਉਦਪੁਰ ਜੀ ਦੇ ਪਿਆਰ ਕਾਰਨ ਮਹੀਨਾ ਮਹੀਨਾ
ਉਨ੍ਹਾਂ ਪਾਸ ਦਾਉਦਪੁਰ ਠਹਿਰ ਕੇ ਅਖੰਡਪਾਠ ਅਤੇ ਅਖੰਡ ਕੀਰਤਨ ਦੀ ਝੜੀ ਲਾਈ ਰਖਦੇ।

# ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ



**ਗੁਰਦੁਆਰਾ ਸਾਹਿਬ** :- ਸੱਚਖੰਡਵਾਸੀ ਧੰਨ ਧੰਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਪੂਰੀ ਪੂਰੀ ਦੇਖ ਰੇਖ ਹੇਠ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਪਵਿੱਤਰ ਇਮਾਰਤ ਦਾ ਨਿਰਮਾਣ ਹੋਇਆ । ਆਪ ਜੀ ਨੇ ਇਸ ਬਿਲਡਿੰਗ ਦਾ ਸਾਰਾ ਕੰਮ ਆਪ ਆਪਣੀ ਦੇਖ ਰੇਖ ਹੇਠ ਕਰਵਾਇਆ । ਪਵਿੱਤਰ ਪਾਵਨ ਇਮਾਰਤ ਦੀ ਕਾਰਸੇਵਾ ਸੰਪੂਰਨ ਹੋਣ ਉਪਰੰਤ ਆਪ ਜੀ ਨੇ ਬਚਨ ਕੀਤੇ ਕਿ ਇਸ ਦੇ ਅੱਗੇ ਬੋਰਡ ਲਗਾਇਆ ਜਾਵੇ ਜਿਸ ਤੇ 'ਸਮਰਪਿਤ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ' ਲਿਖਿਆ ਜਾਵੇ । ਬਿਲਡਿੰਗ ਨੂੰ ਚਾਰੇ ਪਾਸਿਓਂ ਸਾਫ ਰੱਖਣ ਵਾਸਤੇ ਇਸ ਦੇ ਦੁਆਲੇ ਸੰਗਮਰਮਰ ਦੀ ਜਗ੍ਹਾਂ ਸੋਹਣੇ ਪਾਰਕ ਬਣਵਾਏ ਤਾਂ ਜੋਇਸ ਦੇ ਚਾਰੇ ਪਾਸੇ ਠੰਡਾ ਰਹਿ ਸਕੇ ,ਬਹੁਤ ਸੋਹਣੇ ਫੁੱਲ ਬੂਟੇ ਲਗਾਏ ਗਏ ਜਿਸ ਦੇ ਨਾਲ ਨਾਲ ਔਲਾ ਮੌਲਸਰੀ ਵਰਗੇ ਦਰਖਤ ਵੀ ਗੁਰਦੁਆਰਾ ਸਾਹਿਬ ਦੇ ਨਾਲ ਲਗਾਏ ਗਏ। ਹਰ ਰੋਜ਼ ਦੇ ਨਿੱਤਨੇਮ ਅਨੁਸਾਰ ਆਪ ਜੀ ਦੁਆਰਾ ਸੱਤਵੇਂ ਮਹਾਨ ਰੂਹਾਨੀ ਸੰਤ ਸਮਾਗਮ ਵਿੱਚ ਦਰਸਾਈ ਜੁਗਤ ਅਨੁਸਾਰ ਸੁਆਸ ਦੁਆਰਾ ਸਿਮਰਨ ਸਵੇਰੇ 3.30 ਤੇ ਸ਼ੁਰੂ ਹੋ





ਜਾਂਦਾ ਹੈ । ਅੰਮ੍ਰਿਤ ਵੇਲੇ ਦਾ ਅਲੌਕਿਕ ਰਤਵਾੜਾ ਸਾਹਿਬ ਦਾ ਦ੍ਰਿਸ਼ ਪਵਿੱਤਰ ਚੌਗਿਰਦੇ ਅੰਦਰ ਲੱਗੇ ਦਰਖਤ ਹੋਰ ਵੀ ਵਾਤਾਵਰਣ ਅੰਦਰ ਸ਼ੁੱਧਤਾ ਪੈਦਾ ਕਰ ਦਿੰਦੇ ਹਨ। ਆਸਾ ਪੂਰਨ ਕਰਨ ਵਾਲੀ ਪਵਿੱਤਰ ਬਾਣੀ ਆਸਾ ਜੀ ਦੀ ਵਾਰ ਦੇ ਕੀਰਤਨ ਦੀਆਂ ਪਿਆਰੀਆਂ ਧੁੰਨਾਂ ਸਵੇਰੇ ਮਨ ਨੂੰ ਮੋਹ ਲੈਂਦੀਆਂ ਹਨ, ਮਨ ਆਪਣੇ ਆਪ ਨਾਮ ਰਸ ਵਿੱਚ ਜੁੜਦਾ ਹੈ । 1986 ਤੋਂ ਚੱਲ ਰਹੀ ਸ੍ਰੀ ਅਖੰਡ ਪਾਠਾਂ ਦੀ ਲੜੀ ਵਿੱਚ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਪ੍ਰੇਮੀ ਆਪਣੇ ਕਾਰੋਬਾਰ ਦੇ ਵਾਧੇ, ਦੇਹ ਅਰੋਗਤਾ ਤੰਦਰੁਸਤੀ ਵਾਸਤੇ ਰਤਵਾੜਾ ਸਾਹਿਬ ਵਿਖੇ ਅਖੰਡ ਪਾਠ ਕਰਵਾਉਂਦੇ ਹਨ। ਸ਼ਾਮ ਦੇ ਨਿੱਤਨੇਮ ਅਨੁਸਾਰ ਹਰ ਰੋਜ ਰਹਿਰਾਸ ਸਾਹਿਬ ਤੋਂ ਬਾਅਦ ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ ਦੀ ਕਥਾ ਉਪਰੰਤ ਕੀਰਤਨ ਹੁੰਦਾ ਹੈ । ਹਰ ਐਤਵਾਰ, ਸੰਗਰਾਂਦ ਨੂੰ ਸੰਤ ਬਾਬਾ ਹਰਪਾਲ ਸਿੰਘ ਜੀ ਸੰਗਤਾਂ ਨੂੰ 1.00 ਤੋਂ 4.00 ਵਜੇ ਤੱਕ ਕੀਰਤਨ ਦੁਆਰਾ ਨਿਹਾਲ ਕਰਦੇ ਹਨ । ਪੂਰਨਮਾਸ਼ੀ ਵਾਲੇ ਦਿਨ ਸ਼ਾਮ ਨੂੰ

# ਪਵਿੱਤਰ ਸਰੋਵਰ ਅਤੇ ਮਹਾਂਪੁਰਖਾਂ ਦਾ ਤਪੋ ਅਸਥਾਨ








ਗੁਰਦੁਆਰਾ ਸਾਹਿਬ ਦੇ ਨਿੱਤਨੇਮ ਉਪਰੰਤ 6.00 ਵਜੇ ਤੋਂ ਹੀ ਕੀਰਤਨ ਅਰੰਭ ਹੋ ਜਾਂਦਾ ਹੈ, ਜਿਸ ਵਿੱਚ 7.00 ਤੋਂ 10.00 ਵਜੇ ਤੱਕ ਸੱਚਖੰਡਵਾਸੀ ਸ੍ਰੀ ਮਾਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੇ ਗੁਰਮਤਿ ਦੇ ਗੂੜ੍ਹ ਵਿਸ਼ਿਆਂ ਤੇ ਅਧਾਰਿਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂਹੜ ਰਤਨ ਗੁਰਮਤਿ ਸਿਧਾਂਤਾਂ ਨੂੰ ਦਰਸਾਉਂਦੀ ਵਿਡੀਓ ਕੈਸੇਟ ਸੰਗਤਾਂ ਦੇ ਸਮੱਕਸ਼ ਵਿਖਾਈ ਜਾਂਦੀ ਹੈ। ਉਪਰੰਤ ਗੁਰੂ ਘਰ ਦੇ ਕੀਰਤਨੀਏ ਰਤਵਾੜਾ ਸਾਹਿਬ ਦੇ ਜੱਥੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਸੰਤ ਬਾਬਾ ਹਰਪਾਲ ਸਿੰਘ ਜੀ ਮਹਾਂਪੁਰਖਾਂ ਵੱਲੋਂ ਦਰਸਈ ਜੁਗਤ ਅਨੁਸਾਰ ਸੰਗਤਾਂ ਤੋਂ ਨਾਮ ਸਿਮਰਨ ਮੰਤਰ ਚਕਿਤਸਾ ਦੁਆਰਾ ਸੰਗਤਾਂ ਤੋਂ ਜਾਪ ਕਰਵਾਉਂਦੇ ਹਨ। ਅਨੇਕਾਂ ਅਸਾਧ ਰੋਗ ਪੀੜਤ ਦੂਰ ਦੂਰ ਤੋਂ ਪਹੁੰਚੀਆਂ ਸੰਗਤਾਂ ਇਕ ਮਨ ਇਕ ਚਿੱਤ ਹੋ ਕੇ ਨਾਮ ਸਿਮਰਨ ਅਭਿਆਸ ਦੁਆਰਾ ਮਨ ਨੂੰ ਟਿਕਾਅ ਵਿੱਚ ਲਿਆਉਂਦੀਆਂ ਹਨ ਅਤੇ ਤੰਦਰਸੁਤੀ ਲਈ ਅਰਦਾਸਾ ਸੋਧਿਆ ਜਾਂਦਾ ਹੈ। ਵੈਦ ਮੇਘ ਨਾਥ ਜੀ ਦੁਆਰਾ ਤਿਆਰ ਕੀਤੀ ਅਲੌਕਿਕ ਅਦਭੁੱਤ ਔਸ਼ਧੀਆਂ ਭਰਭੂਰ ਖੀਰ "ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥" ਦਾ ਭੋਗ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਗਾਇਆ ਜਾਂਦਾ ਹੈ। ਉਪਰੰਤ ਰਾਤ ਦੇ 1.00 ਵਜੇ ਸੰਗਤਾਂ ਵਿੱਚ ਵੈਦ ਜੀ ਦੁਆਰਾ ਦੱਸੇ ਪ੍ਰਹੇਜ ਮੁਤਾਬਿਕ ਸੰਗਤਾਂ ਖੀਰ ਛਕਦੀਆਂ ਹਨ। ਸੈਂਕੜੇ ਅਸਾਧ ਰੋਗ ਪੀੜਤ ਮਰੀਜ ਮੰਤਰ ਚਕਿਤਸਾ ਦੁਆਰ ਨਾਮ ਜਪ ਕੇ ਅਤੇ ਖੀਰ ਛਕ ਕੇ ਠੀਕ ਹੋਏ ਹਨ ਅਤੇ ਹੋ ਰਹੇ ਹਨ।



**ਤਪੋ ਅਸਥਾਨ** : - ਮਹਾਂਪੁਰਖ ਨੇ ਆਪਣੇ ਸਰੀਰ ਵਿੱਚ ਰਹਿੰਦਿਆਂ ਨਾਮ ਸਿਮਰਨ ਅਤੇ ਸੇਵਾ ਨੂੰ ਹੀ ਪ੍ਰਧਾਨਤਾ ਦਿਤੀ, ਆਪ ਜੀ ਨੇ ਜਗਿਆਸੂਆਂ ਵਾਸਤੇ ਰਤਵਾੜਾ ਸਾਹਿਬ ਦੇ ਨਾਲ ਵਹਿੰਦੀ ਨਦੀ ਦੇ ਕੰਢੇ ਤੇ 'ਤਪੋ ਅਸਥਾਨ' ਦੀ ਰਚਨਾ ਕੀਤੀ, ਆਪ ਜੀ ਦੀ ਦੇਖ ਰੇਖ ਹੇਠ 200



ਸਿੰਘ ਹਰ ਰੋਜ਼ ਉਸ ਤਪੋ ਅਸਥਾਨ ਵਿਖੇ ਪਹੁੰਚਦਾ ਸੀ ਅਤੇ 2 ਘੰਟੇ ਲਈ ਨਾਮ ਸਿਮਰਨ ਅਭਿਆਸ ਕਰਵਾਇਆ ਜਾਂਦਾ । ਮਹਾਂਪੁਰਖ ਆਪ ਵੀ ਘੰਟਿਆਂ ਬੱਧੀ ਨਿੱਜ ਆਤਮ ਅਨੰਦ ਵਿੱਚ ਉਸ ਤਪੋ ਅਸਥਾਨ ਤੇ ਬੈਠਦੇ ਅਤੇ ਸੈਰ ਕਰਦੇ। ਆਪ ਜੀ ਦਰਖਤਾਂ ਵੱਲ ਆਪਣਾ ਸਪੈਸ਼ਲ ਧਿਆਨ ਦਿੰਦੇ ,ਉਨ੍ਹਾਂ ਦੀ ਸੇਵਾ ਸੰਭਾਲ ਵਾਸਤੇ ਸਮੇਂ ਸਮੇਂ ਹਦਾਇਤ ਕਰਦੇ। ਕਈ ਵਾਰ ਤਾਂ ਆਪ ਜੀ ਸੈਰ ਕਰਦੇ ਕਰਦੇ ਦਰਖਤ ਦੇ ਕੋਲ ਖੜ੍ਹ ਜਾਂਦੇ ਅਤੇ ਕਾਫੀ ਦੇਰ ਤੱਕ ਉਸ ਕੋਲ ਖੜ੍ਹੇ ਰਹਿੰਦੇ ਜਿਵੇਂ ਦਰਖਤ ਨਾਲ ਕੋਈ ਰੂਹਾਨੀ ਸਾਂਝ ਪਾ ਰਹੇ ਹੋਣ । ਹੁਣ ਉਹ ਇਕ ਜੰਗਲ ਦਾ ਰੂਪ ਧਾਰਨ ਕਰ ਚੁੱਕਿਆ ਹੈ ਦਰਖਤਾਂ ਦੀ ਘਣੀ ਛਾਂ, ਕੋਇਲ ਦੀ ਘੂ-ਘੂ, ਮੋਰਾਂ ਦੀਆਂ ਅਵਾਜਾਂ ਜਗਿਆਸੂ ਦਾ ਮਨ ਮੋਹ ਲੈਂਦੀਆਂ ਹਨ, ਆਪ ਮੁਹਾਰੇ ਹੀ ਮਨ ਨਾਮ ਧੁੰਨ ਦੀ ਮਸਤੀ ਵਿੱਚ ਦੇਸ਼ ਕਾਲ ਵਸਤੂ ਤੋਂ ਉਪਰ ਉਠ ਜਾਂਦਾ ਹੈ । ਉਨ੍ਹਾਂ ਦੀ ਪਵਿੱਤਰ ਯਾਦ ਨੂੰ ਸੰਭਾਲਣ ਵਾਸਤੇ ਸਰਕੜੇ ਦੀ ਛਪਰੀ ਉਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਲੈਂਟਰ ਪਵਾ ਕੇ ਸੰਭਾਲਿਆ ਗਿਆ ਹੈ । ਕੁਟੀਆ ਬਣੀਆਂ ਹੋਈਆਂ ਹਨ , ਜਿਨ੍ਹਾਂ ਵਿੱਚ ਜਗਿਆਸੂ ਆ ਆ ਕੇ ਨਾਮ ਸਿਮਰਨ ਕਰਦੇ ਹਨ।


**ਸਰੋਵਰ** :- ਮਹਾਂਪੁਰਖਾਂ ਦੇ ਜੀਵਨ ਸਾਥੀ ਪਰਮ ਸਤਿਕਾਰਯੋਗ ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਮੌਜੂਦਾ ਚੇਅਰਪਰਸਨ ਰਤਵਾੜਾ ਸਾਹਿਬ ਦੇ ਹੁਕਮ ਅਨੁਸਾਰ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਹਿਬ ਵਿਖੇ ਪਵਿੱਤਰ ਸਰੋਵਰ ਦੀ ਰਚਨਾ ਕੀਤੀ ਗਈ, ਧਰਤੀ ਦੇ ਤਲ ਤੋਂ ਉਪਰ ਚ_ਕ ਕੇ ਬਣਵਾਇਆ ਗਿਆ ਹੈ । ਜਿਸ ਵਿੱਚ ਸੰਗਤਾਂ ਇਸ਼ਨਾਨ ਕਰਦੀਆਂ ਹਨ । "ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥" ਜਿਸ ਦੇ ਆਲੇ ਦੁਆਲੇ ੋਨਾ ਮ ਜਪਣ ਵਾਸਤੇ ਕਮਰੇ ਬਣਾਏ ਗਏ ਹਨ । ਜੋ ਕਿ ਗੁਫਾਵਾਂ ਦਾ ਹੀ ਕੰਮ ਕਰਦੇ ਹਨ । ਨਾਮ ਜਪਣ ਵਾਸਤੇ ਜਗਿਆਸੂਆਂ ਲਈ ਸਹਾਈ ਹੁੰਦੇ ਹਨ ।



# ਅੰਗੀਠਾ ਸਾਹਿਬ ਅਤੇ ਦੀਵਾਨ ਹਾਲ

**ਅੰਗੀਠਾ ਸਾਹਿਬ –** ਮਹਾਂਪੁਰਖਾਂ ਨੇ 31 ਅਕਤੂਬਰ 2001 ਨੂੰ ਦਿਨ ਦੇ 1.13 ਵਜੇ ਆਪਣੇ ਸਰੀਰ ਦਾ ਪਰਿਤਿਆਗ ਕੀਤਾ । ਆਪ ਜੀ ਨੇ ਬਚਨ ਕੀਤਾ ਸੀ ਕਿ ਮੇਰੇ ਸਰੀਰ ਦਾ ਅੰਤਮ ਸਸਕਾਰ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਭੂਮੀ ਉਪਰ ਹੀ ਕਰਨਾ ਹੈ । ਮਹਾਂਪੁਰ ਸ਼ਾਂ ਦੇ ਬਚਨਾਂ ਮੁਤਾਬਿਕ ਮਹਾਂਪੁਰਖਾਂ ਦੇ ਪਵਿੱਤਰ ਸਰੀਰ ਦਾ ਅੰਤਮ ਸਸਕਾਰ





ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਇਮਾਰਤ ਦੇ ਖੱਬੇ ਹੱਥ 2 ਨਵੰਬਰ 2001 ਦੇ ਦਿਨ ਕੀਤਾ ਗਿਆ । ਅੱਜ ਉਥੇ ਆਪ ਜੀ ਦੇ ਜੀਵਨ ਸਾਥੀ ਸੰਤ ਮਾਤਾ ਰਣਜੀਤ ਕੌਰ ਜੀ ਦੀ ਹੁਕਮਾਂ ਅਨੁਸਾਰ ਇਮਾਰਤ ਦਾ ਨਿਰਮਾਣ ਹੋ ਚੁਕਿਆ ਹੈ । ਸਮੇਂ ਮੁਤਾਬਿਕ ਸ੍ਰੀ ਸਹਿਜ ਪਾਠ, ਅਖੰਡ ਪਾਠ, ਸ੍ਰੀ ਸੰਪਟ ਅਖੰਡ ਪਾਠ ਸਾਹਿਬ ਕਰਵਾਏ ਜਾਂਦੇ ਹਨ । ਅੰਗੀਠਾ ਸਾਹਿਬ ਦੀ ਇਮਾਰਤ ਦੇ ਚਾਰੋਂ ਪਾਸੇ ਘਾਹ, ਮੌਲਸਰੀ ਡੇਕ ਆਦਿ ਦੇ ਦਰਖਤ ਲਗਾ ਕੇ ਸੁਧ ਸਾਫ ਕੀਤਾ ਹੋਇਆ ਹੈ ।

**ਦੀਵਾਨ ਹਾਲ :-** ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਨੇ ਆਉਣ ਵਾਲੇ ਸਮੇਂ ਨੂੰ ਪਹਿਲਾਂ ਹੀ ਵੇਖ ਕੇ ਆਪਣੇ ਸਰੀਰਕ ਟਾਈਮ ਵਿੱਚ ਵਿੱਚ ਹੀ ਇਕ ਵੱਡੇ ਦੀਵਾਨ ਹਾਲ ਦਾ ਨਿਰਮਾਣ ਕਰਵਾਇਆ ਆਪ ਜੀ ਬਚਨ ਕਰਦੇ ਸਨ ਕਿ 'ਇਹ ਦੀਵਾਨ ਹਾਲ ਕਿਸੇ ਟਾਇਮ ਵਿੱਚ ਘੱਟ ਪੈ ਜਾਏ ਇਥੇ ਸੰਗਤਾਂ ਦੀ ਐਨੀ ਆਵਾ ਜਾਈ ਹੋਇਆ ਕਰੇਗੀ ।' ਅੱਜ ਮਹਾਂਪੁਰਖਾਂ ਦੇ ਬਚਨ ਸੱਤ ਹੋ ਰਹੇ ਹਨ ਪੂਰਨਮਾਸੀ ਦੀ ਰੈਣ ਸਬਾਈ, ਮਹਾਂਪੁਰਖਾਂ ਦੇ ਜਨਮ ਦਿਹਾੜੇ ਅਤੇ ਬਰਸੀ ਸਮਾਗਮ ਸਮੇਂ ਦੀਵਾਨ ਹਾਲ ਐਨਾ ਭਰ ਜਾਂਦਾ ਹੈ ਕਿ ਦੀਵਾਨ ਹਾਲ ਦੇ ਨਾਲ ਲਗਦੇ ਪਾਰਕਾਂ ਵਿੱਚ ਸੰਗਤਾਂ ਦੇ ਬੈਠਣ ਦਾ ਪ੍ਰਬੰਧ ਕਰਨਾ ਪੈਂਦਾ ਹੈ । ਪੂਰਨਮਾਸੀ ਵਾਲੇ ਦਿਨ ਹਜਾਰਾਂ ਸੰਗਤਾਂ ਪਹੁੰਚਦੀਆਂ ਹਨ ਜਿਥੇ ਮਹਾਂਪੁਰਖਾਂ ਦੁਆਰਾ ਦੱਸੀ ਨਾਮ ਸਿਮਰਨ ਮੰਤਰ ਚਕਿਤਸਾ ਦੁਆਰਾ ਨਾਮ



ਜਪਾਇਆ ਜਾਂਦਾ ਹੈ ਮਹਾਂਪੁਰਖਾਂ ਦੀ ਵੀਡੀਓ ਕੈਸਿਟ ਵਖਾਈ ਜਾਂਦੀ ਹੈ । ਅੰਮ੍ਰਿਤ ਅਭਿਲਾਖੀ ਸੱਜਣ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਗੁਰੂ ਦੇ ਲੜ ਲਗ ਕੇ ਸਿੰਘ ਸਜ ਰਹੇ ਹਨ ।

**ਮਹਾਂਪੁਰਖਾਂ ਦੀ ਕਾਰ** – ਪਰਮ ਸਤਿਕਾਰਯੋਗ ਬੀਜੀ ਦੇ ਹੁਕਮਾਂ ਅਨੁਸਾਰ ਮਹਾਂਪੁਰਖਾਂ ਦੀ ਕਾਰ ਵਾਸਤੇ ਸ਼ੀਸ਼ੇ ਦਾ ਗੈਰਜ ਬਣਾ ਕੇ ਉਸ ਵਿੱਚ ਨੂੰ ਸ਼ਿਗਾਰਿਆ ਗਿਆ ਹੈ ।







**ਲੰਗਰ ਵਾਸਤੇ ਸਬਜੀਆਂ, ਦੁੱਧ ਆਦਿ ਦਾ ਪ੍ਰਬੰਧ** - ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਨੇ ਆਪਣੇ ਜੀਵਨ ਕਾਲ ਸਮੇਂ 500 ਬਿਘੇ ਜਮੀਨ ਖਰੀਦ ਕੇ ਟਰਸਟ ਰਤਵਾੜਾ ਸਾਹਿਬ ਦੇ ਨਾਮ ਲਗਵਾਈ ਜਿਸ ਵਿੱਚ ਲੰਗਰ ਵਾਸਤੇ ਅਨਾਜ, ਸਬਜੀਆਂ ਅਤੇ ਜੜੀਆਂ ਬੂਟੀਆਂ ਲਗਾਈਆਂ ਗਈਆਂ ਹਨ। ਨਿਸ਼ਕਾਮ ਸੇਵਾਦਾਰ ਮਹਾਂਪੁਰਖਾਂ ਦੀ ਹਾਜਰੀ ਨੂੰ ਹਾਜਰ ਨਾਜਰ ਜਾਣਦੇ ਹੋਏ ਖੇਤੀ ਵਿੱਚ ਸੇਵਾ ਨਿਭਆ ਰਹੇ ਹਨ। 100 ਦੇ ਕਰੀਬ ਦੁਧਾਰੂ ਪਸ਼ੂਆਂ ਵਿੱਚ ਗਾਈਆਂ, ਮੱਝਾਂ ਵਾਸਤੇ ਚਾਰੇ ਦਾ ਪ੍ਰਬੰਧ ਵੀ ਖੇਤੀ ਵਿਚੋਂ ਹੀ ਕੀਤਾ ਜਾਂਦਾ ਹੈ । ਸ਼ੁਧ ਦੁੱਧ ਤੋਂ ਲੰਗਰ ਵਿੱਚ ਅਨੇਕਾਂ ਤਰ੍ਹਾਂ ਪਦਾਰਥ ਸੰਗਤ ਵਿੱਚ ਵਰਤਦੇ ਰਹਿੰਦੇ ਹਨ ।




**ਮਿਊਜ਼ੀਅਮ** - ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀਆਂ ਇਤਿਹਾਸਕ ਯਾਦਾਂ ਸੰਭਾਲਣ ਵਾਸਤੇ ਇੱਕ ਬਹੁਤ ਸੋਹਣੇ ਮਿਊਜ਼ੀਅਮ ਦਾ ਨਿਰਮਾਣ ਕੀਤਾ ਗਿਆ ਹੈ। ਸਿੰਧ ਪਾਕਿਸਤਾਨ, ਯੂ.ਪੀ. ਰੋਪੜ ਵਿਖੇ ਕੀਤੇ ਪ੍ਰਚਾਰ ਦੀਆਂ ਤਸਵੀਰਾਂ ਅਤੇ ਕੁਦਰਤੀ ਆਫਤਾਂ ਸਮੇਂ ਆਏ ਭੁਚਾਲ ਜਿਵੇਂ ਪਟਿਆਲਾ, ਗੁਜਰਾਤ ਵਿਖੇ ਕਿਵੇਂ ਮਹਾਂਪੁਰਖਾਂ ਨੇ ਸੇਵਾ ਨਿਭਾਈ ਉਨ੍ਹਾਂ ਨੂੰ ਤਸਵੀਰਾਂ ਰਾਹੀਂ ਪਰਦੂਸ਼ਿਤ ਕੀਤਾ ਜਾਣਾ ਹੈ । ਅੱਠਵੀਂ ਬਰਸੀ ਤੇ ਪਹੁੰਚਣ ਵਾਲੀਆਂ ਸੰਗਤਾਂ ਇਸ ਨਜਾਰੇ ਦੀ ਝਲਕ ਰਤਵਾੜਾ ਸਾਹਿਬ ਵਿਖੇ ਆ ਕੇ ਦੇਖ ਸਕਦੀਆਂ ਹਨ ।

**ਕਾਰ ਸੇਵਾ ਅਜਾਇਬ ਘਰ**



**ਬਿਰਧ ਆਸ਼ਰਮ ਦਾ ਨਿਰਮਾਣ** :- ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਦਾ ਵਿਜਨ ਸੀ ਕਿ ਕੋਈ ਜਗ੍ਹਾਂ ਬਣਾ ਕੇ ਬਿਰਧਾਂ ਦੀ ਸੇਵਾ ਸੰਭਾਲ ਕੀਤੀ ਜਾਵੇ। ਆਪ ਜੀ ਦੀ ਪ੍ਰੇਰਨਾਂ ਦਾ ਸਦਕਾ ਸਵਰਗੀਆ ਡਾ. ਸਰਨ ਸਿੰਘ ਜੀ ਦੀ ਧਰਮ ਸੁਪੱਤਨੀ ਮਹਾਨ ਦਾਨੀ ਬੀਬੀ ਅਮਰਜੀਤ ਕੌਰ ਨੂੰ ਹੋਈ ਇਹ ਸੇਵਾ ਉਨ੍ਹਾਂ ਦੇ ਪਰਿਵਾਰ ਦੇ ਹਿੱਸੇ ਆਈ ਹੈ ਉਨ੍ਹਾਂ ਨੇ ਰਤਵਾੜਾ ਸਾਹਿਬ ਅ ਕੇ ਬੇਨਤੀ ਕੀਤੀ ਕਿ ਬਿਰਧ ਆਸ਼ਰਮ ਦੀ ਸੇਵਾ ਸਾਡੇ ਪਰਿਵਾਰ ਨੂੰ ਬਖਸ਼ੀ ਜਾਵੇ ਅਤੇ ਇਹ ਸੇਵਾ ਲਈ। ਪਰਮ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਅਤੇ ਆਗਿਆ ਅਨੁਸਾਰ ਉਨਾਂ ਨੇ ਕਰੋੜਾਂ ਰੁਪਏ ਦੀ ਲਾਗਤ ਨਾਲ ਬਿਰਧ ਆਸ਼ਰਮ ਦੀ ਅਰੰਭਤਾ ਕੀਤੀ ਹੈ। ਜਿਸ ਵਿੱਚ 90,000 Sq.ft ਏਰੀਏ ਦੇ ਅੰਦਰ ਬਿਰਧਾਂ ਦੇ ਲਈ ਡਾਕਟਰੀ ਸਹੂਲਤਾਂ, ਰਿਹਾਇਸ਼, ਲੰਗਰ, ਸੈਰਗਾਹ ਦਾ ਪੂਰਾ ਪੂਰਾ ਇੰਤਜਾਮ ਕੀਤਾ ਜਾ ਰਿਹਾ ਹੈ। 31 ਦਸੰਬਰ ਵਾਲੇ ਦਿਨ ਇਸ ਦਾ ਉਦਘਾਟਨ ਸਮਾਰੋਹ ਕੀਤਾ ਜਾਣਾ ਹੈ।






**ਬਿਰਧ ਆਸ਼ਰਮ ਕਾਰ ਸੇਵਾ ਦ੍ਰਿਸ਼।**





**ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ** - ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਦੇਸ਼ਾਂ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼, ਲੰਗਰ ਦਾ ਪੂਰਾ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਕੀਤਾ ਗਿਆ ਹੈ। ਜਿਸ ਵਿੱਚ ਐਨ.ਆਰ.ਆਈ ਰਿਹਾਇਸ਼ ਵਾਸਤੇ ਦੋ ਵੱਡੀਆਂ ਇਮਾਰਤਾਂ ਅਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੀਆਂ ਇਮਾਰਤਾਂ ਹਨ।













# ਕੀਨੋ ਬਡੋ ਕਲੂ ਮਹਿ ਸਾਕਾ
# (ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ-ਸਾਕਾ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ।***

ਅੱਜ ਦਾ ਜੋ ਦਿਨ ਹੈ ਇਹ ਸਾਰੇ ਸੰਸਾਰ ਦੇ ਇਤਿਹਾਸ ਵਿਚ, ਜਦ ਤੋਂ ਸੰਸਾਰ ਰਚਿਆ ਗਿਆ ਹੈ, ਉਸ ਵੇਲੇ ਇਕ ਮਹਾਨ ਮਹੱਤਵਪੂਰਨ ਦਿਨ ਹੈ, ਜਿਸਨੂੰ ਅਸੀਂ ਸਮਝ ਨਹੀਂ ਸਕੇ ਅਤੇ ਦੁਨੀਆਂ ਨੂੰ ਦੱਸ ਨਹੀਂ ਸਕੇ। ਸੰਸਾਰ ਨੂੰ ਨਹੀਂ ਇਹ ਗੱਲ ਦੱਸ ਸਕੇ। ਬਹੁਤ ਵੱਡਾ ਅਸੂਲ ਗੁਰੂ ਮਹਾਰਾਜ ਨੇ ਕਾਇਮ ਕੀਤਾ ਸੀ ਜਿਸਨੂੰ ਅਸੀਂ ਸੰਸਾਰ ਤੱਕ ਪਹੁੰਚਾ ਨਹੀਂ ਸਕੇ, ਕੇਵਲ ਕੁਰਬਾਨੀ ਤੱਕ ਮਹਿਦੂਦ ਕਰ ਲਿਆ। ਗੁਰੂ ਮਹਾਰਾਜ ਨੇ ਆਪਣਾ ਬਲੀਦਾਨ ਦਿੱਤਾ। ਉਦੋਂ ਅਸੀਂ ਕੋਈ ਸਿੱਖਿਆ ਨਹੀਂ ਲਈ ਕਿਉਂਕਿ ਐਸੀਆਂ ਅਲੌਕਿਕ ਬਾਤਾਂ ਗੁਰੂਆਂ ਨੇ ਸਾਡੀ ਭੂਮੀ ਦੇ ਮੰਚ ਦੇ ਉਤੇ ਕੀਤੀਆਂ ਨੇ ਕਿ ਜਿਨ੍ਹਾਂ ਦੇ ਅਸੀਂ ਅਸਲੀ ਅਰਥ ਨਹੀਂ ਸਮਝ ਸਕੇ। ਜੇ ਅਸੀਂ ਪੜ੍ਹ ਲੈਂਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਨਵਾਬ ਦੇ ਨਾਲ ਜਾ ਕੇ ਮਸਜਿਦ ਦੇ ਵਿਚ ਨਮਾਜ਼ ਪੜ੍ਹਨ ਵੇਲੇ ਉਨ੍ਹਾਂ ਨੂੰ ਇਹ ਕਿਹਾ ਕਿ ਤੁਸੀਂ ਬਾਵਜੂਦ ਨਮਾਜ਼ ਪੜ੍ਹਨ ਦੇ, ਨਮਾਜ਼ ਨਹੀਂ ਪੜ੍ਹੀ ਤੁਹਾਡੀ ਦਰਗਾਹ ਦੇ ਵਿਚ ਕਬੂਲ ਨਹੀਂ ਹੋਈ। ਤੁਹਾਡੀ ਨਮਾਜ਼ ਕਜ਼ਾ ਹੋ ਗਈ, ਖੰਡਤ ਹੋ ਗਈ। ਲੇਖੇ 'ਚ ਨਹੀਂ ਪਈ। ਲੇਖੇ 'ਚ ਤੁਹਾਡਾ ਉਠਣਾ ਬੈਠਣਾ ਪਿਆ, ਮਸਜਿਦ 'ਚ ਆ ਜਾਣਾ ਪਿਆ ਹੈ, ਲੇਕਿਨ ਰੱਬ ਨਾਲ ਤੁਹਾਡਾ ਮੇਲ ਨਹੀਂ ਜੁੜਿਆ, ਕਿਉਂਕਿ ਜਿਹਨੇ ਨਮਾਜ਼ ਪੜ੍ਹਨੀ ਸੀ ਉਹ ਘੋੜੇ ਖਰੀਦਦਾ ਫਿਰਦਾ ਸੀ, ਵਛੇਰੀ ਮੋੜਦਾ ਸੀ। ਅਨੇਕਾਂ ਫੁਰਨੇ ਹੁੰਦੇ ਨੇ ਸਾਡੇ। ਜੇ ਗੁਰੂ ਨਾਨਕ ਜਾਣ ਗਿਆ ਤਾਂ ਵਾਹਿਗੁਰੂ ਤਾਂ ਜਾਣਦਾ ਹੀ ਹੈ ਸਭ ਕੁਛ। ਜੇ ਭਲਾ ਅਸੀਂ ਥੋੜ੍ਹੀ ਦੇਰ ਵਾਸਤੇ ਮੰਨ ਲਈਏ ਕਿ ਹੁਣ ਤਾਂ ਗੁਰੂ ਨਾਨਕ ਸਾਹਿਬ ਇਥੇ ਹੈ ਨਹੀਂ। ਜਿਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਉਤੇ ਵਿਸ਼ਵਾਸ਼ ਘੱਟ ਹੈ। ਤਾਂ ਫੇਰ ਉਹ ਨਮਾਜ਼ ਨੂੰ, ਸਾਡੇ ਜਪੁਜੀ ਸਾਹਿਬ ਨੂੰ ਕੌਣ ਪੜ੍ਹ ਰਿਹਾ ਹੈ। ਪੜ੍ਹੀ ਜਾਂਦੇ ਹਾਂ, ਪੜ੍ਹੀ ਜਾਂਦੇ ਹਾਂ, ਮਨ ਕਿਤੇ ਹੋਰ ਫਿਰਦਾ ਹੈ। ਇਹ ਗੱਲ ਸੀ ਕਿ ਗੁਰੂ ਸਾਹਿਬ ਨੇ ਪਹਿਲਾਂ ਹੀ ਮਨ੍ਹਾਂ ਕਰ ਦਿਤੀ ਸੀ ਕਿ ਇਹ ਤਾਂ ਕਜ਼ਾ ਹੋ ਰਿਹਾ ਹੈ ਸਾਡਾ ਪਾਠ, ਕਿਸੇ ਲੇਖੇ ਵਿਚ ਨਹੀਂ ਪੈ ਰਿਹਾ। ਕਿਉਂਕਿ ਅਸੀਂ ਤਿਆਰ ਨਹੀਂ ਕਰਿਆ ਆਪਣੇ ਆਪ ਨੂੰ ਜਪੁਜੀ ਸਾਹਿਬ ਪੜ੍ਹਨ ਵਾਸਤੇ। ਕੇਵਲ ਨਮਾਜ਼ ਤੋਂ ਅੱਗੇ ਨਹੀਂ ਅਸੀਂ ਲੰਘ ਸਕੇ। ਉਹਦੀ ਪ੍ਰਸੰਸਾ ਕਰਦੇ ਹਾਂ, ਆਪਣੇ ਵਾਸਤੇ ਕੁਛ ਨਹੀਂ ਹੈ। ਸੋ ਇਸੇ ਤਰ੍ਹਾਂ ਦੇ ਨਾਲ ਸਿੱਖ ਇਤਿਹਾਸ ਦੇ ਅੰਦਰ, ਗੁਰੂਆਂ ਦੇ ਇਤਿਹਾਸ ਦੇ ਅੰਦਰ, ਦੁਨੀਆਂ ਦੇ ਵਾਸਤੇ ਬੇਅੰਤ ਐਸੀਆਂ ਮਿਸਾਲਾਂ ਕਾਇਮ ਕੀਤੀਆਂ ਨੇ ਕਿ ਜਿਨ੍ਹਾਂ ਨੂੰ ਜੇ ਅਸੀਂ ਅਪਣਾਅ ਲਈਏ ਤਾਂ ਵਿਸ਼ਵ-ਵਾਸੀ ਬੰਦੇ ਬਣ ਜਾਂਦੇ ਹਾਂ, ਸਾਰੇ ਸੰਸਾਰ ਦੇ ਸਾਂਝੇ। ਸਾਰਾ ਹੀ ਸੰਸਾਰ ਸਾਡਾ ਹੋ ਜਾਂਦਾ ਹੈ। ਬਹੁਤ ਵੱਡੀ ਸੋਚ ਸੀ ਗੁਰੂ ਨਾਨਕ ਪਾਤਸ਼ਾਹ ਦੀ, ਅਸੀਂ ਰੋਲ ਦਿਤੀ। ਕਿਉਂਕਿ ਸਾਡੇ ਕਮਲਿਆਂ ਦੇ ਹੱਥ ਵਿਚ ਆ ਗਈ। ਆਪਣੀ ਜੋ ਸਾਡੀ ਸੋਚ ਸੀ ਉਸਦਾ ਜੋ ਸੀਮਤ ਦਾਇਰਾ ਸੀ ਉਹਨੂੰ ਬਾਹਰ ਨਹੀਂ ਅਸੀਂ ਕੱਢ ਸਕੇ। ਇਥੇ ਤੱਕ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਤੇ ਵੀ ਅਸੀਂ ਪਾਬੰਦੀ ਲਾ ਲਈ ਕਿ ਸਿਰਫ ਜਿਹਨੇ ਅੰਮ੍ਰਿਤ ਛਕਿਆ ਹੈ ਉਹ ਬਾਣੀ ਪੜ੍ਹ ਸਕਦਾ ਹੈ ਦੂਸਰਾ ਨਹੀਂ ਪੜ੍ਹ ਸਕਦਾ। ਇਕ ਵਿਚਾਰ ਦੇ ਨਾਲ ਦੇਖੋ ਕਿ ਗੁਰੂ ਨਾਨਕ ਪਾਤਸ਼ਾਹ ਨੇ ਅੰਮ੍ਰਿਤ ਛਕਣ ਵਾਲਿਆਂ ਦੇ ਸਾਮ੍ਹਣੇ ਬਾਣੀ ਉਚਾਰੀ ਸੀ ਕਿ ਦੂਜਿਆਂ ਦੇ ਸਾਮ੍ਹਣੇ ਉਚਾਰੀ ਸੀ? ਕਿੰਨੀ ਤੰਗਦਿਲੀ ਹੈ ਸਾਡੀ, ਹਰ ਗੱਲ ਵਿਚ ਤੰਗਦਿਲੀ ਚਲਦੀ ਹੈ। ਉਹ ਗੁਰੂ ਗ੍ਰੰਥ ਸਾਹਿਬ ਦੀ ਜਿਹੜੀ ਤਾਲੀਮ ਸੀ ਉਸ ਦੇ ਵਿਪਰੀਤ ਹੋ ਗਏ। ਅਸੀਂ 100%, ਟੁੱਟ ਗਏ ਉਹਦੇ ਨਾਲੋਂ, ਸਾਨੂੰ ਸੋਝੀ ਨਹੀਂ ਆਉਂਦੀ। ਉਹ ਰੋਸ਼ਨੀ ਨਹੀਂ ਰਹੀ ਉਹ ਚੀਜ਼ ਨਹੀਂ ਰਹੀ ਸਾਡੇ ਅੰਦਰ, ਪ੍ਰਕਾਸ਼ ਨਹੀਂ ਰਿਹਾ, ਯੂਨੀਵਰਸਲ ਦ੍ਰਿਸ਼ਟੀ ਨਹੀਂ ਰਹੀ, ਨਿੱਕੀ ਜਿਹੀ ਦ੍ਰਿਸ਼ਟੀ ਹੋ ਗਈ। ਬਹੁਤ ਵੱਡਾ ਜੋ ਗਿਆਨ ਸੀ ਦੁਨੀਆਂ ਨੂੰ ਦੇਣ ਵਾਲਾ, ਗੁਰੂ ਨੇ ਸਾਡੇ ਉਤੇ ਬਹੁਤ ਵੱਡਾ ਵਿਸ਼ਵਾਸ਼ ਕਰਿਆ ਸੀ ਕਿ ਪੁਜਾਰੀ ਕਲਾਸ ਵਿਚੋਂ ਉਡਾ ਦਿਤੀ ਸੀ। ਕਿਉਂਕਿ ਉਹ ਦੂਸ਼ਿਤ ਹੋ ਜਾਂਦੇ ਸੀ। ਪਹਿਲਾਂ ਸਾਡੇ ਜਿਹੜੇ ਬਜ਼ੁਰਗ ਸੀ, ਸਾਡੇ ਹੀ ਮਾਂ-ਬਾਪ, ਉਹ ਬੜੇ ਸਿਆਣੇ ਸੀ ਸਾਡੇ ਤੋਂ। ਬੜੀ ਦੇਰ ਤੱਕ ਉਨ੍ਹਾਂ ਨੇ ਇਕ ਵਰਗ ਬਣਾ ਰੱਖਿਆ ਕਿ ਤੁਸੀਂ ਭਾਈ ਕੰਮ ਨਾਲ ਕਰੋ, ਕੁਛ ਨਾ ਕਰੋ, ਤੁਹਾਡੇ ਕੱਪੜੇ ਦਾ ਫਿਕਰ, ਤੁਹਾਡੀ ਰੋਟੀ ਦਾ ਫਿਕਰ, ਤੁਹਾਡੇ ਰਹਿਣ ਦਾ ਫਿਕਰ ਅਸੀਂ ਕਰਾਂਗੇ। ਤੁਸੀਂ ਕੀ ਕਰਨਾ ਹੈ, ਤੁਸੀਂ ਭਾਈ ਖੋਜ ਕਰੋ, ਅੰਦਰਲੀਆਂ ਖੋਜਾਂ ਖੋਜੋ ਅਤੇ ਅਟੱਲ ਸਚਾਈਆਂ ਨੂੰ ਤੁਸੀਂ ਅੰਕਿਤ ਕਰੋ। ਉਹ ਸਾਨੂੰ ਸੁਣਾਓ ਫੇਰ ਤੁਸੀਂ। ਉਸ ਕਲਾਸ ਨੂੰ ਬ੍ਰਾਹਮਣ ਕਲਾਸ ਬਣਾ ਦਿਤਾ। ਜੇ ਤਾਂ ਬੰਦਾ ਚਲਦਾ ਸੀ ਤਾਂ ਰਹਿੰਦਾ ਸੀ, ਜੇ ਗਿਰ ਜਾਂਦਾ ਸੀ ਤਾਂ ਹੇਠਲੀਆਂ ਸ਼੍ਰੇਣੀਆਂ ਵਿਚ ਉਹਨੂੰ ਦਾਖਲ ਕਰ ਦਿਤਾ ਜਾਂਦਾ ਸੀ। ਫੇਰ ਉਹ ਬ੍ਰਾਹਮਣ ਨਹੀਂ ਸੀ ਰਹਿੰਦਾ। ਵੱਡੇ-ਵੱਡੇ ਜਿਹੜੇ ਬ੍ਰਾਹਮਣ ਹੋਏ ਨੇ, ਜਿਸ ਤਰ੍ਹਾਂ ਦੇ ਨਾਲ ਗੁਰੂ ਰਾਮ ਚੰਦਰ ਜੀ ਦੇ ਗੁਰੂ ਸੀ ਵਸ਼ਿਸ਼ਟ ਜੀ। ਉਹ ਬ੍ਰਾਹਮਣ ਨਹੀਂ ਸੀ, ਉਨ੍ਹਾਂ ਨੂੰ ਬ੍ਰਾਹਮਣ ਦੀ ਪਦਵੀ ਮਿਲੀ ਸੀ, ਉਹ ਆਪ ਅਛੂਤ ਸੀਗੇ। ਛੋਟੀਆਂ-ਛੋਟੀਆਂ ਜਾਤਾਂ 'ਚੋਂ ਉਠ ਕੇ ਵੱਡੇ-ਵੱਡੇ ਰੁਤਬੇ ਉਨ੍ਹਾਂ ਨੂੰ ਪ੍ਰਾਪਤ ਹੋਏ। ਇਨ੍ਹਾਂ ਨੂੰ ਮਹਾਰਾਜ ਕਹਿੰਦੇ ਵੀ ਰਹੇ ਕਿ ਅਸੀਂ ਤਾਂ ਬ੍ਰਾਹਮਣ ਉਸਨੂੰ ਕਹਿੰਦੇ ਹਾਂ ਜਿਹੜਾ ਬ੍ਰਹਮ ਦੀ ਵਿਚਾਰ ਕਰਦਾ ਹੈ, ਜਾਤ ਨੂੰ ਅਸੀਂ ਨਹੀਂ ਮੰਨਦੇ। ਲੇਕਿਨ ਅੱਗੇ ਜਾ ਕੇ ਕਲਾਸ ਬਣ ਗਈ, ਕਲਾਸ ਬਣ ਕੇ ਪੁਜਾਰੀ ਕਲਾਸ ਬਣ ਗਈ। ਤਰੱਕੀ ਰੁਕ ਗਈ।

ਗੁਰੂਆਂ ਨੇ ਵੀ ਗੱਦੀ ਸ੍ਰੀ ਚੰਦ ਨੂੰ ਨਹੀਂ ਸੀ ਦਿਤੀ ਕਿ ਖਾਨਦਾਨੀ ਬਣ ਜਾਏਗੀ। ਦੂਜੀ ਪਾਤਸ਼ਾਹੀ ਨੇ ਦਾਤੂ,

ਦਾਸੂ ਜੀ ਨੂੰ ਨਹੀਂ ਸੀ ਦਿਤੀ ਕਿ ਖਾਨਦਾਨੀ ਬਣ ਜਾਏਗੀ। ਜੇ ਚੌਥੇ ਪਾਤਸ਼ਾਹ ਤੋਂ ਬਾਅਦ ਚਲਿਆ ਹੈ ਤਾਂ ਉਹ ਉਤਰਾਅਧਿਕਾਰੀ ਐਨੇ ਜ਼ਬਰਦਸਤ ਹੋਏ ਕਿ ਉਨ੍ਹਾਂ ਦੇ ਮੁਕਾਬਲੇ ਦਾ ਹੋਰ ਕੋਈ ਹੈ ਨਹੀਂ ਸੀ। ਅਖੀਰ ਗੁਰੂ ਦਸਵੇਂ ਪਾਤਸ਼ਾਹ, ਜੋ ਕੁਰਬਾਨੀ ਕਰ ਗਏ, ਹੋਰ ਕੋਈ ਹੈ ਨਹੀਂ ਸੀ ਐਨੀ ਕੁਰਬਾਨੀ ਕਰਨ ਵਾਲਾ। ਇਸ ਵਾਸਤੇ ਉਹ ਚੋਣ ਗਲਤ ਨਹੀਂ ਸੀ। ਗੁਰੂ ਮਹਾਰਾਜ ਨੇ ਫੇਰ ਪਰਿਵਾਰ ਵਿਚੋਂ ਕੱਢ ਦਿਤੀ। ਜੇ ਚਾਹੁੰਦੇ ਸਾਹਿਬਜ਼ਾਦਿਆਂ ਨੂੰ ਬਚਾ ਲੈਂਦੇ, ਕੋਈ ਔਖੀ ਗੱਲ ਨਹੀਂ ਸੀ ਉਨ੍ਹਾਂ ਨੂੰ। ਉਨ੍ਹਾਂ ਨੇ ਸਾਡੇ ਉਤੇ ਵਿਸ਼ਵਾਸ਼ ਕਰਿਆ ਕਿ ਹੁਣ ਇਹ ਦੋ ਸਾਲ ਦੀ ਤਾਲੀਮ ਤੋਂ ਬਾਅਦ ਸਭ ਕੁਛ ਸਮਝ ਗਏ। 235-36 ਸਾਲ ਰਹੇ ਨੇ ਗੁਰੂ। ਬਹੁਤ ਵੱਡਾ ਸਮਾਂ ਹੈ ਜਿਹਦੇ ਵਿਚ ਰਹੇ ਤੇ ਸਾਨੂੰ ਸਮਝਾਇਆ। ਲੇਕਿਨ ਸਮੇਂ ਦੇ ਫੇਰ ਦੇ ਨਾਲ ਅਸੀਂ ਫੇਰ ਉਥੇ ਹੀ ਗਿਰ ਗਏ। ਜਿਥੋਂ ਕੱਢੇ ਸੀ, ਉਸ ਤੋਂ ਵੀ ਥੱਲੇ ਜਾ ਗਿਰੇ।

ਸੋ ਅੱਜ ਦਾ ਜੋ ਦਿਨ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਹੈ। ਇਹਦੇ ਵਿਚ ਜਿਹੜੀ ਚੀਜ਼ ਹੈ ਉਸ ਨੂੰ ਸਮਝਣ ਦਾ ਯਤਨ ਕਰੋ। ਉਹਦੀ ਕੇਵਲ ਗੌਰਵਤਾ ਨਾ ਕਰੋ ਕਿ ਹਾਂ ਬਹੁਤ ਵੱਡਾ ਸਾਕਾ ਹੈ। ਉਹਦੇ ਵਿਚ ਦੇਖੋ ਕਿ ਸਾਡਾ ਕਿਰਦਾਰ ਕੀ ਹੈ। ਗੁਰੂ ਨੇ ਤਾਂ ਇਕ ਲੀਹ ਖਿੱਚ ਦਿਤੀ, ਅਸੀਂ ਉਸ ਲੀਹ ਤੇ ਚਲਦੇ ਹਾਂ ਕਿ ਅਸੀਂ ਅੱਡ ਹੋ ਰਹੇ ਹਾਂ। ਗੁਰੂ ਨੇ ਲਕੀਰ ਖਿੱਚੀ ਸੀ ਕਿ ਇਕ ਤਾਂ ਕਿਸੇ ਨੂੰ ਭੈ ਨਹੀਂ ਦੇਣੀ, ਇਕ ਕਿਸੇ ਦੀ ਭੈ ਮੰਨਣੀ ਨਹੀਂ ਹੈ, ਜੇ ਸੱਚੇ ਦੇ ਉਤੇ ਅਸੀਂ ਚੱਲ ਰਹੇ ਹਾਂ। ਦੂਸਰਾ ਇਹ ਸੀ ਕਿ ਧੱਕਾ ਜਿੱਥੇ ਵੀ ਹੁੰਦਾ ਹੈ, ਗਰੀਬ ਤੇ ਧੱਕਾ ਹੁੰਦਾ ਹੈ, ਉਹਦੇ ਨਾਲ ਖੜ੍ਹੋਵੋ, ਜੇ ਤਾਂ ਤੁਹਾਡੇ ਵਿਚ ਤਾਕਤ ਹੈ ਤਾਂ ਤਾਂ ਬਰਾਬਰ ਖੜ੍ਹ ਜਾਓ। ਜੇ ਐਨੀ ਤਾਕਤ ਨਹੀਂ ਹੈ ਤਾਂ ਭਾਈ ਤੁਸੀਂ ਉਹਦੇ ਨਾਲ ਹਮਦਰਦੀ ਰੱਖੋ। ਜੇ ਜ਼ਾਹਿਰਾ ਤੌਰ ਤੇ ਹਮਦਰਦੀ ਨਹੀਂ ਰੱਖ ਸਕਦੇ ਤਾਂ ਮਨ ਵਿਚ ਤਾਂ ਚਿਤਵਨੀ ਚਿਤੋ, ਅਰਦਾਸ ਕਰੋ ਕਿ ਸੱਚੇ ਪਾਤਸ਼ਾਹ, ਗਰੀਬ ਮਾਰ ਹੋ ਰਹੀ ਹੈ –

***ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥ ਅੰਗ - 679***

ਜਿੰਨੀ ਕੁ ਤਾਕਤ ਦਿਤੀ ਹੈ ਓਨਾਂ ਕੁ ਤਾਂ ਵਰਤੋ, ਆਪਣਾ ਬਲ ਨਾ ਹਾਰੋ। ਲੇਕਿਨ ਸੱਚ ਦੀ ਮਦਦ ਕਰੋ। ਝੂਠ ਦੀ ਮਦਦ ਨਾ ਕਰੋ। ਉਸ ਨੂੰ ਘਟਾਉਣ ਦਾ ਯਤਨ ਕਰੋ ਇਹ ਬਹੁਤ ਵੱਡਾ ਉਦੇਸ਼ ਸੀ। ਗੁਰੂ ਮਹਾਰਾਜ ਨਾ ਤਿਲਕ ਦੇ ਵਿਚ ਵਿਸ਼ਵਾਸ਼ ਕਰਦੇ ਸੀ, ਨਾ ਜੰਞੂ 'ਚ ਕਰਦੇ ਸੀ, ਨਾ ਸੁੰਨਤਾਂ 'ਚ ਕਰਦੇ ਸੀ, ਨਾ ਕਿਸੇ ਰੂਪ ਰੇਖਾ 'ਚ ਕਰਦੇ ਸੀ ਕਿ ਭੇਖ ਧਾਰ ਲਓ, ਆਹ ਧਾਰ ਲਓ। ਕਿਤਾਬਾਂ ਵਿਚ ਪਿਆ ਲਿਖਿਆ ਮਿਲੇ, ਪਰ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਆਉਂਦਾ। ਜੋ ਚੌਰ ਤੇ ਤਖਤ ਦਾ ਮਾਲਕ ਹੁੰਦਾ ਹੈ, ਉਹਦੀ ਬਾਤ ਚਲਿਆ ਕਰਦੀ ਹੈ। ਜਦੋਂ ਕਹਿੰਦੇ ਓਂ ਰੋਜ਼ ਅਰਦਾਸ ਦੇ ਵਿਚ ਚੌਰ ਤਖਤ ਦੇ ਮਾਲਕ। ਤਖਤ ਦਾ ਮਾਲਕ ਹੋਏਗਾ, ਉਹਦਾ ਹੁਕਮ ਚੱਲੇਗਾ। ਇਹ ਤਾਂ ਨਹੀਂ ਹੈ ਕਿ ਫਲਾਣੇ ਦਾ ਹੁਕਮ ਚੱਲੇਗਾ, ਫਲਾਣੇ ਨੇ ਐਉਂ ਕਿਹਾ। ਗੁਰੂਆਂ ਦੀ ਕੋਈ ਗੱਲ ਐਸੀ ਨਹੀਂ, ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਤੀਕੂਲ ਹੋਵੇ। ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾ ਰਲਦੀ ਹੋਵੇ, ਉਹ ਗੱਲ ਨਹੀਂ ਹੈ ਕਿਉਂਕਿ ਕਰਨੀ ਤੇ ਕਥਨੀ ਸੁਮੇਲ ਸੀ। ਇਹ ਨਹੀਂ ਸੀ ਕਿ ਆਪ ਕੁਛ ਹੋਰ ਕਰਦੇ, ਕਵੀਆਂ ਵਾਂਗਣ ਕਵਿਤਾ ਬਣਾ ਕੇ ਦੇ ਦਿਤੀ, ਲਿਖਾਰੀਆਂ ਵਾਂਗਣ ਕਿਤਾਬ ਬਣਾ ਕੇ ਦੇ ਦਿਤੀ। ਜਦੋਂ ਕਿਤਾਬ ਪੜ੍ਹਦੇ ਹਾਂ ਅਸੀਂ ਕਹਿੰਦੇ ਹਾਂ ਇਹ ਤਾਂ ਬੰਦਾ ਹੀ ਬੜਾ ਉਚਾ ਹੈ, ਐਡੇ ਉਚੇ ਖਿਆਲ। ਜਦੋਂ ਉਹਦੇ ਕੋਲ ਜਾ ਕੇ ਦੇਖਾਂਗੇ ਫੇਰ ਪਤਾ ਲੱਗੇਗਾ ਕਿ ਮਾਮੂਲੀ ਆਦਮੀ ਹੈ ਇਹਨੇ ਤਾਂ ਚੋਰੀ ਕਰੀ ਹੋਈ ਹੈ, ਕਈ ਕਿਤਾਬਾਂ ਰੱਖ ਕੇ ਵਿਚੋਂ ਚੁਣ-ਚੁਣ ਕੇ ਗੁਲਦਸਤਾ ਬਣਾ ਦਿਤਾ। ਗੁਲਦਸਤਾ ਖੂਬਸੂਰਤ ਹੈ, ਪਰ ਬਣਾਉਣ ਵਾਲੇ ਦਾ ਜੀਵਨ ਖੂਬਸੂਰਤ ਨਹੀਂ ਹੈ। ਭੁਲੇਖਾ ਪੈ ਜਾਂਦਾ ਹੈ ਇਹ ਜ਼ਬਰਦਸਤ। ਗੁਰੂਆਂ ਦਾ ਇਹ ਨਹੀਂ ਸੀ, ਗੁਰੂ ਮਹਾਰਾਜ ਨੇ ਜੋ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਹੈ, ਉਸ ਤੋਂ ਵਿਪਰੀਤ ਨਹੀਂ ਸੀਗੇ। ਓਹੀ ਉਨ੍ਹਾਂ ਦਾ ਜੀਵਨ ਸੀ। ਜੇ ਲਿਖਾਰੀ ਦਾ ਮਨ ਵਿਪਰੀਤ ਹੈ, ਲਿਖਾਰੀ ਨੇ ਆਪਣੇ ਮਨ ਦੀ ਗੱਲ ਲਿਖ ਦਿਤੀ, ਆਪਣਾ ਖਿਆਲ ਲਿਖ ਦਿਤਾ ਉਹ ਸਾਨੂੰ ਵੀ ਮੰਨਣਾ ਚਾਹੀਦਾ ਹੈ। ਸੋ ਗੁਰੂ ਮਹਾਰਾਜ ਐਸਾ ਨਹੀਂ ਸੀ ਕਰਦੇ। ਜਿਹੋ ਜਿਹਾ ਪੈਦਾ ਹੋਇਆ ਹੈ, ਉਹਦੇ ਉਤੇ ਕੋਈ ਬੰਧਸ਼ ਨਹੀਂ ਸੀ ਲਾਉਂਦੇ ਜੇ ਲਾਉਂਦੇ ਸੀ ਤਾਂ ਸੱਚੇ ਚਰਿੱਤਰ ਦੀ ਲਾਉਂਦੇ ਸੀ। ਜੇ ਕੇਸ ਨੇ ਸਾਡੇ ਤਾਂ ਕੇਸ ਦਰਗਾਹ ਦੇ ਵਿਚੋਂ ਆਏ ਹੋਏ ਨੇ, ਕੋਈ ਚੀਜ਼ ਐਸੀ ਤਾਂ ਨਹੀਂ ਹੈ ਕਿ ਤੁਸੀਂ ਕੇਸ ਉਗਾਓ ਦਵਾਈਆਂ ਲਾ ਲਾ ਕੇ। ਹਾਂ ਇਹਦੇ ਵਿਪਰੀਤ ਜਿਹੜਾ ਕਰਨਾ ਹੈਗਾ ਉਹਨੂੰ ਹਟਾ ਦਿਤਾ ਮਹਾਰਾਜ। ਜਿਹੋ ਜਿਹੀ ਕੁਦਰਤੀ ਤੌਰ ਤੇ ਤੁਸੀਂ ਆਏ ਹੋਂ, ਉਹੋ ਜਿਹੇ ਰਹੋ। ਕੁਦਰਤ ਨੇ ਦਿਤੇ ਨੇ, ਕਦੇ ਖੋਜ ਹੋ ਜਾਏਗੀ, ਪਤਾ ਲਗ ਜਾਏਗਾ ਕਿ ਇਹ ਕਿੰਨੇ ਜ਼ਰੂਰੀ ਨੇ। ਪਹਿਲਾਂ ਤੋਂ ਕਹਿੰਦੇ ਸੀ ਕਿ ਮਾਸ ਨਾ ਖਾਓ, ਮਾਸ ਨਾ ਖਾਓ। ਦੂਜੇ ਕਹਿੰਦੇ ਸੀ ਕਿ ਮਾਸ ਖਾਓ-ਮਾਸ ਖਾਓ। ਜ਼ੋਰ ਲਾਉਂਦੇ ਸੀ, ਸਾਡੀ ਕਮੇਟੀ ਨੇ ਸਰਕੂਲਰ ਕਰਿਆ ਹੋਇਆ ਸੀ ਕਿ ਸ਼੍ਰੋਮਣੀ ਕਮੇਟੀ ਜਿਹਨੂੰ ਤੁਸੀਂ ਕਹਿੰਦੇ ਓਂ। ਮੈਂ ਉਹਨੂੰ ਕਿਹਾ ਕਿ ਅਸੀਂ ਤਿਆਰ ਕਰੀ ਜਾਂਦੇ ਹਾਂ, ਤੁਸੀਂ ਅੰਮ੍ਰਿਤ ਛਕਾਈ ਜਾਓ। ਪਰ ਇਕ ਗੱਲ ਨਾਲ ਅਸੀਂ ਤੁਹਾਡੇ ਨਾਲ ਸਹਿਮਤ ਨਹੀਂ, ਤੁਸੀਂ ਮਾਸ ਖਾਣ ਲਈ ਕਹਿੰਦੇ ਓਂ। ਕਹਿੰਦੇ ਓਂ ਕਿ ਤੂੰ ਨਾਮ ਜਪ ਨਾ ਜਪ, ਮਾਸ ਜ਼ਰੂਰ ਖਾ। ਜਿਹੜਾ ਮਾਸ ਖਾਏਗਾ ਉਹਨੂੰ ਹਜ਼ਮ ਕਰਨ ਵਾਸਤੇ ਸ਼ਰਾਬ ਚਾਹੀਦੀ ਹੈ। ਉਹਦਾ ਤਾਂ ਘੱਟ ਦੋਸ਼ ਹੈ, ਉਹ ਕਿਸੇ ਨੂੰ ਮਾਰਦਾ ਨਹੀਂ ਹੈ, ਕਿਸੇ ਦਾ ਗਲ ਨਹੀਂ ਵੱਢਣਾ। ਉਹ ਤਾਂ ਇਕ ਗਲਤ ਪਾਣੀ ਪੀਣਾ ਹੈ, ਉਹਦੇ ਨਾਲ ਬੇਹੋਸ਼ ਹੋ ਜਾਣਾ ਹੈ ਆਦਮੀ ਨੇ। ਉਹ ਤਾਂ ਅੱਧਾ ਪਾਪ ਹੈ ਉਸ ਤੋਂ, ਕਿਸੇ ਦਾ ਦਿਲ ਤਾਂ ਨਹੀਂ ਨਾ ਦੁਖਾਉਂਦਾ। ਲੇਕਿਨ ਤਮੋ ਗੁਣ 'ਚ ਸੁੱਟਣ ਕਰਕੇ ਉਸ ਨੂੰ ਮਨ੍ਹਾਂ ਕਰਦੇ ਹਾਂ ਕਿ ਤੇਰੇ ਤੋਂ ਨਾਮ ਨਹੀਂ ਜਪ ਹੋਣਾ, ਤੇਰੀ ਬਿਰਤੀ ਤਮੋ ਗੁਣ ਹੋ ਜਾਏਗੀ। ਨਾ ਸ਼ਰਾਬ ਪੀ। ਜੇ ਮਾਸ ਖਾਣਾ ਕਹਿੰਦੇ ਹਾਂ, ਤਾਂ ਸ਼ਰਾਬ ਤਾਂ ਆਪਣੇ ਆਪ ਆ ਗਈ। ਉਹਨੂੰ ਕਹੋ ਨਾ ਕਹੋ ਆਪੇ ਪੀ ਲੈਣੀ ਹੈ। ਮੈਂ ਕਿਹਾ

ਫੇਰ, ਜਥੇਦਾਰ ਨੇ ਕਿਹਾ ਮੈਂ ਤੁਹਨੂੰ ਸਰਕੂਲਰ ਦਿਖਾਉਂਦਾ ਹਾਂ। ਆਹ ਅਸੀਂ ਚਾਰ ਹਾਂ ਜਿਹੜੇ ਮਾਸ ਨਹੀਂ ਖਾਂਦੇ, ਸਾਨੂੰ ਹੁਕਮ ਆਇਆ ਹੈ ਕਿ ਤੁਹਾਡੇ ਪੰਜ ਪਿਆਰਿਆਂ 'ਚ ਮਾਸ ਨਹੀਂ ਖਾਂਦੇ ਅਸੀਂ ਤੁਹਾਨੂੰ ਰੀਮੂਵ ਕਰ ਦੇਵਾਂਗੇ, ਜੇ ਤੁਸੀਂ ਇਹ ਗੱਲ ਨਾ ਕਰੀ। ਮੈਂ ਹੈਰਾਨ ਹੋ ਗਿਆ ਕਿ ਆਹ ਸਾਡੀ ਸਭ ਤੋਂ ਵੱਡੀ ਜਿਹੜੀ ਧਾਰਮਿਕ ਕਮੇਟੀ ਹੈ ਉਸ ਦੀ ਸੋਚ ਐਸੀ ਹੈ। ਗੁਰੂ ਸਾਹਿਬ ਤੋਂ ਮੁਨਕਰ ਨੇ। ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ ਕਿ ਨਹੀਂ, ਤਮੋ ਗੁਣੀ ਭੋਜਨ ਨਹੀਂ ਖਾਣਾ।

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***
***ਅੰਗ - 1374***

ਸਾਦੀ ਰੋਟੀ ਖਾਓ। ਪਹਿਲਾਂ ਜਾਨਵਰ ਮਾਰ ਕੇ ਖਾਓ, ਹੇਰਾ ਕਹਿੰਦੇ ਨੇ ਸ਼ਿਕਾਰ ਕਰਕੇ ਖਾਣਾ। ਅਹੇਰ ਬਿਰਤੀ ਹੁੰਦੀ ਹੈ ਸ਼ਿਕਾਰ ਵਾਲੀ ਬਿਰਤੀ। ਉਸ ਵਿਚ ਪਹਿਲਾਂ ਖਾਓ ਫੇਰ ਬਦਲੇ ਦੇ ਕੇ ਆਪਣੇ ਸਿਰ ਕਟਾਓ। ਇਸ ਤਰ੍ਹਾਂ ਦੇ ਨਾਲ ਦੂਸ਼ਿਤ ਹੋ ਜਾਂਦਾ ਹੈ ਪ੍ਰਚਾਰ। ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਗੱਲ ਨਾ ਮੰਨੋ ਸਾਧਸੰਗਤ ਜੀ, ਚਾਹੇ ਕੋਈ ਕੁਛ ਕਹੀ ਜਾਵੇ। ਜੇ ਹਿੰਮਤ ਹੈ ਤਾਂ ਪੁੱਛ ਲਓ ਅਗਲੇ ਨੂੰ ਕਿ ਗੁਰਬਾਣੀ ਵਿਚ ਆਉਂਦੀ ਹੈ ਇਹ ਗੱਲ ਜਿਹੜੀ ਤੂੰ ਮੈਨੂੰ ਕਹੀ ਹੈ? ਪਰ ਸਾਨੂੰ ਪਤਾ ਨਹੀਂ ਲਗਦਾ ਕਿ ਸਹੀ ਕਹਿ ਰਿਹਾ ਹੈ ਕਿ ਗਲਤ ਕਿਉਂਕਿ ਸ਼ਬਦ ਦਾ ਬਲ ਬਹੁਤ ਜ਼ਬਰਦਸਤ ਹੈ।

ਇਸ ਤਰ੍ਹਾਂ ਉਹ ਸਮਾਂ ਸੀ ਜਿਸ ਸਮੇਂ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਬਹੁਤ ਭਾਰੀ ਕੁਰਬਾਨੀ ਦੇਣੀ ਪਈ। ਉਹਦੇ ਨਾਲ ਧੀਰੇ ਧੀਰੇ ਪਿਛਲੇ ਪੌਣੇ ਦੋ ਸੌ ਸਾਲ ਤੋਂ ਇਕ ਸੰਘਰਸ਼ ਚਲਿਆ ਆਉਂਦਾ ਸੀ ਕਿ ਸਭ ਨੂੰ ਆਜ਼ਾਦੀ ਚਾਹੀਦੀ ਹੈ, ਜਿਹਨੂੰ ਅੱਜ ਮਨੁੱਖੀ ਅਧਿਕਾਰ ਕਹਿ ਕੇ ਬੜਾ ਵਾ-ਵੇਲਾ ਕੀਤਾ ਜਾ ਰਿਹਾ ਹੈ। ਉਸ ਸਮੇਂ ਮਨੁੱਖੀ ਅਧਿਕਾਰ ਭਾਰਤ ਵਰਸ਼ ਵਿਚ ਹੈ ਨਹੀਂ ਸੀ। ਉਸ ਵੇਲੇ ਧੱਕੇ ਦਾ ਰਾਜ ਸੀ ਮੂਰਖਾਂ ਦਾ ਰਾਜ ਸੀ। ਐਉਂ ਕਹਿ ਲਓ ਇਨਸਾਨੀਅਤ ਤੋਂ ਪਾਗਲ ਹੋਏ ਬੰਦਿਆਂ ਦਾ ਰਾਜ ਸੀ। ਜਿਨ੍ਹਾਂ ਦੇ ਮਨ ਵਿਚ ਨਾ ਪ੍ਰਮੇਸ਼ਰ ਦਾ ਭੈਸੀ ਨਾ ਪਿਆਰ। ਸਭ ਤੋਂ ਵੱਡੀ ਗੱਲ ਇਹ ਸੀ ਕਿ ਜਿਹੜਾ ਉਹ ਕੰਮ ਕਰਦੇ ਸੀ, ਉਹਨੂੰ ਕਹਿੰਦੇ ਸੀ ਅਸੀਂ ਪੁੰਨ ਕਰ ਰਹੇ ਹਾਂ। ਜਿਵੇਂ ਭੂਮੀਆਂ, ਡਾਕੇ ਮਾਰ ਕੇ ਦਾਨ ਕਰ ਰਿਹਾ ਸੀ। ਦਾਨੀ ਬਣਿਆ ਹੋਇਆ ਸੀ, ਇਸੇ ਤਰ੍ਹਾਂ ਨਾਲ ਉਹ ਵੀ ਪੁੰਨ ਕਰ ਰਹੇ ਸੀ, ਪਾਪ ਨਹੀਂ ਸੀ ਕਰ ਰਹੇ। ਵਹਿਸ਼ਤਾਂ ਦੇ ਭਾਗੀ ਹੋ ਰਹੇ ਸੀ। ਕਿੰਨਾ ਜ਼ੁਲਮ ਕਰਦੇ ਸੀ। ਹਮਲਾ ਹੋਇਆ ਦੀਪਾਲਪੁਰ ਦੇ ਉਤੇ, ਪੰਜ ਹਜ਼ਾਰ ਬੰਦਾ ਲਾਈਨ ਵਿਚ ਖੜ੍ਹਾ ਕੇ ਕਤਲ ਕਰਾ ਦਿਤਾ। ਅਯੁੱਧਿਆ ਤੇ ਹਮਲਾ ਹੁੰਦਾ ਹੈ, 14 ਹਜ਼ਾਰ ਬੰਦਾ ਫੜ ਲਿਆ, 14 ਹਜ਼ਾਰ ਦਾ ਸਿਰ ਕੱਟ ਦਿਤਾ। ਬਨਾਰਸ ਤੇ ਹਮਲਾ ਹੋਇਆ, ਉਥੇ ਜ਼ਿਆਦਾ ਪੜ੍ਹੇ ਲਿਖੇ ਵਿਦਵਾਨ ਸੀ ਜਿਹਨੂੰ ਕਾਸ਼ੀ ਕਹਿੰਦੇ ਨੇ। ਇਕ ਵਾਰੀ ਪੁਛਿਆ ਗਿਆ ਕਿ ਜਾਨ ਚਾਹੀਦੀ ਹੈ ਤਾਂ ਇਸ ਲਾਈਨ ਤੇ ਹੋ ਜਾਓ, ਇਸਲਾਮ ਧਾਰਨ ਕਰ ਲਓ। ਜੇ ਆਪਣਾ ਨਿੱਜ ਧਰਮ ਰੱਖਣਾ ਹੈ, ਇਹ ਤਿਲਕ ਤੇ ਜੰਞੂ ਨਹੀਂ ਰਹਿਣ ਦੇਣਾ, ਭਾਰਤ ਵਰਸ਼ ਵਿਚ। 33 ਹਜ਼ਾਰ ਬੰਦਾ ਲਾਈਨ ਵਿਚ ਖੜ੍ਹਾ ਕਰਕੇ ਕਤਲ ਕਰ ਦਿਤਾ। ਉਨ੍ਹਾਂ ਦੀਆਂ ਕਿਤਾਬਾਂ ਵਿਚ ਲਿਖਿਆ ਹੋਇਆ ਹੈ ਇਹ ਜਿਹੜਾ ਮੈਂ ਦੱਸ ਰਿਹਾ ਹਾਂ। ਉਹਦੇ ਅੱਗੇ ਇਹ ਲਿਖਿਆ ਹੋਇਆ ਹੈ ਉਸ ਨੇ ਬੜਾ ਸਬਾਬ ਦਾ ਕੰਮ ਕੀਤਾ, ਪੁੰਨ ਦਾ ਕੰਮ ਕਿ ਐਨੇ ਕਾਫਰ ਰੱਬ ਦੀ ਦੁਨੀਆਂ ਵਿਚੋਂ ਚੁਣ ਕੇ ਮਾਰ ਦਿਤੇ। ਐਨੇ ਮੋਮਨ ਬਣਾ ਲਏ। ਭਟਨੇਰ ਦੇ ਉਤੇ ਹਮਲਾ ਕੀਤਾ, 29 ਹਜ਼ਾਰ ਬੰਦਾ ਖੜ੍ਹਾ ਕਰ ਲਿਆ, ਰੂੰ ਵਲੇਟ ਦਿਤੀਆਂ ਉਨ੍ਹਾਂ ਦੇ ਆਲੇ ਦੁਆਲੇ, ਦਰਖਤਾਂ ਨਾਲ ਬੰਨ੍ਹ ਦਿਤੇ, ਰੱਸਿਆਂ ਨਾਲ ਬੰਨ੍ਹ ਦਿਤੇ, ਲੱਕੜੀਆਂ ਗੱਡ ਦਿਤੀਆਂ। ਜਿਵੇਂ ਬੱਲੀਆਂ ਗੱਡ ਦੇਈਏ, ਸਭ ਨੂੰ ਬੰਨ੍ਹ ਦੇਈਏ ਬੱਲੀਆਂ ਦੇ ਨਾਲ, ਬਾਹਾਂ ਬੰਨ੍ਹ ਦਿਤੀਆਂ ਪਿੱਛੇ ਨੂੰ, ਹਿੱਲਣ ਜੁਲ੍ਹਣ ਤੋਂ ਹਟਾ ਦਿਤੇ, ਇਕ ਦਮ ਇਕ ਪਾਸਿਓਂ ਅੱਗ ਲਗਣੀ ਸ਼ੁਰੂ ਹੋਈ, 29000 ਬੰਦਾ ਜਲ ਰਿਹੈ, ਕਿੰਨੀਆਂ ਚੀਕਾਂ ਮਾਰਦੇ ਹੋਣੇ ਨੇ, ਕਿੰਨੇ ਪ੍ਰਮੇਸ਼ਰ ਨੂੰ ਯਾਦ ਕਰਦੇ ਹੋਣੇ ਨੇ। ਜਾਲਣ ਤੋਂ ਬਾਅਦ ਉਹਨੇ ਲਿਖਿਆ ਹੈ ਕਿ ਅੱਜ ਮੈਂ ਬੜਾ ਭਾਰਾ ਪੁੰਨ ਕਰਿਆ ਹੈ ਤੇ ਮੈਨੂੰ ਬਹਿਸ਼ਤ ਦੇ ਦਰਵਾਜ਼ੇ ਜ਼ਰੂਰ ਖੁਲ੍ਹ ਜਾਣਗੇ। ਇਕ ਲੱਖ ਪੱਚੀ ਹਜ਼ਾਰ ਬੰਦਾ, ਤੈਮੂਰ ਆਇਆ ਉਸ ਨੇ ਕਤਲ ਕਰਾ ਦਿਤਾ। ਉਹਦੀ ਫੌਜ ਸੀ ਡੇਢ ਲੱਖ ਦੀ। ਉਹ ਕਹਿੰਦਾ ਦੇਖੋ, ਤੁਸੀਂ ਭਾਰਤ ਵਰਸ਼ ਵਿਚ ਆਏ ਓਂ, ਇਨ੍ਹਾਂ ਕੋਲ ਕੋਈ ਦੌਲਤ ਬਚਣੀ ਨਹੀਂ ਚਾਹੀਦੀ, ਕੋਈ ਲੜਕੀ ਨਹੀਂ ਇਨ੍ਹਾਂ ਕੋਲ ਚੰਗੀ ਰਹਿਣੀ ਚਾਹੀਦੀ, ਸਭ ਲੈ ਜਾਓ, ਖੁਲ੍ਹ ਹੈ ਪੂਰੀ। ਡੇਢ ਲੱਖ ਬੰਦਾ ਲੁੱਟ ਰਿਹਾ ਸੀ, ਕਿੰਨੀ ਕੁ ਦੌਲਤ ਲੈ ਗਏ, ਇਹਦਾ ਕਿਸੇ ਨੇ ਹਿਸਾਬ ਨਹੀਂ ਲਾਇਆ। ਸੋ ਇਸ ਤਰ੍ਹਾਂ ਦੇ ਨਾਲ ਤੈਮੂਰ ਆਉਂਦਾ ਹੈ ਹਿੰਦੁਸਤਾਨ ਦੇ ਅੰਦਰ, ਉਹਨੇ ਆਪਣੀ ਕਿਤਾਬ ਵਿਚ ਲਿਖਿਆ ਕਿ ਮੈਂ ਭਾਰਤ ਵਰਸ਼ ਦੇ ਵਿਚ ਜਾ ਕੇ ਇਕ ਵੱਡਾ ਪੁੰਨ ਦਾ ਕੰਮ ਕੀਤਾ ਕਿ ਮੈਂ ਸੱਤ ਲੱਖ ਕਾਫਰਾਂ ਨੂੰ ਕਤਲ ਕਰਵਾ ਦਿਤਾ। ਢਾਈ ਲੱਖ ਮੈਂ ਮੋਮਨ ਬਣਾ ਲਏ। ਇਸੇ ਤਰ੍ਹਾਂ ਦੇ ਨਾਲ ਜ਼ੁਲਮ ਹੁੰਦਾ ਚਲਿਆ ਗਿਆ। ਮਹਿਮੂਦ ਆਇਆ, ਬਹੁਤ ਹੀ ਸ਼ਾਨਦਾਰ ਮੰਦਰ ਬਣਿਆ, ਦੁਨੀਆਂ ਦੇ ਵਿਚ ਉਸ ਤਰ੍ਹਾਂ ਦੀ ਬਿਲਡਿੰਗ ਨਾ ਕਿਤੇ ਦੇਖਣ ਨੂੰ ਆਉਂਦੀ ਸੀ, ਨਾ ਸੁਣਨ ਨੂੰ ਆਉਂਦੀ ਸੀ। ਉਸ ਮੰਦਰ ਦੇ ਬਣਾਉਣ ਵਾਸਤੇ 80 ਕਰੋੜ ਮੋਹਰ ਲੱਗੀ ਸੀ ਉਸ ਸਮੇਂ ਦੀ। ਜਦੋਂ ਇਕ ਰੁਪਏ ਦੇ ਨੌ ਮਣ ਛੋਲੇ ਆਉਂਦੇ ਸੀ। ਖਰਬਾਂ ਰੁਪਿਆ ਲੱਗਿਆ ਸੀ ਉਹਨੂੰ ਬਣਾਉਣ ਵਾਸਤੇ, ਪੰਜ ਸੌ ਰਾਜ ਲੱਗੇ ਰਹੇ, ਸੌ ਸਾਲ ਵਿਚ ਬਣਿਆ। ਮਿੰਟਾਂ 'ਚ ਹੀ ਉਹਨੇ ਬਾਰੂਦ ਪਾ ਪਾ ਕੇ, ਜੜ੍ਹਾਂ ਤੋਂ ਹਟਾ ਕੇ ਮਸਜਿਦ ਬਣਾ ਲਈ ਇਸ ਥਾਂ ਤੇ। 1266 ਈ. ਵਿਚ ਇਕ ਬਹੁਤ ਵੱਡਾ ਮੰਦਰ ਸੀ, ਭੀਲਸਾ ਦਾ ਦੱਖਣ ਵਿਚ ਤੇ ਸਮਸ਼ਦੀਨ ਗੌਰੀ ਨੇ ਉਥੇ ਚੜ੍ਹਾਈ ਕੀਤੀ, 72 ਕਰੋੜ ਦੇ ਹੀਰੇ ਉਸ ਮੰਦਰ 'ਚੋਂ ਇਹਦੇ ਹੱਥ ਲੱਗੇ, ਢਾਹੁੰਣ ਵੇਲੇ। 315 ਫੁੱਟ ਉੱਚਾ ਮੰਦਰ, 300 ਸਾਲ ਵਿਚ ਬਣਿਆ। 50 ਹਜ਼ਾਰ ਹਿੰਦੂਆਂ ਨੂੰ ਖੜ੍ਹੇ ਕਰਕੇ, ਸਾਰੇ ਮੰਦਰ ਦੀਆਂ ਮੂਰਤੀਆਂ ਇਕੱਠੀਆਂ ਕਰਕੇ, ਮੂਰਤੀਆਂ ਤੇ ਉਤੇ

ਖੜ੍ਹਾ ਕੇ ਕਤਲ ਕਰਿਆ। ਮੂਰਤੀਆਂ ਖ਼ੂਨ ਵਿਚ ਡੁੱਬ ਗਈਆਂ, ਉਹਦੇ ਉਤੇ 25 ਹਜ਼ਾਰ ਬੰਦਿਆਂ ਨੇ ਖੜ੍ਹੇ ਹੋ ਕੇ ਨਮਾਜ਼ ਪੜ੍ਹੀ ਤੇ ਅੱਲਾਹ ਤਾਲਾ ਨੂੰ ਕਿਹਾ ਕਿ ਹੇ ਅੱਲਾਹ ਤਾਲਾ! ਅੱਜ ਜਿੰਨਾਂ ਨੇਕ ਕੰਮ ਅਸੀਂ ਕਰਿਆ ਹੈ, ਇਹ ਸਾਡਾ ਗਿਣਤੀ 'ਚ ਪਾ ਲਈ। ਮੁਹੰਮਦ ਕਾਸਮ ਆਇਆ, ਉਹਨੇ 11000 ਬੰਦਾ ਬਗਦਾਦ ਭੇਜਿਆ, ਗੁਲਾਮ ਬਣਾ ਕੇ। ਅਹਿਮਨਾਬਾਦ 'ਚ ਗਿਆ, 16000 ਬੰਦਾ ਕਤਲ ਕਰਾਇਆ। ਅਬਦੁਲ ਰਜ਼ਾਕ ਆਇਆ ਸੱਤ ਸੌ ਸੰਮਤ ਵਿਚ, ਉਹਨੇ ਜਾ ਕੇ ਦੱਸਿਆ ਤੁਰਕੀ ਦੇ ਅੰਦਰ ਕਿ ਮੈਂ ਬਹਿਸ਼ਤ ਦੇਖ ਕੇ ਆਇਆ ਹਾਂ। ਭਾਰਤ ਵਰਸ਼ ਬਹਿਸ਼ਤ ਹੈ, ਕਹਿੰਦੇ ਉਹ ਕਿਹੜੀ ਗੱਲ ਨਾਲ? ਕਹਿੰਦੇ ਉਥੇ ਲੋਕ ਐਸੇ ਨੇ, ਉਥੇ ਨਾ ਕੋਈ ਝੂਠ ਬੋਲਦਾ ਹੈ, ਨਾ ਕੋਈ ਸ਼ਰਾਬ ਪੀਂਦਾ ਹੈ, ਨਾ ਕੋਈ ਵਿਭਚਾਰ ਕਰਦਾ ਹੈ, ਨਾ ਕੋਈ ਉਥੇ ਚੋਰੀ ਕਰਦਾ ਹੈ, ਰਾਜ ਵਲੋਂ ਹੁਕਮ ਹੈ ਕਿ ਦਰਵਾਜ਼ੇ ਨਹੀਂ ਬੰਦ ਕਰਨੇ। ਜੌਹਰੀਆਂ ਦੇ ਦਰਵਾਜ਼ੇ ਖੁਲ੍ਹੇ ਪਏ ਨੇ, ਉਨ੍ਹਾਂ ਦੇ ਕੋਲ ਹੀਰੇ ਮੋਤੀਆਂ ਦੇ ਐਉਂ ਢੇਰ ਲੱਗੇ ਹੋਏ ਨੇ, ਜਿਵੇਂ ਆਪਣੇ ਦਾਣਿਆਂ ਦੇ ਬੋਰ ਲੱਗੇ ਹੁੰਦੇ ਨੇ, ਉਸੇ ਤਰ੍ਹਾਂ ਛੱਡ ਕੇ ਚਲੇ ਜਾਂਦੇ ਨੇ। ਕਿਸੇ ਦੀ ਕੋਈ ਚੋਰੀ ਨਹੀਂ ਹੁੰਦੀ, ਐਸਾ ਧਰਮ ਦਾ ਦੇਸ਼ ਹੈ ਉਹ। ਉਹਨੇ ਤਾਰੀਫਾਂ ਲਿਖੀਆਂ ਨੇ, ਜਿੰਨੀਆਂ ਜੀਅ ਭਰ ਕੇ ਲਿਖ ਸਕਦਾ ਸੀ, ਇਥੇ ਦੇ ਸਾਧੂਆਂ ਦੇ ਬਚਨ ਲਿਖੇ। ਇਸ ਤਰ੍ਹਾਂ ਸਿਕੰਦਰ ਲੋਧੀ ਆਇਆ ਜਿਹਨੇ ਨਾਮਦੇਵ ਦੇ ਕੋਲ ਗਊ ਮਾਰ ਕੇ ਰੱਖ ਦਿਤੀ। ਜਿਹਨੇ ਕਬੀਰ ਸਾਹਿਬ ਨੂੰ ਫੜ ਕੇ ਅੱਗ ਵਿਚ ਬਿਠਾ ਦਿਤਾ, ਪਾਣੀ ਦੇ ਵਿਚ ਡੋਬਣ ਦਾ ਯਤਨ ਕਰਿਆ-

***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥***
***ਮ੍ਰਿਗਛਾਲਾ ਪਰ ਬੈਠੇ ਕਬੀਰ॥ ਅੰਗ - 1162***

ਉਹ ਆਪਣੀ ਡਾਇਰੀ ਵਿਚ ਲਿਖਦਾ ਹੈ ਕਿ ਮੈਂ 4 ਲੱਖ 32 ਹਜ਼ਾਰ ਮੋਮਨ ਬਣਾਏ ਤੇ 2 ਲੱਖ 53 ਹਜ਼ਾਰ ਮੈਂ ਕਤਲ ਕਰਾਏ। ਇਸ ਨੂੰ ਮਹਾਰਾਜ ਕਹਿੰਦੇ ਨੇ ਕਿ ਐਸਾ ਜੁੱਗ ਚਲ ਰਿਹਾ ਸੀ, ਨਾਉਂ ਧਰਮ ਦਾ ਸੀ ਹੋ ਰਿਹਾ ਸੀ ਅਧਰਮ। ਉਨ੍ਹਾਂ ਨੂੰ ਕਿਵੇਂ ਸਮਝਾਇਆ ਜਾਵੇ। ਅਵਲ ਤਾਂ ਕਹਿੰਦਾ ਸੀ ਕਿ ਮੈਂ ਧਰਮ ਦਾ ਕੰਮ ਕਰ ਰਿਹਾ ਹਾਂ। ਕਿਉਂਕਿ ਮਨ ਵਿਚ ਗਲਤ ਧਾਰਨਾ ਧਾਰ ਲਈ। ਉਹਦੇ ਨਾਲ ਭਾਈ ਗੁਰਦਾਸ ਜੀ ਨੂੰ ਲਿਖਣਾ ਪਿਆ ਕਿ ਹਨ੍ਹੇਰਾ ਨਹੀਂ ਸੀ ਪ੍ਰੇਮੀਓ! ਧੁੰਦ ਸੀ, ਉਸ ਵਕਤ, ਧੁੰਦ ਵਿਚ ਨਹੀਂ ਦਿਸਦਾ। ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਧੁੰਦ ਨੂੰ ਹੱਥ ਪਾਇਆ। ਸੋ ਉਸ ਵੇਲੇ ਦੀ ਹਾਲਤ ਜੋ ਦਸਦੇ ਨੇ ਕਿ ਦੁਖੀ ਰੋ ਰਹੇ ਸੀ, ਕੋਈ ਉਨ੍ਹਾਂ ਦੀ ਫਰਿਆਦ ਨਹੀਂ ਸੀ ਸੁਣਦਾ। ਇਨਸਾਨੀਅਤ ਨਾਮ ਦੇ ਉਤੇ ਵਾਸਤੇ ਪਾ ਰਹੇ ਸੀ, ਕੋਈ ਸਮਝਣ ਦਾ ਯਤਨ ਨਹੀਂ ਸੀ ਕਰਦਾ ਕਿਉਂਕਿ ਸਮਝਣਾ ਕਿਹਨੇ ਸੀ, ਸਾਸ਼ਕ ਵਰਗ ਸੀ। ਜਿਹੜਾ ਰਾਜ ਕਰਦਾ ਹੈ, ਉਹਨੇ ਸਮਝਣਾ ਹੁੰਦਾ ਹੈ, ਦੂਜੇ ਤਾਂ ਵਿਚਾਰੇ ਬੇਬਸ ਹੁੰਦੇ ਨੇ, ਉਹ ਵੀ ਮਾਰੇ ਜਾ ਰਹੇ ਨੇ, ਉਹ ਵੀ ਮਾਰੇ ਜਾ ਰਹੇ ਨੇ। ਜਦ ਕੋਈ ਕਾਨੂੰਨ ਹੀ ਨਾ ਰਿਹਾ ਹੋਵੇ, ਰਾਜ ਦਾ ਕੋਈ ਅਸੂਲ ਹੀ ਨਾ ਹੋਵੇ, ਫੇਰ ਕੌਣ ਸੁਣਦਾ ਹੈ ਗਰੀਬ ਦੀ ਗੱਲ। ਨਾ ਕੋਈ ਕਚਹਿਰੀ ਸੁਣ ਸਕਦੀ ਹੈ। ਭਾਈ ਗੁਰਦਾਸ ਜੀ, ਉਸ ਵੇਲੇ ਜੋ ਵਾਤਾਵਰਣ ਸੀ ਉਸ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ ਕਿ ਧਰਮ ਦੇ ਉਤੇ ਕੋਈ ਕਿਸੇ ਦਾ ਅਕੀਦਾ ਨਹੀਂ ਸੀ।

ਉਸ ਸਮੇਂ ਦੇ ਵਿਚ ਇਕ ਮਹਾਨ ਵਿਅਕਤੀ ਆਈ ਜਿਸਨੂੰ ਮੁਹੰਮਦ ਸਾਹਿਬ ਕਹਿੰਦੇ ਨੇ। ਬਹੁਤ ਸੁਲਝੇ ਹੋਏ, ਬਹੁਤ ਜਾਗੇ ਹੋਏ ਪੁਰਸ਼ ਸੀਗੇ ਆਪ। ਤਪਸਿਆ, ਤਤਿਕਸ਼ਾ, ਤਿਆਗ ਬਹੁਤ ਜ਼ਿਆਦਾ ਸੀ ਉਨ੍ਹਾਂ ਦੇ ਅੰਦਰ। ਲਿਖਣ ਵਾਲੇ ਕੁਛ ਲਿਖੀ ਜਾਣ। ਪ੍ਰਮੇਸ਼ਰ ਦਾ ਗਿਆਨ ਨਹੀਂ ਸੀ ਹੋ ਸਕਦਾ, ਜੇ ਉਹ ਉੱਚੇ ਨਾ ਹੁੰਦੇ। 40 ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਗਿਆਨ ਦਾ ਪ੍ਰਕਾਸ਼ ਹੋਇਆ। ਉਸ ਤੋਂ ਬਾਅਦ ਉਨ੍ਹਾਂ ਨੇ ਸੰਸਾਰ ਨੂੰ ਹੋਕਾ ਦੇਣਾ ਸ਼ੁਰੂ ਕਰਿਆ। ਇਕ ਧਰਮ ਚਲਾਇਆ ਜਿਸਨੂੰ ਪਿਆਰ ਤੇ ਮੋਹੱਬਤ ਦਾ ਧਰਮ ਇਸਲਾਮ ਕਹਿੰਦੇ ਨੇ। ਲੇਕਿਨ ਉਹਦੇ ਵਿਚ ਛੇਤੀ ਹੀ ਅਸੰਤੁਲਨ ਆ ਗਿਆ। ਲੋਕਾਂ ਨੇ ਉਹਨੂੰ ਚੱਲਣ ਨਾ ਦਿਤਾ, ਮੁਹੰਮਦ ਸਾਹਿਬ ਨੂੰ ਵੀ ਮਾਰ ਕੇ ਸੁੱਟ ਦਿਤਾ, ਦੂਜੇ ਹੋਰ ਬੰਦੇ ਵੀ ਮਾਰ ਦਿਤੇ, ਮੁਰਦਿਆਂ 'ਚੋਂ ਉਠ ਕੇ ਮਦੀਨੇ ਚਲਿਆ ਗਿਆ, ਉਥੇ ਜਾ ਕੇ ਇਹਨੇ ਕਿਹਾ ਕਿ ਖਿਆਲਾਂ ਦੀ ਰਾਖੀ ਕਰਨ ਵਾਸਤੇ ਨੇਕੀ ਨੂੰ ਉਗਾਉਣ ਵਾਸਤੇ ਜੱਥੇਬੰਦੀ ਦੀ ਲੋੜ ਹੈ। ਜੱਥੇਬੰਦੀ ਹੋ ਗਈ, ਜਿਸ ਵਕਤ ਕਿਸੇ ਵੀ ਧਰਮ ਦੇ ਵਿਚ ਉਸ ਵੇਲੇ ਉਸ ਦੀਆਂ ਬਹੁਤ ਸਾਰੀਆਂ ਕਦਰਾਂ ਕੀਮਤਾਂ ਜਿਹੜੀਆਂ ਨੇ ਉਨ੍ਹਾਂ ਦੇ ਮਾਇਨੇ ਬਦਲ ਜਾਂਦੇ ਨੇ। ਉਹਦੇ ਨਾਲ ਬੰਦੇ ਤਕੜੇ ਹੋ ਗਏ, ਦੂਜੇ ਹਾਰਨ ਲਗ ਗਏ। ਬੰਦੇ ਓਹੀ ਸੀ ਉਨ੍ਹਾਂ ਨੇ ਇਸਲਾਮ ਧਾਰਨ ਕਰ ਲਿਆ। ਲੇਕਿਨ ਕੁਰਾਨ ਸ਼ਰੀਫ ਦੀ ਜੋ ਤਸ਼ਰੀਹ ਸੀ, ਉਹ ਬਦਲ ਦਿਤੀ। ਕਾਫ਼ਰ ਉਹਨੂੰ ਕਹਿਣ ਲੱਗ ਗਏ ਜਿਹੜਾ ਇਸਲਾਮ ਵਿਚ ਨਹੀਂ ਆਇਆ। ਕਾਫਰ ਉਹ ਹੁੰਦਾ ਹੈ ਜਿਹਨੂੰ ਅਸੀਂ ਮਨਮੁਖ ਤੇ ਬੇਮੁਖ ਕਹਿੰਦੇ ਹਾਂ। ਮਨ ਦੇ ਪਿਛੇ ਲੱਗਣ ਵਾਲਾ ਬੰਦਾ, ਚਾਹੇ ਕਿਸੇ ਧਰਮ ਦਾ ਹੈ ਉਹ ਮਨਮੁਖ ਹੋਏਗਾ। ਪ੍ਰਮੇਸ਼ਰ ਦੇ ਉਤੇ ਯਕੀਨ ਨਾ ਲਿਆਉਣ ਵਾਲਾ ਬੰਦਾ ਕਾਫਰ ਹੋਏਗਾ। ਸੋ ਪਰਿਭਾਸ਼ਾ ਗਲਤ ਹੋ ਗਈ, ਦੂਸਰਿਆਂ ਨੂੰ ਇਨ੍ਹਾਂ ਨੇ ਜ਼ੋਰ ਜਬਰ ਨਾਲ ਬਣਾਉਣਾ ਸ਼ੁਰੂ ਕਰ ਦਿਤਾ।

ਮੁਹੰਮਦ ਸਾਹਿਬ ਹੋਏ ਤੇ ਚਾਰ ਯਾਰ ਹੋਏ ਉਨ੍ਹਾਂ ਦੇ ਅਬੂਵਕਰ, ਸਰੀਕ, ਉਮਰ ਰਜ਼ਾਕ , ਉਸਮਾਨ ਗਨੀ, ਹਜ਼ਰਤ ਨੂੰ ਮੰਨਣ ਵਾਲੇ ਚਾਰ ਹਿੱਸਿਆਂ ਵਿਚ ਵੰਡੇ ਗਏ। ਕਹਿੰਦੇ ਫੇਰ 72 ਖਿਆਲ ਹੋ ਗਏ। ਇਸ ਤਰ੍ਹਾਂ ਆਪਸ ਵਿਚ ਹੀ ਰੌਲਾ ਪੈ ਗਿਆ ਇਨ੍ਹਾਂ ਦਾ।

***ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧ ਪਸਾਰਾ।***
***ਰੋਜੇ, ਈਦ, ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ। ਭਾਈ ਗੁਰਦਾਸ ਜੀ ਦੀ ਵਾਰ 1/20***

ਕਰਮਾਂ ਵਿਚ ਬੰਨ੍ਹ ਦਿਤਾ ਕਿ 30 ਰੋਜ਼ੇ ਰੱਖੋ। ਕਹਿੰਦੇ ਰੋਜ਼ੇ ਰੱਖਣੇ ਮਾੜੇ ਨੇ? ਨਹੀਂ ਮਾੜੇ ਨਹੀਂ। ਵਰਤ ਰੱਖਣੇ ਮਾੜੇ ਨੇ? ਕਹਿੰਦੇ ਮਾੜੇ ਨਹੀਂ, ਜੇ ਕੋਈ ਜ਼ੋਰ ਨਾਲ ਰਖਾਵੇ ਉਹ ਗੱਲ ਮਾੜੀ ਹੈ। ਦੋ ਈਦਾਂ ਹੋ ਗਈਆਂ, ਪੰਜ ਨਮਾਜ਼ਾਂ ਹੋ ਗਈਆਂ। ਬੰਨ੍ਹ ਦਿਤੇ ਬੰਦੇ। ਬੇਅੰਤ ਭੇਖ ਬਣ ਗਏ। ਪੀਰਾਂ

ਦਾ ਹੋਰ ਭੇਖ, ਪੈਗੰਬਰਾਂ ਦਾ ਹੋਰ, ਔਲੀਆਂ ਦਾ ਹੋਰ, ਅੱਡ-ਅੱਡ ਭੇਸ ਧਾਰ ਲਏ। ਤੇ ਕੰਮ ਕੀ ਕਰਨ ਲਗ ਗਏ -

***ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਾਸੀਤ ਉਸਾਰਾ। ਭਾਈ ਗੁਰਦਾਸ ਜੀ ਦੀ ਵਾਰ 1/20***

ਇਕ ਰੱਬ ਦਾ ਮੰਦਰ ਢਾਹ ਦਿਤਾ ਤੇ ਦੂਜਾ ਰੱਬ ਦਾ ਮੰਦਰ ਉਸਾਰ ਲਿਆ। ਆਹ ਗਲਤੀ ਕਰ ਰਹੇ ਸੀ। 3000 ਮੰਦਰ ਢਾਹ ਦਿਤਾ ਸੀ ਵੱਡੇ ਮੰਦਰ, ਜਿਨ੍ਹਾਂ ਨੂੰ ਦੇਖਣ ਵਾਸਤੇ ਦੁਨੀਆਂ ਆਇਆ ਕਰਦੀ ਸੀ। ਤੇ ਗਰੀਬ ਨੂੰ ਮਾਰਨਾ ਸ਼ੁਰੂ ਕਰ ਦਿਤਾ।

***ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ। ਭਾਈ ਗੁਰਦਾਸ ਜੀ ਦੀ ਵਾਰ 1/20***

ਧਰਤੀ ਉਪਰ ਜਦੋਂ ਗਰੀਬ ਮਾਰਿਆ ਜਾਂਦਾ। ਉਸ ਵੇਲੇ ਪ੍ਰਮੇਸ਼ਰ ਦਾ ਦਿਲ ਦੁਖ ਜਾਂਦਾ ਹੈ। ਹੈ ਤਾਂ ਵਾਹਿਗੁਰੂ ਦੁਖਾਂ ਸੁਖਾਂ ਤੋਂ ਬਾਹਰ ਪਰ ਉਹ ਰਹਿੰਦਾ ਹਰੇਕ ਹਿਰਦੇ ਵਿਚ ਹੈ।

***ਸੰਤਨ ਦੁਖ ਪਾਏ ਤੇ ਦੁਖੀ, ਸੁਖ ਪਾਏ ਸਾਧਨ ਕੇ ਸੁਖੀ।***

***ਚੌਪਈ***

***ਕਾਫਰ ਮੁਲਹਿਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।***
***ਪਾਪੇ ਦਾ ਵਰਤਿਆ ਵਰਤਾਰਾ॥***

***ਭਾਈ ਗੁਰਦਾਸ ਜੀ ਦੀ ਵਾਰ 1/20***

ਇਹ ਸਾਰੀਆਂ ਕੌਮਾਂ ਜਿਹੜੀਆਂ ਸੀ ਇਹ ਸਾਰੇ ਲੜਨ ਲੱਗ ਗਏ। ਕੋਈ ਮੰਤਵ ਨਹੀਂ ਸੀ ਇਨ੍ਹਾਂ ਦੇ ਸਾਮ੍ਹਣੇ ਔਰਤਾਂ ਦੇ ਪਿਛੇ ਲੜਨ ਲਗ ਗਏ। ਰਾਜ ਪਿਛੇ ਤਾਂ ਰਾਜੇ ਲੜਦੇ ਆਏ। ਔਰਤ ਪਿਛੇ ਦੋ ਲੜਾਈਆਂ ਹੋਈਆਂ ਸੀ ਭਾਰਤ ਵਰਸ਼ ਵਿਚ ਇਕ ਤਾਂ ਦਰੋਪਤੀ ਵਾਲੀ ਹੋਈ ਸੀ, ਉਹਦੇ ਵਿਚ 45 ਲੱਖ ਬੰਦੇ ਨੂੰ ਮਰਨਾ ਪਿਆ। ਬੜੀ ਮਾੜੀ ਗੱਲ ਉਹ ਕਰ ਰਹੇ ਸੀ। ਦੂਸਰੀ ਰਾਵਣ ਨਾਲ ਹੋਈ ਸੀ, ਸੀਤਾ ਜੀ ਦੇ ਜਾਣ ਨਾਲ। ਉਹ ਵੀ ਅੱਜ ਤੱਕ ਮਸ਼ਹੂਰ ਹੈ। ਲੰਕਾ ਗਵਾਉਣੀ ਪਈ ਉਸ ਨੂੰ, ਫੌਜ ਮਰਵਾਉਣੀ ਪਈ ਉਸ ਨੂੰ।

ਸੋ ਕੋਈ ਗੱਲ ਨਹੀਂ ਸੀ ਕਰਦਾ ਧਰਮ ਦੀ।

***ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥ ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥ ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥ ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ॥ ਜਿਨੀ ਗੁਰੂ ਸੇਵਿਓ ਮਨਮੁਖਾ ਪਇਆ ਮੋਆ॥ ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥ ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥***
***ਅੰਗ - 968***

ਜਦ ਪਾਪ ਵਰਤ ਜਾਂਦਾ ਹੈ ਸੰਸਾਰ ਤੇ ਉਸ ਵੇਲੇ ਧਰਤੀ ਦਾ ਸੰਤੁਲਨ ਹੈ ਜੋ ਉਹ ਹਿਲਣ ਲਗ ਜਾਂਦਾ ਹੈ। ਕਿਉਂਕਿ ਮਹਾਰਾਜ ਕਹਿੰਦੇ ਧਰਤੀ ਦੇ ਥੱਲੇ ਬੈਲ ਨਹੀਂ ਹੈ ਭਾਈ, ਧਰਤੀ ਦਾ ਧਰਮ ਦੇ ਨਾਲ ਖੜ੍ਹੀ ਹੈ, ਧਰਮ ਵਧੇਗਾ ਸ਼ਾਂਤੀ ਰਹੇਗੀ, ਧਰਮ ਘਟੇਗਾ ਸੰਤੁਲਨ ਵਿਗੜੇਗਾ, ਮੌਸਮ ਦਾ ਵੀ ਸੰਤੁਲਨ ਵਿਗੜੇਗਾ, ਬੇਮਤਲਬੇ ਮੀਂਹ ਪੈਣਗੇ, ਭੌਂਚਾਲ ਆਉਣਗੇ, ਅਨੇਕਾਂ ਆਫ਼ਤਾਂ ਆਉਣਗੀਆਂ ਕਿਉਂਕਿ ਧਰਮ ਦਾ ਸੰਤੁਲਨ ਵਿਗੜ ਗਿਆ। ਸੂਖਸ਼ਮ ਲਹਿਰਾਂ ਉਠਦੀਆਂ ਨੇ ਆਦਮੀ ਦੇ ਮਨ ਵਿਚੋਂ। ਜੇ ਪ੍ਰਮੇਸ਼ਰ ਵਲ ਦੀਆਂ ਲਹਿਰਾਂ ਉਠਦੀਆਂ ਨੇ ਸੰਸਾਰ ਸੁਖੀ ਵਸਦਾ ਹੈ, ਦੁਖ ਨਿਕਲ ਜਾਂਦਾ ਹੈ, ਜੇ ਇਹਦੇ ਵਿਪਰੀਤ ਪ੍ਰਮੇਸ਼ੂਰ ਭੁੱਲਣ ਦੀਆਂ ਲਹਿਰਾਂ ਉਠਦੀਆਂ ਨੇ ਤਾਂ ਧਰਤੀ ਡੋਲ੍ਹਣ ਲਗ ਜਾਂਦੀ ਹੈ। ਇਕ ਸੂਤ ਜਿੰਨਾਂ ਸੰਤੁਲਨ ਹਿਲ ਜਾਵੇ ਉਸੇ ਵੇਲੇ ਐਕਸੀਡੈਂਟ ਹੋ ਜਾਂਦਾ ਹੈ, ਕਿਸੇ ਹੋਰ ਹੀ ਸਿਤਾਰੇ ਨਾਲ ਜਾ ਕੇ ਲਗ ਜਾਏਗੀ ਸਾਡੀ ਧਰਤੀ। ਦਇਆ ਉਡ ਗਈ, ਮਾਂ ਸੀ ਦਇਆ ਧਰਮ ਦੀ, ਮਾਂ ਚਲੀ ਗਈ ਤਾਂ ਬੱਚੇ ਨੂੰ ਕਿਹਦਾ ਸਹਾਰਾ।

***ਧੌਲੁ ਧਰਮੁ ਦਇਆ ਕਾ ਪੂਤੁ॥ ਅੰਗ - 3***

ਭਾਰਾ ਹੋ ਗਿਆ, ਸੰਤੁਲਨ ਸਹੀ ਆਉਂਦਾ ਨਹੀਂ, ਪਾਪ ਵਰਤ ਗਿਆ। ਹੁਣ ਇਸ ਪਾਪ ਨੂੰ ਕੋਈ ਸਾਧੂ ਰੋਕ ਸਕਦਾ ਹੈ, ਸਾਧੂ ਰਿਹਾ ਨਾ ਸੰਸਾਰ ਦੇ ਅੰਦਰ। ਧਰਮ ਜਿਹੜਾ ਹੈ ਉਹ ਪੁਕਾਰਾਂ ਕਰਦਾ ਹੈ। ਭਾਈ ਗੁਰਦਾਸ ਜੀ ਨੇ ਬਹੁਤ ਵੱਡੀ ਗੱਲ ਲਿਖੀ ਹੈ ਸਾਧ ਤੋਂ ਬਿਨਾਂ ਸੰਸਾਰ ਨਹੀਂ ਥੰਮ ਹੁੰਦਾ। ਪਰ ਸਾਧੂ ਹਰ ਕੋਈ ਨਹੀਂ ਹੁੰਦਾ। ਕਿਸੇ ਸਥਾਨ ਦਾ ਮਾਲਕ ਹੋ ਕੇ ਸਾਧੂ ਨਹੀਂ ਹੁੰਦਾ, ਕਿਸੇ ਡੇਰੇ ਦਾ ਵੱਡਾ ਮਹੰਤ ਹੋ ਕੇ ਸਾਧੂ ਨਹੀਂ ਹੁੰਦਾ। ਸਾਧੂ ਹੁੰਦਾ ਹੈ -

***ਜਿਨਾ ਸਾਸਿ ਗਿਰਾਸਿ ਨ ਵਿਸਰੈ***
***ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***
***ਅੰਗ - 319***

ਜਿਹਦੇ ਹਿਰਦੇ 'ਚੋਂ ਪੰਜਾਂ ਭਰਮਾਂ ਦਾ ਪੂਰਨ ਤੌਰ ਤੇ ਨਾਸ਼ ਹੋ ਜਾਵੇ। ਜਿਹਨੂੰ ਇਹ ਸਾਰਾ ਸੰਸਾਰ ਪ੍ਰਮੇਸ਼ਰ ਦਾ ਰੂਪ ਦਿਸਣ ਲਗ ਜਾਵੇ। ਜਦ ਅੱਖਾਂ ਨਾਲ ਦੇਖਦਾ ਹੈ ਤਾਂ ਵੀ ਪ੍ਰਮੇਸ਼ਰ, ਕੰਨਾਂ ਨਾਲ ਸੁਣਦਾ ਹੈ ਤਾਂ ਵੀ ਪ੍ਰਮੇਸ਼ਰ, ਉਹਨੂੰ ਹੋਰ ਕੁਛ ਸੁਣਿਆ ਨਹੀਂ ਕਰਦਾ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈਨਹੀ ਹੋਰ॥***
***ਅੰਗ - 1265***

ਜਿਹਦੀ ਐਸੀ ਦ੍ਰਿਸ਼ਟੀ ਹੋ ਜਾਂਦੀ ਹੈ, ਉਹ ਕਿਸੇ ਇਕ ਧਰਮ ਦਾ ਬੰਦਾ ਨਹੀਂ ਹੁੰਦਾ। ਸਾਧੂ ਦਾ ਧਰਮ ਤਾਂ ਪ੍ਰਮੇਸ਼ਰ ਹੁੰਦਾ ਹੈ। ਸਭ ਧਰਮ ਇੱਕੋ ਹੀ ਹੈ, ਦੋ ਨਹੀਂ ਹੁੰਦੇ। ਮਹਾਰਾਜ ਨੇ ਆਪ ਬਾਣੀ ਵਿਚ ਲਿਖਿਆ ਹੈ -

***ਬੀਜ ਮੰਤ੍ਰੁ ਸਰਬ ਕੋ ਗਿਆਨੁ॥ ਅੰਗ - 274***

ਸਾਰਿਆਂ ਦਾ ਗਿਆਨ ਬੀਜ ਮੰਤਰ ਹੈ। ਜਿਹੜਾ ਬੀਜ ਮੰਤਰ ਤੱਕ ਪਹੁੰਚ ਗਿਆ, ਉਹਨੂੰ ਸਾਰੀ ਸ੍ਰਿਸ਼ਟੀ ਇਕ ਹੋ ਗਈ, ਦੋ ਨਾ ਰਹੀ।

ਸੋ ਦੱਸਾਂ ਜਾਮਿਆਂ ਵਿਚ ਗੁਰੂ ਨਾਨਕ ਜੋਤ ਹੀ ਸੀ। 236 ਸਾਲ ਕਰੀਬ ਉਨ੍ਹਾਂ ਨੂੰ ਰਹਿਣਾ ਪਿਆ, ਸਾਧ ਬਣਾਉਣ ਵਾਸਤੇ ਕਿ ਸਾਧੂ ਬਣਾ ਦਿਓ, ਫੇਰ ਇਹ ਥੰਮ ਲੈਣਗੇ ਸੰਸਾਰ ਨੂੰ ਇਕੱਠੇ ਹੋ ਕੇ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਸੀ, ਔਰੰਗਜ਼ੇਬ ਦਾ ਰਾਜ ਹੋ ਗਿਆ। ਔਰੰਗਜ਼ੇਬ ਨੇ ਮੀਟਿੰਗ ਬੁਲਾਈ ਕਿ ਸਾਰੇ ਸੂਬੇਦਾਰ, ਸਾਰੇ ਕਾਜ਼ੀ, ਸਾਰੇ ਮੁਲਾਣੇ। ਉਹਦੇ ਵਿਚ ਫੈਸਲਾ ਹੋਇਆ ਕਿ ਹਿੰਦੁਸਤਾਨ ਨੂੰ ਇਸਲਾਮ ਦੇ ਵਿਚ ਲਿਆਂਦਾ ਜਾਵੇ। ਇਸਲਾਮੀ ਝੰਡਾ ਰਹੇ, ਕਿਸੇ ਮੰਦਰ ਤੇ, ਕਿਸੇ ਠਾਕੁਰ ਦੁਆਰੇ ਤੇ ਕਿਤੇ ਹੋਰ ਝੰਡਾ ਨਾ ਝੂਲੇ। ਤਾਰੇ ਵਾਲਾ ਝੰਡਾ ਹਰ ਥਾਂ ਤੇ ਹੋਣਾ ਚਾਹੀਦਾ ਹੈ। ਇਹ ਵਿਚਾਰ ਕਰੋ ਕਿ ਕਿਵੇਂ ਹੋਵੇ? ਕਿਉਂਕਿ ਆਬਾਦੀ ਬਹੁਤ ਜ਼ਿਆਦਾ ਹੈ। ਉਸ ਵੇਲੇ ਮੁਸਲਮਾਨ ਥੋੜ੍ਹੇ ਸੀਗੇ। ਔਰੰਗਜ਼ੇਬ ਕਹਿਣ ਲੱਗਿਆ, ਰਾਜ ਪੱਕਾ ਹੋ ਸਕਦਾ ਹੈ ਇਸਲਾਮ ਦਾ। ਜਿਵੇਂ ਅਫਗਾਨਿਸਤਾਨ ਹੋ ਗਿਆ, ਈਰਾਨ ਹੋ ਗਿਆ, ਇਸੇ ਤਰ੍ਹਾਂ ਹਿੰਦੁਸਤਾਨ ਨੂੰ ਵੀ ਜੇ ਮੈਂ ਕਰ ਲਵਾਂ ਤਾਂ ਮੈਂ ਬਹੁਤ ਵੱਡਾ ਪੁੰਨ ਖੱਟਾਂਗਾ। ਉਹਨੇ ਸਕੀਮਾਂ ਬਣਾਈਆਂ। ਕਹਿਣ ਲੱਗਿਆ, ਰਿਆਇਤਾਂ ਦੇਵੋ ਇਸਲਾਮ ਵਾਲਿਆਂ ਨੂੰ, ਦੂਸਰਿਆਂ ਦੇ ਉਤੇ ਦੰਡ ਲਗਾਓ। ਹੁਕਮ ਹੋ ਗਿਆ ਕਿ ਛੇ ਮਹੀਨੇ ਤੋਂ ਵੱਧ ਖਾਣ ਲਈ ਅਨਾਜ ਨਹੀਂ ਸੀ ਘਰ ਵਿਚ ਰੱਖ ਸਕਦੇ। ਘੋੜੇ ਦੀ ਸਵਾਰੀ ਨਹੀਂ ਕਰ ਸਕਦੇ, ਪਜਾਮਾ ਪਾਉਣਾ ਹੈ ਗਿੱਟੇ ਨਹੀਂ ਢਕ ਸਕਦੇ, ਕੋਠੇ ਤੇ ਨਹੀਂ ਚੜ੍ਹ ਸਕਦੇ, ਜੇ ਗਲੀ (ਮਘੋਰ) ਪੈ ਜਾਵੇ ਤਾਂ ਨਾਲ ਦੇ ਪੜੌਸੀ ਇਸਲਾਮ ਦੇ ਜੇ ਚਾਰ ਬੰਦੇ ਰਹਿੰਦੇ ਨੇ, ਉਨ੍ਹਾਂ ਦੇ ਘਰ ਜਾ ਕੇ ਸੁਨੇਹਾ ਭੇਜੋ ਕਿ ਸਾਡੇ ਕੋਠੇ ਤੇ ਗਲੀ ਪੈ ਗਈ, ਅਸੀਂ ਬੰਦ ਕਰਨੀ ਹੈ, ਤੁਸੀਂ ਆ ਕੇ ਕਰੋ। ਆਪਣੇ ਮਕਾਨ ਦੇ ਉਤੇ ਨਹੀਂ ਸੀ ਚੜ੍ਹ ਸਕਦੇ। ਜੇ ਚੜ੍ਹਨਾ ਹੈ ਤਾਂ ਪਹਿਲਾਂ ਖਬਰ ਕਰੋ ਉਨ੍ਹਾਂ ਨੂੰ।

ਵੱਡੇ-ਵੱਡੇ ਅਮੀਰ ਦੇਖੇ ਨੇ ਮੈਂ ਸਿੰਧ ਵਿਚ, ਮੈਂ ਚਲਿਆ ਗਿਆ ਇਕ ਦੇ ਘਰ। ਮੈਂ ਕਿਹਾ ਇਸ ਤਰ੍ਹਾਂ ਕਿਵੇਂ ਤੁਸੀਂ ਰਹਿੰਦੇ ਓਂ, ਮੈਨੂੰ ਸਾਰੀ ਗੱਲ ਦੱਸੀ ਕਿ ਐਉਂ ਰਹਿੰਦੇ ਹਾਂ। ਮੈਂ ਕਿਹਾ, ਤੁਸੀਂ ਤਾਂ ਪਿੰਡ ਦੇ ਸ਼ਾਹ ਹੋਂ, ਕਹਿੰਦੇ ਸ਼ਾਹ ਤਾਂ ਹੈਗੇ ਪਰ ਕਾਨੂੰਨ ਐਹੋ ਜਿਹਾ ਹੈ। ਘਟੀਆ ਅਨਾਜ ਸਾਨੂੰ ਖਾਣ ਨੂੰ ਦਿੰਦੇ ਨੇ। ਸ਼ਰਾ ਦੇ ਨਾਲ ਸਾਡੇ ਮੁਕਦਮੇ ਹੁੰਦੇ ਨੇ। ਇਥੇ ਸ਼ਰਾ ਚਲਦੀ ਹੈ ਸਾਡੇ। ਹਾਲਾਂਕਿ ਅੰਗਰੇਜ਼ਾਂ ਦਾ ਰਾਜ ਸੀ। ਸੋ ਇਸ ਤਰ੍ਹਾਂ ਦੁਨੀਆਂ ਬੰਨ੍ਹੀ ਗਈ ਸਾਰੀ।

ਉਸ ਵੇਲੇ ਇਹ ਹੋਇਆ ਕਿ ਜੱਟ ਕੌਮ ਜਿਹੜੀ ਹੈ ਇਹ ਦੂਰੀ ਕਰੇਗੀ। ਵਿਚਾਰਾਂ ਹੋਈਆਂ ਕਿ ਇਥੇ ਤਾਂ ਮੁਸਲਮਾਨ ਅਸੀਂ ਬਣਾਏ ਨੇ ਪਿੰਡਾਂ ਦੇ ਲੋਕ। ਕਿਉਂਕਿ ਜਿਹੜੇ ਸਾਡੇ ਪੀਰ ਨੇ, ਨਿਗਾਹੇ ਵਾਲਾ ਪੀਰ ਹੈ, ਅਹਿਮਦ ਪੀਰ ਉਹਨੂੰ ਸਾਰੇ ਹੀ ਮੰਨਣ ਲੱਗ ਗਏ। ਕਰਾਮਾਤੀ ਸੀਗਾ ਉਹ। ਭਾਈਆਂ ਨੇ ਮਾਰ ਦਿਤਾ ਸੀ ਉਹਨੂੰ, ਨੱਠ ਗਿਆ ਸੀ ਭਾਈਆਂ ਨਾਲ ਲੜ ਕੇ। ਉਨ੍ਹਾਂ ਨੇ ਜਾ ਕੇ ਮਾਰ ਦਿਤਾ। ਉਥੇ ਸਾਰਿਆਂ ਦਾ ਸੰਗ ਜਾਂਦਾ ਹੁੰਦਾ। ਪੰਜਾਬ ਦੇ ਜੱਟ ਤਾਂ ਅੱਧੇ ਮੁਸਲਮਾਨ ਬਣ ਗਏ ਸੀ। ਉਵੇਂ ਜਿਵੇਂ ਕਰਨ ਲਗ ਗਏ। ਕਹਿੰਦੇ ਭੱਟੀਆਂ ਨੂੰ ਬਣਾ ਲਓ, ਜਦ ਭੱਟੀ ਬਣ ਜਾਣਗੇ ਰਾਜਪੂਤ ਫੇਰ ਸਾਰੇ ਹੀ ਇਨ੍ਹਾਂ ਤੋਂ ਹੇਠਾਂ ਨੇ। ਦੂਸਰਾ ਕਸ਼ਮੀਰ ਦੇ ਅੰਦਰ ਜਿਹੜੇ ਪੰਡਤ ਨੇ ਇਹ ਬਹੁਤ ਵਿਦਵਾਨ ਨੇ ਇਹ ਵੇਦਾਂ ਦੇ ਗਿਆਤਾਂ ਨੇ, ਮਹਾਨ ਵਿਦਵਾਨ ਨੇ, ਜੇ ਵਿਦਵਾਨ ਬਣ ਜਾਣਗੇ ਅਤੇ ਫੇਰ ਆਪੇ ਹੀ ਆਪਣੇ ਧਰਮ ਦਾ ਪ੍ਰਚਾਰ ਕਰਨਗੇ। ਬਾਕੀ ਸਾਰੇ ਫੇਰ ਬਣ ਜਾਣਗੇ। ਉਥੇ ਦਮਨ ਚੱਕਰ ਚੱਲਿਆ, ਇਕ ਤਾਂ ਇਹ ਕਿ ਸਵਾ ਮਣ ਜਨੇਊ ਰੋਜ਼ ਲਹਿਣਾ ਚਾਹੀਦਾ ਹੈ। ਦੂਸਰਾ ਇਹ ਹੈ ਸਾਡੇ ਹਮਾਮ ਦੇ ਅੰਦਰ ਤਿੰਨ ਬਾਦਸ਼ਾਹ ਐਸੇ ਹੋਏ ਨੇ ਲਗਾਤਾਰ ਜਿਨ੍ਹਾਂ ਦਾ ਹਮਾਮ, ਜਿਹਨੂੰ ਗਰਮ ਪਾਣੀ ਕਹਿੰਦੇ ਨੇ, ਗਰਮ ਪਾਣੀ ਕਰਕੇ ਇਸ਼ਨਾਨ ਵਗੈਰਾ ਕਰਨਾ, ਉਸ ਸਾਰੇ ਭਾਰਤ ਵਰਸ਼ ਦੇ ਵੇਦ ਪੋਥੀਆਂ, ਪੁਰਾਨ ਵਗੈਰਾ, ਧਾਰਮਿਕ ਪੋਥੀਆਂ ਉਹਦੇ ਚੁੱਲ੍ਹੇ ਵਿਚ ਜਲਣਗੀਆਂ ਤਾਂ ਪਾਣੀ 'ਚ ਨਾਵਾਂਗਾ। ਕਿੰਨੇ ਸਾਲ ਇਨ੍ਹਾਂ ਪੁਸਤਕਾਂ ਦੀ ਅੱਗ ਮੱਚਦੀ ਰਹੀ, ਹੱਥ ਲਿਖਤ ਪੁਸਤਕਾਂ ਹੁੰਦੀਆਂ ਸੀ। ਕਿਤਾਬਾਂ ਖਤਮ ਕਰ ਦਿਓ, ਆਪਣੇ ਆਪ ਹੀ ਇਹ ਖਤਮ ਹੋ ਜਾਣਗੇ। ਵਿਦਿਆ ਖਤਮ ਕਰ ਦਿਓ, ਆਪਣੇ ਆਪ ਹੀ ਅਗਲੀਆਂ ਪੀੜ੍ਹੀਆਂ ਅਣਜਾਣ ਬਣ ਜਾਣਗੀਆਂ। ਸੋ ਕਸ਼ਮੀਰ ਦੇ ਉਤੇ, ਇਫਤਖਾਰ ਖਾਨ ਨੂੰ 1674 ਵਿਚ ਗਵਰਨਰ ਬਣਾ ਦਿਤਾ। ਹਦਾਇਤਾਂ ਦੇ ਦਿਤੀਆਂ ਕਿ ਕਸ਼ਮੀਰ ਨੂੰ ਹਰ ਹਾਲਤ ਵਿਚ ਇਸਲਾਮ ਵਿਚ ਲੈ ਆਓ। ਉਹਨੇ ਸਾਰੇ ਇਕੱਠ ਕਰ ਲਏ ਸ੍ਰੀ ਨਗਰ ਦੇ ਅੰਦਰ, ਹੁਕਮ ਸੀ ਕਿ ਸ਼ਹਿਰ ਵਿਚ ਕੋਈ ਨਾ ਰਹੇ। ਸਾਰੇ ਜੇਹਲਮ ਦੇ ਕੰਢੇ ਆਓ। ਉਥੇ ਸੌ ਬੰਦਿਆਂ ਨੂੰ ਬੰਡਲ ਵਿਚ ਬੰਨ੍ਹ ਦੇਣਾ, ਸੰਗਲਾਂ ਨਾਲ ਤੇ ਦਰਿਆ ਦੇ ਵਿਚ ਰੋੜ੍ਹ ਦੇਣਾ। ਉਨ੍ਹਾਂ ਨੂੰ ਡੁਬਦਿਆਂ ਨੂੰ ਸਾਰਿਆਂ ਨੇ ਦੇਖਣਾ, ਚੀਕਾਂ ਮਾਰਨੀਆਂ, ਬਥੇਰੇ ਹੱਥ ਪੈਰ ਮਾਰਨੇ, ਸੰਗਲਾਂ ਨਾਲ ਬੰਨ੍ਹੇ ਹੁੰਦੇ, ਅਖੀਰ ਜਦੋਂ ਡੁੱਬ ਜਾਣੇ ਅੱਗੇ ਜਾ ਕੇ ਜਾਲ ਲੱਗੇ ਹੋਏ ਸੀ, ਸੰਗਲ ਖੋਲ੍ਹ ਲਿਆਉਣੇ। ਰੋਜ਼ ਦਾ ਕੰਮ ਸੀ, ਬੰਦੇ ਬੇਅੰਤ ਮਰਨੇ ਸ਼ੁਰੂ ਹੋ ਗਏ। ਉਸ ਵੇਲੇ ਸਿਆਣੇ ਬੰਦਿਆਂ ਨੇ ਗੁਪਤ ਰੂਪ ਦੇ ਅੰਦਰ ਇਕ ਮੀਟਿੰਗ ਕਰੀ, ਸਾਰੇ ਭਾਰਤ ਵਰਸ਼ ਦੇ ਬ੍ਰਾਹਮਣਾਂ ਨੇ ਕਿ ਆਪਾਂ ਕੋਈ, ਉਪਾਅ ਕਰੋ, ਐਸ ਤਰ੍ਹਾਂ ਤਾਂ ਖਤਮ ਹੋ ਜਾਵਾਂਗੇ। ਰਾਜਪੂਤ ਰਾਜਿਆਂ ਦੇ ਕੋਲ ਗਏ। ਰਾਜਪੂਤ ਰਾਜੇ ਕਹਿਣ ਲੱਗੇ, ਸਾਡੀ ਤਾਂ ਹਾਲਤ ਗਈ ਆਈ, ਅਸੀਂ ਤਾਂ ਲੜਕੀਆਂ ਹੀ ਉਨ੍ਹਾਂ ਨੂੰ ਵਿਆਹੁਣ ਲਗ ਗਏ। ਇਕ ਰਾਣਾ ਪ੍ਰਤਾਪ ਤੋਂ ਬਗੈਰ ਸਾਰੇ ਰਾਜੂਪਤ ਰਾਜਿਆਂ ਦੀਆਂ ਲੜਕੀਆਂ ਮੁਗਲਾਂ ਦੇ ਨਾਲ, ਮੁਗਲਾਂ ਦੇ ਅਫ਼ਸਰਾਂ ਨਾਲ ਵਿਆਹੀਆਂ ਗਈਆਂ। ਜਵਾਬ ਮਿਲ ਗਿਆ।

ਸ਼ਿਵਾ ਜੀ ਮਰਹੱਟਾ ਹੱਥ ਪੈਰ ਮਾਰ ਰਿਹਾ ਸੀ। ਪੰਜਾਬ ਨੂੰ ਉਹਦਾ, ਉਤਰੀ ਹਿੰਦੁਸਤਾਨ ਕੋਈ ਬਹੁਤਾ ਫਾਇਦਾ ਨਹੀਂ ਸੀਗਾ। ਕਿਉਂਕਿ ਇਥੇ ਦਮਨ-ਚੱਕਰ ਚੱਲ ਰਿਹਾ ਸੀ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਹੁਣ ਐਸ ਵੇਲੇ ਸ਼ਿਵ ਜੀ ਮਹਾਰਾਜ ਨੂੰ ਜਾਗਰਤ ਕਰੀਏ। ਉਹਦਾ ਅਵਾਹਨ ਕਰੀਏ। ਉਹ ਤੀਸਰੀ ਅੱਖ ਖੋਲ੍ਹ ਕੇ ਸਾਰਿਆਂ ਨੂੰ ਭਸਮ ਕਰ ਦੇਵੇ, ਅੱਗੇ ਵੀ ਬਣਾਉਂਦਾ ਆਇਆ ਹੈ। ਚੱਲੋ ਸਾਰੇ। ਮਤਾ ਪਕਾਇਆ ਗਿਆ, ਮਤੇ ਦੇ ਵਿਚ ਚੰਗੀਆਂ ਕਰਨੀਆਂ ਕਮਾਈਆਂ ਵਾਲੇ ਬੰਦੇ ਛਾਂਟੇ ਗਏ, ਕਿਉਂਕਿ ਇਸ ਦੇਸ਼ ਦੇ ਅੰਦਰ ਅਵਾਹਨ ਕਰਕੇ ਬ੍ਰਹਮਾ ਨੂੰ ਵੀ ਬੁਲਾ ਲੈਂਦੇ ਸੀ, ਦੇਵਤਿਆਂ ਨੂੰ ਬੁਲਾ ਲੈਂਦੇ ਸੀ। ਦੇਵੀਆਂ ਪ੍ਰਗਟ ਕਰ ਲੈਂਦੇ ਸੀ। ਪਰ ਬਹੁਤ ਦੇਰ ਤੋਂ ਕੋਈ ਦੇਵਤਾ ਨਹੀਂ ਸੀ ਪ੍ਰਗਟ ਹੋਇਆ। ਆਉਂਦੇ ਹੀ ਨਹੀਂ, ਹਟ ਗਏ ਸੀ। ਉਸ ਵੇਲੇ ਸਿਆਣਿਆਂ ਨੇ ਕਿਹਾ ਕਿ ਇਸ

ਵੇਲੇ ਅਮਰਨਾਥ ਦੀ ਗੁਫਾ ਪਵਿੱਤਰ ਹੈ, ਜਿਥੇ ਦੇਵਤਾ ਪ੍ਰਗਟ ਹੋ ਸਕਦਾ ਹੈ। ਸੋ ਉਥੇ ਚੱਲੀਏ। ਬ੍ਰਹਮਾ 'ਚੀਂ ਲੰਘ ਕੇ ਅਮਰਨਾਥ ਦੀ ਗੁਫਾ ਵਿਚ ਜਾਂਦੇ ਨੇ। ਉਥੇ ਸ਼ਿਵ ਜੀ ਮਹਾਰਾਜ ਦਾ ਅਵਾਹਨ ਕੀਤਾ ਕਿ ਉਨ੍ਹਾਂ ਨੂੰ ਪ੍ਰਗਟ ਕਰੀਏ। ਉਸ ਵੇਲੇ ਤ੍ਰਿਸ਼ੂਲ ਦੇ ਨਾਲ ਇਨ੍ਹਾਂ ਦਾ ਨਾਸ਼ ਕਰਨਗੇ ਉਹ। ਤੀਸਰਾ ਨੇਤਰ ਖੋਲ੍ਹ ਕੇ ਇਨ੍ਹਾਂ ਦਾ ਨਾਸ਼ ਕਰ ਦੇਣਗੇ। ਕਿਉਂ ਨਾ ਉਸ ਦੇਵਤੇ ਨੂੰ ਪ੍ਰਗਟ ਕਰੀਏ ਜਿਹਨੂੰ ਭੋਲੇ ਨਾਥ ਕਹਿੰਦੇ ਨੇ। ਸੋ ਉਥੇ ਚਲੇ ਜਾਂਦੇ ਨੇ, ਜਾ ਕੇ ਉਥੇ ਅਰਜ਼ਾਂ ਬੇਨਤੀਆਂ, ਅਰਦਾਸਾਂ ਕਰਦੇ, ਸਾਂਝੀ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਮਹਾਂਦੇਵ! ਐਸ ਵੇਲੇ ਹਿੰਦੂ ਧਰਮ ਦੇ ਉਤੇ ਹੱਦ ਤੋਂ ਜ਼ਿਆਦਾ ਬਿਪਤਾ ਪਈ ਹੋਈ ਹੈ। ਨਈਆ ਡੋਲ ਰਹੀ ਹੈ ਤੇ ਭਵਸਾਗਰ ਦੇ ਵਿੱਚ ਡੁੱਬ ਰਹੀ ਹੈ। ਤੁਸੀਂ ਪ੍ਰਗਟ ਹੋਵੋ। ਪ੍ਰਗਟ ਹੋ ਕੇ ਸਾਡੀ ਸਹਾਇਤਾ ਕਰੋ। ਕਿਉਂਕਿ ਸਾਨੂੰ ਨਹੀਂ ਕੋਈ ਰਸਤਾ ਦਿਸਦਾ।

ਕਹਿਣ ਲੱਗੇ, ਹੇ ਪ੍ਰਭੂ! ਤੇਰੇ ਉਤੇ ਆਸ ਰੱਖੀ ਹੈ। ਤੁਸੀਂ ਤਿੰਨ ਮੁਖ ਦੇਵਤੇ ਹੋਂ, ਉਨ੍ਹਾਂ ਵਿਚੋਂ ਤੁਹਾਡੇ ਤੇ ਵਿਸ਼ਵਾਸ਼ ਹੈ ਕਿਉਂਕਿ ਤੁਹਾਡੀ ਰੁਚੀ ਜੋ ਹੈ ਉਹ ਜੰਗੀ ਰੁਚੀ ਹੈ। ਤੀਸਰਾ ਨੇਤਰ ਖੋਲ੍ਹੋ ਤੇ ਹੁਣ ਸਾਡੀ ਸਹਾਇਤਾ ਕਰੋ। ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦੇ ਨੇ। ਹੇ ਭਗਵਾਨ! ਹੁਣ ਕੋਈ ਚਾਰਾ ਨਹੀਂ। ਜਿੰਨੇ ਸ਼ਸਤਰਧਾਰੀ ਸੀ ਕਸ਼ਤਰੀਆਂ ਦਾ ਜੁੱਗ ਲੰਘ ਗਿਆ, ਮਹਾਂਭਾਰਤ ਦਾ ਯੁੱਗ ਲੰਘ ਗਿਆ। ਉਹ ਹੁੰਦਾ ਸਾਡੇ ਧਰਮ ਵਲ ਕੋਈ ਦੇਖ ਨਾ ਸਕਦਾ। ਲੇਕਿਨ ਅੱਜ ਕੀ ਹੋ ਗਿਆ, ਪਤਨ ਹੋ ਗਿਆ। ਹੁਣ ਤੇਰੀ ਸ਼ਰਨ ਆਏ ਹਾਂ ਅਸੀਂ, ਤੇਰੇ ਬਿਨਾਂ ਰੱਖਿਆ ਕੋਈ ਨਹੀਂ ਕਰਦਾ।

***ਭਗਵਾਨ ਤੇਰੀ ਸਰਨ ਹਾਂ, ਆਏ ਹੋ ਲਾਚਾਰ।***
***ਛੱਡ ਕੇ ਤੇਰੇ ਦੁਆਰਾ, ਜਾਈਏ ਕਿਹੜੇ ਦੁਆਰ।***
***ਸਾਡੇ ਵਾਸਤੇ ਕੋਈ ਦੁਆਰਾ ਨਹੀਂ ਰਿਹਾ।***
***ਲੱਜਾ ਤੇਰੇ ਹੱਥ ਹੈ ਨੀਲ ਕੰਠ ਭਗਵਾਨ।***
***ਇਸ ਅੰਧਿਆਰੇ ਰਾਜ ਦਾ ਮੇਟੋ ਨਾਮ ਨਿਸ਼ਾਨ।***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥ ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ॥ ਦੋਹਰਾ***

ਹੇ ਪ੍ਰਭੂ! ਹੁਣ ਹੋਰ ਦੁਆਰਾ ਕੋਈ ਨਹੀਂ। ਰਾਜਿਆਂ ਕੋਲ ਵੀ ਜਾ ਕੇ ਦੇਖ ਲਿਆ। ਸੂਰਮਿਆਂ ਨੂੰ ਵੀ ਵੰਗਾਰ ਪਾ ਕੇ ਦੇਖ ਲਈ। ਕੋਈ ਨਹੀਂ ਸੁਣਦਾ, ਸਾਰਿਆਂ 'ਚ ਸਾਹ ਸਤਿ ਖਤਮ ਹੋ ਗਿਆ। ਜ਼ੁਲਮ ਦਾ ਐਡਾ ਦਮਨ-ਚੱਕਰ ਚੱਲ ਰਿਹਾ ਹੈ ਕਿ ਧੜਾ-ਧੜ ਆਪਣੇ ਧਰਮ ਨੂੰ ਛੱਡ ਕੇ ਇਸਲਾਮ ਦੇ ਵਿਚ ਜਾ ਰਹੇ ਨੇ। ਹੇ ਪ੍ਰਭੂ! ਐਡਾ ਜ਼ੋਰ ਜ਼ਬਰ ਤੇਰੀ ਦੁਨੀਆਂ ਵਿਚ ਐਸਾ ਕੌਣ ਹੈ ਜਿਹੜਾ ਸਾਡੀ ਬਾਂਹ ਫੜੇ। ਤੂੰ ਪ੍ਰਗਟ ਹੋ।

ਕੋਈ ਜਵਾਬ ਨਹੀਂ ਆ ਰਿਹਾ। ਬਾਰ-ਬਾਰ ਅਰਦਾਸਾਂ ਕਰਦੇ ਨੇ ਰੋ ਰੋ ਕੇ। ਕਿੰਨਿਆਂ ਨੇ ਕਹਿ ਦਿਤਾ ਕਿ ਅੰਨ ਸ਼ਨ ਨਹੀਂ ਕਰਨਾ, ਇਥੇ ਹੀ ਜਾਨ ਦੇ ਦੇਣੀ ਹੈ। ਇਸੇ ਦੁਆਰੇ ਤੇ ਵਾਪਸ ਨਹੀਂ ਜਾਣਾ। ਅੰਨ ਪਾਣੀ ਛੱਡ ਦਿਤਾ, ਖਾਣਾ ਪੀਣਾ ਛੱਡ ਦਿਤਾ। ਉਸ ਠੰਡੀ ਬਰਫ ਦੇ ਵਿਚ ਬੇਨਤੀਆਂ ਕਰ ਰਹੇ ਨੇ। ਸਮਾਂ ਲੰਘ ਗਿਆ। ਕੋਈ ਨਹੀਂ ਪ੍ਰਗਟ ਹੋਇਆ।

ਕਹਿਣ ਲੱਗੇ, ਸ਼ਿਵ ਜੀ ਮਹਾਰਾਜ ਤਾਂ ਐਨਾ ਸਮਾਂ ਲਾਇਆ ਨਹੀਂ ਸੀ ਕਰਦੇ, ਉਸ ਵੇਲੇ ਪ੍ਰਗਟ ਹੋ ਕੇ ਵਰ ਦੇ ਦਿੰਦੇ ਸੀ।

ਇਕ ਜਟਾ ਜੂਟ ਸਾਧੂ ਆ ਗਏ, ਸਾਰਿਆਂ ਨੇ ਸਮਝ ਲਿਆ ਕਿ ਸ਼ਿਵ ਜੀ ਭਗਵਾਨ ਹੀ ਇਸ ਰੂਪ ਵਿਚ ਪ੍ਰਗਟ ਹੋ ਗਏ। ਉਸ ਵੇਲੇ ਉਸ ਨੇ ਕਿਹਾ ਕਿ ਓ ਤੁਸੀਂ ਕਿਉਂ ਪਏ ਹੋਂ ਇਥੇ? ਕਹਿਣ ਲੱਗੇ, ਸਾਡਾ ਉਤੇ ਆਹ ਭਾਣਾ ਬੀਤ ਰਿਹਾ ਹੈ।

ਕਹਿਣ ਲੱਗੇ, ਫੇਰ ਜਵਾਬ ਨਹੀਂ ਆਇਆ?

ਕਹਿੰਦੇ ਨਹੀਂ।

ਕਹਿੰਦਾ, ਮੇਰੇ ਕੋਲ ਆਓ, ਸੁਣੋ ਧਿਆਨ ਦੇ ਨਾਲ। ਆਵਾਜ਼ ਸੁਣੋ ਜੋ ਆਵਾਜ਼ ਆ ਰਹੀ ਹੈ।

ਕਿਉਂਕਿ ਆਵਾਜ਼ ਹਰੇਕ ਦੇ ਹਿਰਦੇ ਵਿਚ ਨਹੀਂ ਆਉਂਦੀ, ਕਿਉਂਕਿ ਜੋ ਆਵਾਜ਼ ਸੁਣਨ ਵਾਲਾ ਹਿਰਦਾ ਤੇ ਜੰਤਰ ਜੋ ਨੇ ਉਹ ਖਰਾਬ ਹੋਏ ਹੋਏ ਨੇ, ਜੰਗਾਲ ਲੱਗੇ ਪਏ ਨੇ। ਟੈਲੀਫੋਨ ਦੀ ਆਵਾਜ਼ ਨਹੀਂ ਆਉਂਦੀ ਜੇ ਰਿਸੀਵਰ ਖਰਾਬ ਹੋਵੇ।

***ਆਖਿਆ ਸ਼ਿਵ ਭਗਵਾਨ ਨੇ, ਮੁਖੋਂ ਇਉਂ ਉਚਾਰ।***
***ਭਾਰਤ ਵਿਚ ਹੈ ਪ੍ਰਗਟਿਆ, ਕਲਜੁਗ ਰੱਖਣਹਾਰ।***
***ਤੇਗ ਬਹਾਦਰ ਨਾਮ ਹੈ ਮਹਿਮਾ ਅਪਰ ਅਪਾਰ।***
***ਬੈਠਾ ਵਿਚ ਅਨੰਦਪੁਰ ਲਾ ਕੇ ਹੈ ਦਰਬਾਰ।***
***ਜਾਓ ਉਸ ਦੀ ਸ਼ਰਨ ਵਿਚ ਛੱਡ ਕੇ ਸਭ ਵਿਚਾਰ।***
***ਨਉਕਾ ਹਿੰਦੂ ਧਰਮ ਦੀ ਲਾਏਗਾ ਉਹ ਪਾਰ।***

ਖੁਸ਼ੀ ਹੋ ਗਈ ਮਨ ਵਿਚ ਕਿ ਉਤਰ ਮਿਲ ਗਿਆ। ਸਾਧੂ ਅਲੋਪ ਹੋ ਗਿਆ ਗੱਲ ਕਹਿ ਕੇ। ਹੈਰਾਨ ਹੋ ਗਏ ਕਿ ਸਾਧੂ ਕਿਥੇ ਚਲਿਆ ਗਿਆ। ਫੇਰ ਸੋਚਦੇ ਨੇ ਕਿ ਇਹ ਤਾਂ ਸ਼ਿਵ ਭਗਵਾਨ ਸੀ, ਕਿਉਂ ਨਾ ਉਹਦੇ ਚਰਨ ਫੜ ਲਏ ਆਪਾਂ।

ਉਸ ਵੇਲੇ ਸਾਰਿਆਂ ਵਿਚੋਂ ਭਾਰਤ ਵਰਸ਼ ਵਿਚੋਂ ਵਿਦਵਾਨ, ਉਸ ਵੇਲੇ ਦਾ ਜੋ ਪੰਡਤ ਜੀ ਕ੍ਰਿਪਾ ਰਾਮ ਸੀ ਉਹ। ਬ੍ਰਹਮਦਾਸ ਦਾ ਪੜੋਤਾ ਸੀ। ਬ੍ਰਹਮਦਾਸ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਸਿੱਖੀ ਬਖਸ਼ੀ। ਉਹਦੇ ਮਨ ਵਿਚ ਗੁਰੂ ਦਾ ਪਿਆਰ ਸੀ। ਉਨ੍ਹਾਂ ਨੇ ਕਿਹਾ ਕਿ ਨਾਲੇ ਤਾਂ ਗੁਰੂ ਦਾ ਪਿਆਰਾ ਹੈ, ਬ੍ਰਾਹਮਣ ਜਾਤ ਹੈ, ਦੂਸਰਾ ਇਹਦੇ ਨਾਲ ਦਾ ਵਿਦਵਾਨ ਕੋਈ ਨਹੀਂ। ਇਹੀ ਕ੍ਰਿਪਾ ਰਾਮ ਸੀ ਜਿਹਨੇ ਚਮਕੌਰ ਸਾਹਿਬ ਦੇ ਵਿਚ ਆ ਕੇ 40 ਸਿੰਘਾਂ ਦੇ ਨਾਲ ਸ਼ਹੀਦੀ ਦਿਤੀ। ਬੜਾ ਭਾਰਾ ਯੁੱਧ ਕਰਿਆ ਸੀ ਇਸ ਨੇ। ਐਵੇਂ ਹੀ

ਨਹੀਂ ਸੀ, ਸੱਚ ਦਾ ਧਾਰਨੀ। 500 ਦਾ ਡੈਪੂਟੇਸ਼ਨ ਲਿਆ ਉਹਨੇ। 19 ਬੰਦੇ ਛਾਂਟੇ, ਮੁਖੀ ਕਮੇਟੀ ਬਣਾ ਦਿਤੀ ਕਿ ਇਨ੍ਹਾਂ ਨੇ ਗੱਲ ਕਰਨੀ ਹੈ, ਆਪਾਂ ਨਾਲ ਚਲਦੇ ਹਾਂ।

ਉਸ ਵੇਲੇ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ। ਮਹਾਰਾਜ ਜੀ ਨੂੰ ਖਬਰ ਹੋਈ ਕਿ ਸੱਚੇ ਪਾਤਸ਼ਾਹ! ਭਾਰਤ ਵਰਸ਼ ਦਾ ਬ੍ਰਾਹਮਣ ਵਰਗ ਆਇਆ ਹੈ ਤੇ ਆਪ ਦੇ ਚਰਨਾਂ ਵਿਚ ਕੋਈ ਅਰਜ਼ ਕਰਨੀਂ ਚਾਹੁੰਦੇ ਨੇ। ਮਹਾਰਾਜ ਨੇ ਕਿਹਾ ਕੋਈ ਨਾ, ਦਰਬਾਰ ਵਿਚ ਹਾਜ਼ਰ ਕਰੋ। ਦਰਬਾਰ ਲੱਗ ਗਿਆ, ਬੇਅੰਤ ਸੰਗਤਾਂ ਆਈਆਂ ਹੋਈਆਂ ਨੇ ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ। ਪੰਜ ਸੌ ਬ੍ਰਾਹਮਣ ਬੜੇ ਪ੍ਰਭਾਵਿਤ ਚਿਹਰੇ ਨੇ, ਦਾਹੜੇ ਵਗੈਰਾ ਸਾਰਿਆਂ ਦੇ ਰੱਖੇ ਹੋਏ ਨੇ। ਦਸਤਾਰਾਂ ਬੰਨ੍ਹੀਆਂ ਹੋਈਆਂ ਨੇ, ਤਿਲਕ ਲੱਗੇ ਹੋਏ ਨੇ। ਹੱਥਾਂ ਵਿਚ ਸਿਮਰਨੇ ਨੇ। ਬਹੁਤ ਸੋਹਣੇ ਦੇਖਣ ਨੂੰ ਲਗਦੇ ਨੇ ਤੇ ਆ ਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਨਮਸ਼ਕਾਰਾਂ ਕਰਦੇ ਨੇ। ਬੈਠ ਜਾਂਦੇ ਨੇ ਤੇ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਵਿਦਵਾਨ ਜਨੋਂ! ਤੁਸੀਂ ਅੱਜ ਕਿਸ ਤਰ੍ਹਾਂ ਦੇ ਨਾਲ ਦਰਸ਼ਨ ਦਿੱਤੇ ਅੱਜ। ਕ੍ਰਿਤਾਰਥ ਕੀਤਾ ਤੁਸਾਂ ਨੇ, ਸੰਗਤਾਂ ਨੂੰ ਦਰਸ਼ਨ ਦੇ ਕੇ। ਉਸ ਵੇਲੇ ਸਾਰਿਆਂ ਦੀਆਂ ਭੁੱਬਾਂ ਨਿਕਲ ਗਈਆਂ, ਕੋਈ ਗੱਲ ਦੱਸ ਨਹੀਂ ਸਕਦਾ, ਬੋਲ ਨਹੀਂ ਹੁੰਦਾ ਕਿਸੇ ਤੋਂ। ਕ੍ਰਿਪਾਰਾਮ ਨੂੰ ਕਿਹਾ ਕਿ ਤੁਸੀਂ ਦੱਸੋ? ਦੱਸ ਨਹੀਂ ਸਕਦਾ ਕਿਉਂਕਿ ਜੇ ਦਰਦ ਵਾਲਾ ਬੰਦਾ ਨਾ ਮਿਲੇ ਤਾਂ, ਬੰਦਾ ਰੋਂਦਾ ਨਹੀਂ ਹੁੰਦਾ, ਸਖਤ ਹੁੰਦੇ ਨੇ ਬੰਦਿਆਂ ਦੇ ਦਿਲ। ਲੇਕਿਨ ਜੇ ਦਰਦ ਵਾਲਾ ਮਿਲ ਜਾਵੇ, ਫੇਰ ਰੋ ਪੈਂਦੇ ਨੇ। ਸੋ ਗੁਰੂ ਨੌਂਵੇਂ ਪਾਤਸ਼ਾਹ ਦੇ ਜਦ ਉਨ੍ਹਾਂ ਨੇ ਦਰਸ਼ਨ ਕੀਤੇ, ਮਨ 'ਚ ਆਇਆ ਕਿ ਇਹ ਤਾਂ ਸਾਡੇ ਹਮਦਰਦ, ਉਸ ਵੇਲੇ ਸਾਰਿਆਂ ਦਾ ਰੋਣਾ ਨਿਕਲ ਆਇਆ।

ਗੁਰੂ ਮਹਾਰਾਜ ਕਹਿਣ ਲੱਗੇ, ਪ੍ਰੇਮੀਓਂ! ਬੈਠ ਜਾਓ, ਸੰਗਤ ਸਾਰੀ ਹੈਰਾਨ ਹੈ ਕਿ ਬੜੇ ਵਿਦਵਾਨ ਪੁਰਸ਼ ਆਏ ਨੇ, ਕੋਈ ਵੱਡੀ ਬਿਪਤਾ ਇਨ੍ਹਾਂ ਤੇ ਪਈ ਹੋਈ ਹੈ ਕਿ ਐਨਾ ਰੋ ਰਹੇ ਨੇ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਤੁਸੀਂ ਆਪਣਾ ਹਾਲ ਸੁਣਾਓ, ਕੀ ਗੱਲ ਹੈ? ਕਿਹੜਾ ਸੰਕਟ ਤੁਹਾਡੇ ਤੇ ਆ ਗਿਆ? ਕਹਿਣ ਲੱਗੇ, ਪਾਤਸ਼ਾਹ! ਤੁਸੀਂ ਜਾਣੀ ਜਾਣ ਹੋਂ। ਸਭ ਕੁਛ ਜਾਣਦੇ ਹੋਂ, ਐਸ ਤਰ੍ਹਾਂ ਦੇ ਨਾਲ ਅਸੀਂ ਗਏ ਸੀ ਸ਼ਿਵ ਮੰਦਰ ਦੇ ਅੰਦਰ, ਅਮਰਨਾਥ ਦੀ ਗੁਫਾ ਵਿਚ। ਪਾਤਸ਼ਾਹ, ਸਾਡੀ ਕੋਈ ਬਾਂਹ ਫੜਨ ਵਾਲਾ ਨਹੀਂ ਸੰਸਾਰ ਤੇ ਰਿਹਾ ਤੇ ਅਸੀਂ ਆਪ ਦੀ ਸ਼ਰਨ ਵਿਚ ਆਏ ਹਾਂ। ਦੇਵਤੇ ਨੇ ਕਿਹਾ ਹੈ ਕਿ ਤੁਹਾਡੀ ਬਾਂਹ ਫੜਨੀ ਹੈ ਤਾਂ ਗੁਰੂ ਤੇਗ ਬਹਾਦਰ ਨੇ ਫੜਨੀ ਹੈ। ਐਸ ਵੇਲੇ ਹੋਰ ਕਿਸੇ ਨੇ ਤੁਹਾਡੀ ਸਹਾਇਤਾ ਨਹੀਂ ਕਰਨੀ।

ਗੁਰੂ ਮਹਾਰਾਜ ਕਹਿੰਦੇ ਕੋਈ ਨਾ, ਤੁਸੀਂ ਫਿਕਰ ਨਾ ਕਰੋ, ਵਾਹਿਗੁਰੂ ਸਭ ਦਾ ਰਾਖਾ ਹੈ। ਪ੍ਰਮੇਸ਼ਰ ਨੇ ਸਭ ਕੁਛ ਕਰ ਦੇਣਾ ਹੈ।

ਉਸ ਵੇਲੇ ਬਚਨ ਮਹਾਰਾਜ ਨੇ ਕੀਤਾ, ਸੰਜੀਦਾ ਹੋ ਗਏ ਆਪ, ਚੁੱਪ ਕਰ ਗਏ। ਸਾਰੇ ਚੁੱਪ ਕਰਕੇ, ਹੰਝੂ ਜਾ ਰਹੇ ਨੇ, ਬਿਖਿਆ ਨਹੀਂ ਸੁਣਾ ਸਕਦੇ ਕਿ ਐਸ ਤਰ੍ਹਾਂ ਹੋਈ ਸਾਡੇ, ਐਸ ਤਰ੍ਹਾਂ ਹੋਈ। ਹਉਕੇ ਲੈ ਰਹੇ ਨੇ।

ਗੁਰੂ ਦਸ਼ਮੇਸ਼ ਪਿਤਾ ਬਾਹਰੋਂ ਆ ਗਏ, ਦੀਵਾਨ ਦੇ ਵਿਚੋਂ ਲੰਘ ਰਹੇ ਨੇ, ਦੇਖ ਰਹੇ ਨੇ ਮਹਾਰਾਜ ਵੀ ਚੁੱਪ ਕਰੀਂ ਬੈਠੇ ਨੇ। ਆਹ ਕੀ ਭਾਣਾ ਵਰਤਿਆ ਹੋਇਆ ਹੈ, ਰੋ ਰਹੇ ਨੇ ਸਾਰੇ। ਉਸ ਵੇਲੇ ਤਖਤ ਦੇ ਉਤੇ ਆ ਕੇ ਮਹਾਰਾਜ ਜੀ ਉਪਰ ਚੜ੍ਹ ਗਏ। ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਡੂੰਘੀ ਸੋਚ ਵਿਚ ਲਿਵਲੀਨ ਹੋਏ ਬੈਠੇ ਨੇ। ਉਸ ਵੇਲੇ ਆਪ ਨੇ ਪਿਛੋਂ ਦੀ ਹੋ ਕੇ ਪਿੱਠ ਵਲੋਂ ਦੀ ਗੁਰੂ ਮਹਾਰਾਜ ਦੇ ਗਲ ਵਿਚ ਦੋਵੇਂ ਬਾਹਵਾਂ ਪਾ ਲਈਆਂ। ਪਾਉਂਦੇ ਸਾਰ ਉਲਰ ਕੇ ਗੋਦੀ 'ਚ ਆ ਕੇ ਬੈਠ ਗਏ।

ਮਹਾਰਾਜ ਨੇ ਨੇਤਰ ਖੋਲ੍ਹੇ, ਪਿਆਰ ਕੀਤਾ, ਬੁੱਕਲ 'ਚ ਲਏ। ਨੌਂ ਸਾਲ ਦੀ ਉਮਰ ਹੈ।

ਪਿਤਾ ਜੀ, "ਇਹ ਕੌਣ ਨੇ ਬੰਦੇ, ਐਨਾ ਰੋ ਰਹੇ ਨੇ, ਇਨ੍ਹਾਂ ਨੂੰ ਸੰਕਟ ਕੀ ਪਿਆ ਹੋਇਆ ਹੈ? ਆਪ ਤਾਂ ਸਰਬ ਕਲਾ ਸਮਰੱਥ ਹੋਂ, ਆਪ ਦੇ ਘਰ ਆ ਕੇ ਤਾਂ ਰੋਂਦੇ ਹੱਸ ਕੇ ਜਾਂਦੇ ਨੇ। ਪਾਤਸ਼ਾਹ! ਇਹ ਕੀ ਗੱਲ ਹੈ? ਇਹ ਐਡੇ ਸਿਆਣੇ-ਸਿਆਣੇ ਬੰਦੇ ਤਿਲਕ ਲੱਗੇ ਹੋਏ ਨੇ ਤੇ ਬੜੇ ਸਿਆਣੇ ਨੇ ਦੇਖਣ ਨੂੰ, ਸੋਹਣੇ ਦਰਸ਼ਨੀ ਨੇ। ਚਿਹਰੇ ਇਨ੍ਹਾਂ ਦੇ ਵਾਹਵਾ ਨੇ। ਇਹ ਕਿਉਂ ਰੋ ਰਹੇ ਨੇ? ਆਪ ਕ੍ਰਿਪਾ ਕਰਕੇ ਇਨ੍ਹਾਂ ਦੇ ਦੁਖ ਦਾ ਇਲਾਜ ਕਰੋ ਨਾ ਕੋਈ?

ਉਸ ਵੇਲੇ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਲਾਲ ਜੀ! ਇਹ ਸਾਰੇ ਭਾਰਤ ਵਰਸ਼ ਦਾ ਡੈਪੂਟੇਸ਼ਨ ਆਇਆ ਹੈ, ਸਾਰੇ ਹਿੰਦੂ ਧਰਮ ਦਾ ਡੈਪੂਟੇਸ਼ਨ ਆਇਆ ਹੈ। ਸਾਰੇ ਭਾਰਤ ਵਰਸ਼ ਦਾ ਪੰਜ ਸੌ ਬੰਦਾ ਨੁਮਾਇੰਦਾ ਹੋ ਕੇ ਇਥੇ ਪਹੁੰਚਿਆ ਹੈ। ਇਨ੍ਹਾਂ ਦਾ ਧਰਮ ਖਤਰੇ 'ਚ ਹੈ, ਜੰਞੂ ਵੀ ਖਤਰੇ 'ਚ ਪੈ ਗਿਆ ਤੇ ਟਿੱਕਾ ਵੀ ਖਤਰੇ 'ਚ ਪੈ ਗਿਆ। ਤਿਲਕ ਖਤਰੇ 'ਚ ਪੈ ਗਿਆ, ਜ਼ਬਰਦਸਤੀ ਲਾਹਿਆ ਜਾ ਰਿਹਾ ਹੈ ਤੇ ਇਹ ਗੁਰੂ ਦੇ ਦਰਬਾਰ 'ਚ ਪਹੁੰਚੇ ਨੇ।

ਕਹਿਣ ਲੱਗੇ, ਪਾਤਸ਼ਾਹ! ਫੇਰ ਤੁਸੀਂ ਕੀ ਸੋਚਿਆ ਹੈ, ਇਨ੍ਹਾਂ ਦਾ ਦੁਖ ਦੂਰ ਕਰੋ? ਤੁਸੀਂ ਸਮਰੱਥ ਪੁਰਸ਼ ਹੋਂ?

ਕਹਿੰਦੇ, ਲਾਲ ਜੀ! ਇਨ੍ਹਾਂ ਦਾ ਦੁੱਖ ਦੂਰ ਕਰਨ ਵਾਸਤੇ ਜਿਹੜਾ ਕੁਛ ਕਰਨਾ ਪੈਣਾ ਹੈ ਉਹ ਤੁਸੀਂ ਸੁਣੋ ਧਿਆਨ ਨਾਲ। ਮੈਂ ਇਸ ਸੋਚ ਵਿਚ ਸੀ ਕਿ ਇਸ ਭਾਰੇ ਜ਼ੁਲਮ ਨੂੰ ਦੂਰ ਕਰਨ ਵਾਸਤੇ ਕਿਸੇ ਮਹਾਨ ਪੁਰਸ਼ ਨੂੰ ਆਪਣਾ ਬਲੀਦਾਨ ਦੇਣਾ ਪੈਣਾ ਹੈ। ਇਨ੍ਹਾਂ ਨੂੰ ਇਹ ਗੱਲ ਕਹਿ ਦਿਤੀ ਹੈ ਕਿ ਕੋਈ ਪੂਰਨ ਮਹਾਂਪੁਰਖ ਸੀਸ ਦੇਵੇ। ਇਹ ਨੀਵੀਆਂ ਪਾਈ ਬੈਠੇ ਨੇ।

ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਸੁਣਦੇ ਸਾਰ ਕਹਿਣ ਲੱਗੇ, ਪਿਤਾ ਜੀ! ਐਸ ਵੇਲੇ ਤੁਹਾਡੇ ਨਾਲੋਂ ਵੱਡਾ ਤਾਂ ਸੰਸਾਰ ਦੇ ਉਤੇ ਕੋਈ ਸੂਰਮਾ ਹੀ ਨਹੀਂ ਹੈ। ਕੋਈ ਪਵਿੱਤਰ ਆਤਮਾ ਨਹੀਂ ਹੈ। ਫੇਰ ਹੋਰ ਕਿਹਦੇ ਵੱਲ ਦੇਖਣਾ ਹੈ ਪਿਤਾ ਜੀ? ਤੁਸੀਂਓਂ ਬਲੀਦਾਨ ਦੇਵੋ। ਭਾਵੇਂ ਜੰਞੂ ਤਿਲਕ ਦੇ ਵਿਚ ਸਾਡਾ

ਵਿਸ਼ਵਾਸ਼ ਨਹੀਂ ਪਰ ਪਿਤਾ ਜੀ, ਧੱਕਾ ਹੋ ਰਿਹਾ ਹੈ ਧਰਮ ਦੇ ਉਤੇ। ਧੱਕਾ ਨਹੀਂ ਹੋਣ ਦੇਣਾ। ਤੁਸੀਂ ਬਲੀਦਾਨ ਦਿਓ।

ਕਹਿਣ ਲੱਗੇ, ਬੇਟਾ! ਆਹ ਬਿਖੜੇ ਹਾਲਾਤ, ਸਾਡੇ ਬਲੀਦਾਨ ਦੇਣ ਦੇ ਨਾਲ ਗੁਰੂ ਘਰ ਦੇ ਨਾਲ ਸਿੱਧਾ ਵਿਰੋਧ ਬਾਦਸ਼ਾਹੀ ਦਾ ਪੈ ਜਾਏਗਾ। ਪਹਿਲਾਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਤੱਤੀਆਂ ਤਵੀਆਂ ਤੇ ਸ਼ਹੀਦ ਕਰ ਦਿਤਾ। ਫੇਰ ਗੁਰੂ ਅੱਠਵੇਂ ਪਾਤਸ਼ਾਹ ਨੂੰ ਛੋਟੀ ਉਮਰ ਵਿਚ ਹੀ ਆਪਣਾ ਸਰੀਰ ਛੱਡਣਾ ਪਿਆ, ਆਪਣਾ ਪ੍ਰਣ ਪਾਲਣ ਵਾਸਤੇ। ਮੇਰੇ ਸਰੀਰ ਦੇਣ ਤੋਂ ਬਾਅਦ ਤੁਹਾਡੇ ਨਾਲ ਉਸੇ ਤਰ੍ਹਾਂ ਹੋਏਗੀ, ਤੁਹਾਨੂੰ ਬੁਲਾਉਣਗੇ, ਤੰਗ ਕਰਨਗੇ, ਸਿੱਧਾ ਵੈਰ ਪੈ ਜਾਏਗਾ। ਸੋ ਅਜੇ ਤੁਸੀਂ ਛੋਟੇ ਹੋਂ।

ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜੀ ਕਹਿਣ ਲੱਗੇ, ਪਿਤਾ ਜੀ! ਜਦ ਮੇਰਾ ਕੋਈ ਵਸ ਨਹੀਂ ਸੀ ਚਲਦਾ, ਹੱਥ ਪੈਰ ਨਹੀਂ ਸੀ ਹਿਲਾ ਸਕਦਾ, ਮਾਤਾ ਦੇ ਗਰਭ ਵਿਚ। ਉਥੇ ਮੇਰੀ ਪ੍ਰਤਿਪਾਲਣਾ ਆਪ ਅਕਾਲ ਪੁਰਖ ਕਰਦਾ ਸੀ। ਫੇਰ ਮੇਰੇ ਵਾਸਤੇ ਦੁੱਧ ਬਣਾ ਦਿਤਾ ਜਦ ਮੈਂ ਕੁਛ ਖਾ ਨਹੀਂ ਸੀ ਸਕਦਾ। ਜਦ ਦੰਦ ਆ ਗਏ, ਮੇਰੇ ਵਾਸਤੇ ਖੁਰਾਕ ਬਣਾ ਦਿਤੀ, ਮਾਤਾ ਪਿਤਾ ਦਾ ਹੱਥ ਦੇ ਦਿਤਾ। ਹੁਣ ਤਾਂ ਮੈਂ ਨੌਂ ਸਾਲ ਦਾ ਹੋ ਗਿਆ ਤੇ ਮੇਰੀ ਚਿੰਤਾ ਨਾ ਕਰੋ। ਮੇਰੀ ਰੱਖਿਆ ਕਰਨ ਵਾਲਾ ਭਗਵਾਨ ਆਪ ਹੈ।

***ਰੋਗਨ ਤੇ ਅਰ ਸੋਗਨ ਤੇ***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ,***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ,***
***ਪਾਪ ਸਮੂੰਹ ਨ ਭੇਟਨ ਭਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

***ਤ੍ਵਪ੍ਰਸਾਦਿ ਸ੍ਵਯੇ***

ਮੇਰੀ ਰੱਛਿਆ ਉਨ੍ਹਾਂ ਨੇ ਕਰਨੀ ਹੈ।

ਘੁੱਟ ਕੇ ਛਾਤੀ ਨਾਲ ਲਾ ਲਿਆ ਆਪ ਨੇ। ਮੱਥਾ ਚੁੰਮਿਆ, ਪਿਆਰ ਕੀਤਾ, ਨੇਤਰਾਂ 'ਚ ਨੇਤਰ ਪਾ ਕੇ ਦੇਖਿਆ, ਕਿ ਦਿਲ ਦੀ ਗਹਿਰਾਈ ਤੋਂ ਇਹ ਗੱਲ ਉਠੀ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਰੋਣਾ ਬੰਦ ਕਰੋ। ਖੁਸ਼ੀਆਂ ਦੇ ਘਰ ਵਿਚ ਆਓ। ਗੁਰੂ ਦਰਬਾਰ 'ਚੋਂ ਰੋਂਦਾ ਨਹੀਂ ਅੱਜ ਤੱਕ ਕੋਈ ਗਿਆ। ਗੁਰੂ ਘਰ 'ਚ ਉਜੜਿਆ ਹੋਇਆ ਜੇ ਆਉਂਦਾ ਹੈ ਤਾਂ ਵਸ ਕੇ ਜਾਂਦਾ ਹੈ।

ਹੋ ਜਾਏਗੀ ਹੁਣ ਤੁਹਾਡੇ ਧਰਮ ਦੀ ਰੱਖਿਆ। ਜਾਓ ਜਾ ਕੇ ਅਰਜ਼ਦਾਸ ਲਿਖ ਦਿਓ, ਜਿੰਨੇ ਤੁਸੀਂ ਨੁਮਾਇੰਦੇ ਆਏ ਹੋਂ ਸਾਰੇ ਉਹਦੇ ਉਤੇ ਦਸਤਖਤ ਕਰੋ ਸਾਰੇ। ਇਹਦੇ ਉਤੇ ਲਿਖ ਦਿਓ ਕਿ ਗੁਰੂ ਤੇਗ ਬਹਾਦਰ ਸਾਹਿਬ ਸਾਡੇ ਗੁਰੂ ਨੇ, ਬਾਦਸ਼ਾਹ! ਇਕੱਲੇ-ਇਕੱਲੇ ਬੰਦੇ ਦੇ ਪਿੱਛੇ ਨਾ ਫਿਰ, ਇਕੱਲੇ-ਇੱਕਲੇ ਨੂੰ ਨਾ ਮਾਰ। ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ ਵਿਚ ਲੈ ਲੈ। ਉਹ ਆ ਗਏ, ਅਸੀਂ ਸਾਰੇ ਆਪੇ ਹੀ ਆ ਜਾਵਾਂਗੇ।

ਜਾ ਕੇ ਅਰਜ਼ ਦਾਸ ਦੇ ਦਿਤੀ। ਔਰੰਗਜ਼ੇਬ ਦੇ ਪਾਸ ਪਹੁੰਚ ਜਾਂਦੀ ਹੈ। ਹੁਕਮ ਹੋ ਗਿਆ ਤੇ ਕਤਲ ਬੰਦ ਕਰ ਦਿਤੇ। ਉਹਨੇ ਕਿਹਾ ਇਕ ਨੂੰ ਬਣਾਉਂਦੇ ਹਾਂ, ਉਹ ਬਣ ਗਿਆ ਫੇਰ ਆਪਾਂ ਨੂੰ ਮਾਰਨ ਦੀ ਕੀ ਲੋੜ ਹੈ, ਆਪਣੇ ਆਪ ਹੀ ਬਣੇ ਬਣਾਏ ਆ ਜਾਣਗੇ ਸਾਰੇ। ਮੰਦਰ ਵੀ ਨਾ ਢਾਹੋ, ਇਨ੍ਹਾਂ ਨੇ ਆਪੇ ਹੀ ਮਸਜਿਦਾਂ ਇਨ੍ਹਾਂ ਨੂੰ ਬਣਾ ਦੇਣਾ ਹੈ।

ਹਿੰਦੁਸਤਾਨ ਵਿਚ ਸੁੱਖ ਦਾ ਸਾਹ ਆ ਗਿਆ ਕਿ ਹੁਣ ਸਾਡਾ ਇਲਾਜ ਹੋ ਜਾਏਗਾ। ਗੁਰੂ ਮਹਾਰਾਜ ਸਮਰੱਥ ਨੇ ਇਨ੍ਹਾਂ ਨੇ ਤਾਂ ਇਕ ਦ੍ਰਿਸ਼ਟੀ ਕਰਕੇ ਹੀ ਸਾਰੀ ਫੌਜ ਨੂੰ ਗਰਕ ਕਰ ਦੇਣਾ ਹੈ।

ਲੇਕਿਨ ਗੁਰੂ ਸਾਹਿਬ ਦਾ ਇਹ ਮਤਲਬ ਨਹੀਂ ਸੀ। ਉਨ੍ਹਾਂ ਨੇ ਬਲੀਦਾਨ ਦੇ ਕੇ, ਕਿ ਇਹਦੀ ਸੁੱਤੀ ਹੋਈ ਆਤਮਾ ਜਗਾਈਏ। ਜੇ ਨਾ ਜਾਗੀ ਫੇਰ ਸ਼ਸਤਰ ਤਿਆਰ ਹੈ। ਦਸਵੇਂ ਪਾਤਸ਼ਾਹ ਦੇ ਰੂਪ ਵਿਚ। ਉਥੇ ਕਿਹੜਾ ਹੋਰ ਗੁਰੂ ਨੇ ਆਉਣਾ ਸੀ। ਉਨ੍ਹਾਂ ਨੇ ਹੀ ਫੇਰ ਆਉਣਾ ਸੀ।

ਗੁਰੂ ਮਹਾਰਾਜ ਦੇ ਹੁਕਮ ਆ ਜਾਂਦਾ ਹੈ। ਅਹਿਦੀਏ ਆ ਜਾਂਦੇ ਨੇ, ਨਾਲ ਬਹੁਤ ਸਾਰੇ ਸਵਾਰ ਆ ਜਾਂਦੇ ਨੇ, ਅਨੰਦਪੁਰ ਸਾਹਿਬ ਆ ਜਾਂਦੇ ਨੇ, ਦਰਸ਼ਨ ਕਰਦੇ ਨੇ। ਦਰਸ਼ਨਾਂ ਦੀ ਕਸ਼ਿਸ਼ ਦੇ ਨਾਲ ਜੋ ਗੱਲ ਕਹਿਣੀ ਕਹਿ ਨਾ ਸਕੇ।

ਭਾਈ ਮਤੀ ਦਾਸ, ਭਾਈ ਸਤੀ ਦਾਸ ਨਾਲ ਉਨ੍ਹਾਂ ਨੇ ਗੱਲਬਾਤ ਕਰੀ। ਉਹ ਕਹਿੰਦੇ ਦੇਖੋ, ਅਸੀਂ ਗੁਰੂ ਮਹਾਰਾਜ ਨੂੰ ਗ੍ਰਿਫਤਾਰ ਕਰਨ ਵਾਸਤੇ ਆਏ ਤਾਂ ਹਾਂ ਪਰ ਸਾਡਾ ਜੀਅ ਨਹੀਂ ਕਰਦਾ ਕਿ ਅਸੀਂ ਗ੍ਰਿਫਤਾਰ ਕਰੀਏ, ਐਡੀ ਵੱਡੀ ਹਸਤੀ ਨੂੰ। ਅਸੀਂ ਸਲਾਮ ਕਰਦੇ ਹਾਂ, ਸਾਡਾ ਸਿਰ ਝੁਕਦਾ ਹੈ। ਪਰ ਦੂਜੇ ਪਾਸੇ ਸਾਡੀ ਨੌਕਰੀ ਦਾ ਸਵਾਲ ਹੈ।

ਮਹਾਰਾਜ ਜੀ ਦੇ ਪੇਸ਼ ਕਰ ਦਿਤੇ, ਮਹਾਰਾਜ ਜੀ ਨੇ ਕਿਹਾ ਕਿ ਪ੍ਰੇਮੀਓ! ਅਸੀਂ ਤਾਂ ਆਪ ਹੀ ਆਉਣ ਵਾਲੇ ਹਾਂ ਤੁਸੀਂ ਫਿਕਰ ਨਾ ਕਰੋ। ਜਾਓ ਔਰੰਗਜ਼ੇਬ ਨੂੰ ਕਹਿ ਦਿਓ ਕਿ ਆ ਰਹੇ ਨੇ।

ਉਸ ਵੇਲੇ ਗੁਰੂ ਮਹਾਰਾਜ ਨੇ ਅਹਿਦੀਏ ਭੇਜ ਦਿਤੇ। ਮਾਤਾਵਾਂ ਦੇ ਪਾਸ ਜਾਂਦੇ ਨੇ, ਮਾਤਾ ਨਾਨਕੀ ਜੀ ਨੂੰ ਜਦ ਪਤਾ ਲਗਦਾ ਕਿ ਮੇਰੇ ਪੁੱਤਰ ਦੇ ਜਿੰਮੇ ਐਡਾ ਔਖਾ ਹਿੱਸਾ ਆ ਗਿਆ, ਔਰੰਗਜ਼ੇਬ ਨੇ ਤਾਂ ਮਾਫ ਨਹੀਂ ਕਰਨਾ। ਉਹ ਤਾਂ ਜਿਵੇਂ ਗੁਰੂ ਪੰਜਵੇਂ ਪਾਤਸ਼ਾਹ ਨੂੰ, ਜਿਹੜੇ ਇਨ੍ਹਾਂ ਦੇ ਸਸੁਰ ਲਗਦੇ ਸੀ, ਪਿਤਾ ਲਗਦੇ ਸੀ, ਉਨ੍ਹਾਂ ਦਾ ਅਸੀਂ ਦੇਖਿਆ ਕਿ ਕਿਸ ਤਰ੍ਹਾਂ ਦੇ ਨਾਲ ਤੱਤੀਆਂ ਤਵੀਆਂ ਤੇ ਬਿਠਾ ਕੇ ਤਸੀਹੇ ਦਿਤੇ ਗਏ। ਮੇਰੇ ਪੁੱਤਰ ਦਾ ਵੀ ਇਹ ਹਾਲ ਹੋਏਗਾ। ਮਨ ਵਿਚ ਕੁਛ ਥੋੜ੍ਹਾ ਵੈਰਾਗ ਆ ਗਿਆ। ਮਾਤਾ ਗੁਜਰੀ ਜੀ ਨੂੰ ਜਦੋਂ ਪਤਾ ਲਗਦਾ ਹੈ, ਮੇਰਾ ਸਾਥ ਹੁਣ ਅਲਹਿਦਾ ਹੋ ਜਾਏਗਾ। ਬੱਚਾ ਛੋਟਾ ਹੈ, ਇਹ ਮੁਗਲ ਸਲਤਨਤ ਦੇ ਨਾਲ ਟੱਕਰ ਲੈ ਰਹੇ ਨੇ, ਕੁਛ ਸੰਸਾ ਵਿਆਪਿਆ। ਮਹਾਰਾਜ ਨੇ ਕਿਹਾ ਤੁਸੀਂ ਫ਼ਿਕਰ ਨਾ ਕਰੋ। ਇਹ ਗੁਰੂ ਨਾਨਕ ਦੀ ਗੱਦੀ ਹੈ, ਸਾਡਾ ਫਰਜ਼ ਬਣਦਾ ਹੈ ਜਿਥੇ ਸੰਸਾਰ ਦੇ ਮਨਾਂ

'ਚੋਂ ਹਨ੍ਹੇਰਾ ਕੱਢਦੇ ਹਾਂ, ਉਥੇ ਇਨ੍ਹਾਂ ਦੇ ਦੁੱਖਾਂ ਦਾ ਵੀ ਇਲਾਜ ਕਰੀਏ। ਫੇਰ ਆਤਮਾ ਤਾਂ ਮਰਦੀ ਨਹੀਂ, ਆਤਮਾ ਤਾਂ ਸਦਾ ਅਮਰ ਹੈ। ਕਦੇ ਕਿਤੇ ਜਾਂਦੀ ਨਹੀਂ, ਸਰੀਰ ਕਦੇ ਕਿਸੇ ਦਾ ਰਿਹਾ ਨਹੀਂ। ਉਸ ਵੇਲੇ ਬ੍ਰਹਮਗਿਆਨ ਦੀ ਦਾਤ ਦਿਤੀ ਮਾਤਾ ਜੀ ਨੂੰ। ਬ੍ਰਹਮਗਿਆਨ ਦੇ ਵਿਚ ਪਰਪੱਕ ਕਰ ਦਿਤੇ। ਉਸ ਤੋਂ ਬਾਅਦ ਬੇਅੰਤ ਸੰਗਤਾਂ ਨੇ ਸੁਣਿਆ, ਸੁਣ ਕੇ ਇਕੱਠ ਹੋ ਗਿਆ। ਸਾਰੇ ਬੇਨਤੀ ਕਰਦੇ ਨੇ, ਪਾਤਸ਼ਾਹ! ਤੁਸੀਂ ਸਮਰੱਥ ਪੁਰਸ਼ ਹੋਂ, ਕੋਈ ਭਾਣਾ ਐਸਾ ਵਰਤਾ ਦਿਓ ਕਿ ਬਲੀਦਾਨ ਨਾ ਦੇਣਾ ਪਵੇ। ਇਕ ਨਿਗ੍ਹਾ ਕਰ ਦਿਓਂ, ਸਾਰਾ ਕੁਛ ਠੀਕ ਹੋ ਜਾਏਗਾ। ਕਹਿੰਦੇ ਨਹੀਂ ਪ੍ਰੇਮੀਓਂ! ਅਸੀਂ ਇਹ ਠੀਕਰਾ ਔਰੰਗਜ਼ੇਬ ਦੇ ਸਿਰ ਭੰਨਣਾ ਹੈ, ਕਿਉਂਕਿ ਜਦੋਂ ਰਾਜ ਦਿਤਾ ਸੀ ਨਾਲ ਕਿਹਾ ਸੀ, ਸੱਤ ਬਾਦਸ਼ਾਹੀਆਂ, ਸੱਤ ਸੀਸ ਦੇਵਾਂਗੇ। ਸੋ ਇਸ ਕਰਕੇ ਅਸੀਂ ਉਹ ਪ੍ਰਣ ਪੂਰਾ ਕਰਨਾ ਹੈ, ਮੈਂ ਬਚਨ ਪੂਰਾ ਕਰਨਾ ਹੈ। ਤੁਸੀਂ ਫਿਕਰ ਨਾ ਕਰੋ। ਹਰ ਤਰ੍ਹਾਂ ਦੇ ਨਾਲ ਗੋਬਿੰਦ ਰਾਇ ਆਪ ਦੀ ਸਹਾਇਤਾ ਕਰਨਗੇ। ਬੜੇ ਵੱਡੇ-ਵੱਡੇ ਇਨ੍ਹਾਂ ਨੇ ਕੰਮ ਕਰਨੇ ਨੇ, ਤੁਸੀਂ ਇਨ੍ਹਾਂ ਤੇ ਭਰੋਸਾ ਰੱਖਿਓ। ਇਨ੍ਹਾਂ ਨੂੰ ਬੱਚੇ ਨਾ ਜਾਣਿਓ, ਇਹ ਧੁਰ ਦਰਗਾਹ ਤੋਂ ਅਕਾਲ ਪੁਰਖ ਵਲੋਂ ਭੇਜੇ ਗਏ ਨੇ, ਏਸੇ ਕੰਮ ਨੂੰ ਕਰਨ ਵਾਸਤੇ। ਉਸ ਵੇਲੇ ਸਾਰੀਆਂ ਸੰਗਤਾਂ ਨੂੰ ਬਿਰਹੋਂ ਦੇ ਵਿਚ ਤੱਕ ਆਪ ਵਿਦਾ ਹੁੰਦੇ ਨੇ। ਦੱਸ ਸਵਾਰ ਨਾਲ ਲੈ ਲਏ, ਪਰ ਸੰਗਤ ਪਿਛੇ-ਪਿਛੇ ਜਾ ਰਹੀ ਹੈ। ਦੌੜ-ਦੌੜ ਕੇ ਨਾਲ ਰਲ ਰਹੇ ਨੇ ਕਿ ਗੁਰੂ ਮਹਾਰਾਜ ਦੇ ਜਿੱਥੇ ਤੱਕ ਦਰਸ਼ਨ ਹੋ ਸਕਣ, ਕਰਦੇ ਹੀ ਜਾਈਏ। ਉਸ ਵੇਲੇ ਗੁਰੂ ਮਹਾਰਾਜ ਨੇ ਸਾਰਿਆਂ ਨੂੰ ਰੋਕ ਦਿਤਾ ਕਿ ਇਸ ਤੋਂ ਅੱਗੇ ਨਹੀਂ ਆਉਣਾ ਭਾਈ। ਇਥੋਂ ਹੁਣ ਸਾਡਾ ਬਚਨ ਮੰਨੋ।

ਗੁਰੂ ਮਹਾਰਾਜ ਦੇ ਸਜੱਲ ਨੇਤਰ ਨੇ, ਬਿਰਹੋਂ ਦੀ ਝਾਲ ਨਹੀਂ ਝੱਲ ਸਕਦੇ। ਗੁਰੂ ਮਹਾਰਾਜ ਜਾ ਰਹੇ ਨੇ ਟਿਕ ਲਾਈ ਦੇਖ ਰਹੇ ਨੇ। ਸੰਗਤਾਂ ਤੋਂ ਵਿਛੜਨਾ ਕਿਹੜਾ ਸੁਖਾਲਾ ਹੁੰਦਾ ਹੈ, ਬਹੁਤ ਔਖਾ ਹੁੰਦਾ ਹੈ। ਸੋ ਇਸ ਤਰ੍ਹਾਂ ਆਪ ਸਾਥੀਆਂ ਸਮੇਤ ਜਾ ਰਹੇ ਨੇ। ਪਹਿਲਾਂ ਆ ਕੇ ਭਰਤਗੜ੍ਹ ਰਾਤ ਕੱਟਦੇ ਨੇ। ਉਸ ਤੋਂ ਬਾਅਦ ਰੋਪੜ ਜਾਂਦੇ ਨੇ। ਫੇਰ ਮਕਾਰਾਂਪੁਰ, ਕਪੂਰਪੁਰ, ਨਨਹੇੜੀ, ਸੈਫਾਬਾਦ (ਸੈਫਅਲੀ ਦੇ ਪਾਸ ਪਟਿਆਲੇ ਦੇ ਕੋਲ) ਉਸ ਵੇਲੇ ਪਟਿਆਲਾ ਨਹੀਂ ਸੀ ਹੁੰਦਾ। ਉਸ ਥਾਂ ਤੇ ਚਲੇ ਜਾਂਦੇ ਸੀ, ਉਥੇ ਬੜੀ ਵੱਡੀ ਹਵੇਲੀ ਬਣਾਈ ਹੋਈ ਸੀ, ਔਰੰਗਜ਼ੇਬ ਦਾ ਰਿਸ਼ਤੇਦਾਰ ਸੀ ਉਹ। ਉਹ ਕਹਿਣ ਲੱਗਿਆ, ਮਹਾਰਾਜ! ਆਪ ਅੱਗੇ ਨਾ ਜਾਓ। ਮੈਂ ਜਾਣਦਾ ਹਾਂ, ਮੇਰਾ ਰਿਸ਼ਤੇਦਾਰ ਹੈ, ਬੜਾ ਕਰੂਰ ਸੁਭਾਅ ਦਾ ਹੈ, ਆਪ ਨੂੰ ਸ਼ਹੀਦ ਕਰ ਦਏਗਾ।

ਮਹਾਰਾਜ ਕਹਿੰਦੇ, ਸ਼ਹੀਦ ਕਿਹੜੀ ਚੀਜ਼ ਨੂੰ ਕਰ ਦਏਗਾ। ਇਹ ਤਨ ਨੇ ਤਾਂ ਜਾਣਾ ਹੀ ਜਾਣਾ ਹੈ। ਆਤਮਾ ਨੂੰ ਕੋਈ ਤਲਵਾਰ ਕੱਟ ਨਹੀਂ ਸਕਦੀ, ਪਾਣੀ ਡੋਬ ਨਹੀਂ ਸਕਦਾ, ਅੱਗ ਇਸ ਨੂੰ ਜਾਲ ਨਹੀਂ ਸਕਦੀ। ਆਤਮਾ ਤਾਂ ਸਦਾ ਅਮਰ ਹੈ। ਬਾਕੀ ਸਰੀਰ ਦਾ ਕੱਪੜਾ ਹੈ, ਇਹ ਤਾਂ ਛੱਡਣਾ ਹੀ ਪੈਣਾ ਹੈ। ਸੋ ਸੈਫ਼ ਅਲੀ ਨੂੰ ਸਮਝਾਇਆ

ਐਨੇ ਨੂੰ ਪਤਾ ਲੱਗਿਆ ਕਿ ਗੁਰੂ ਸਾਹਿਬ ਇਥੇ ਨੇ ਤਾਂ ਸਵਾਰ ਆਉਂਦੇ ਨੇ, ਆਫੀਸਰ ਆਉਂਦਾ ਹੈ ਕੋਈ ਫੌਜ ਦਾ, ਇਨ੍ਹਾਂ ਨੂੰ ਖਬਰ ਲਗਦੀ ਹੈ ਤਾਂ ਇਹ ਮੁਹੰਮਦ ਬਖਸ਼ ਸਮਾਣੇ ਦੀ ਗੜ੍ਹੀ ਵਾਲੇ ਨੇ, ਉਸ ਥਾਂ ਦੇ ਉਤੇ ਗੁਰੂ ਮਹਾਰਾਜ ਨੂੰ ਭੇਜ ਦਿੰਦੇ ਨੇ। ਮਹਾਰਾਜ! ਮੈਨੂੰ ਪਤਾ ਲੱਗਿਆ ਹੈ ਕਿ ਉਨ੍ਹਾਂ ਨੇ ਆਉਣਾ ਹੈ, ਆਪ ਦਾ ਪਰਮ ਸੇਵਕ ਹੈ ਮੁਹੰਮਦ ਬਖਸ਼, ਬ੍ਰਹਮਗਿਆਨ ਦੀ ਗੱਲ ਸਮਝਦਾ ਹੈ। ਮਹਾਰਾਜ ਨੇ ਸੈਫ਼ ਅਲੀ ਤੇ ਕ੍ਰਿਪਾ ਕੀਤੀ, ਬ੍ਰਹਮਗਿਆਨ ਦੀ ਦਾਤ ਦਿਤੀ। ਆਪ ਅੱਗੇ ਚਲੇ ਗਏ।

ਸਮਾਣੇ ਜਦੋਂ ਜਾਂਦੇ ਨੇ, ਪਤਾ ਕਰਕੇ ਉਥੇ ਪਹੁੰਚਦੇ ਨੇ, ਗੁਰੂ ਮਹਾਰਾਜ ਨੂੰ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰੋ, ਅੰਦਰ ਚੱਲੋ। ਮਹਾਰਾਜ ਕਹਿਣ ਲੱਗੇ, ਅੰਦਰ ਜਾਣ ਦੀ ਕੀ ਲੋੜ ਹੈ। ਸੱਚੇ ਪਾਤਸ਼ਾਹ! ਆਪ ਦਾ ਜੋ ਸਰੀਰ ਹੈ, ਉਹ ਐਨਾ ਸਸਤਾ ਨਹੀਂ ਇਹਦਾ ਸੰਸਾਰ ਨੂੰ ਬੇਅੰਤ ਫਾਇਦਾ ਹੈ। ਆਪ ਭਾਵੇਂ ਬ੍ਰਹਮ ਦੇ ਵਿਚ ਲੀਨ ਰਹਿੰਦੇ ਹੋਂ ਹਰ ਵਕਤ, ਆਪ ਨੂੰ ਕੋਈ ਪਰਵਾਹ ਨਹੀਂ ਹੈ, ਨਾ ਸੁਖ ਦੀ ਨਾ ਦੁਖ ਦੀ, ਨਾ ਹਾਨ ਦੀ ਨਾ ਲਾਭ ਦੀ। ਕਿਉਂਕਿ ਮਹਾਰਾਜ ਨੇ ਜੀਵਨ ਮੁਕਤ ਪੁਰਸ਼ਾਂ ਦੇ ਲੱਛਣ ਦੱਸੇ ਸੀ, ਪੁਛਿਆ ਸੀ ਇਹਨੇ ਕਿ ਜੀਵਨ ਮੁਕਤ ਪੁਰਸ਼ਾਂ ਦੇ ਲੱਛਣ ਕੀ ਹੁੰਦੇ ਨੇ? ਮਹਾਰਾਜ ਕਹਿੰਦੇ, ਉਨ੍ਹਾਂ ਦੇ ਲੱਛਣ ਸੁਖਮਨੀ ਸਾਹਿਬ ਵਿਚ ਵੀ ਹਨ। ਲੇਕਿਨ ਸੁਖਾਲੇ ਤੁਹਾਨੂੰ ਦਸਦੇ ਹਾਂ -

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ***
***ਮਾਟੀ ਮਾਨੈ॥***
***ਨਹ ਨਿੰਦਿਆ ਨਹ ਉਸਤਤਿ***
***ਜਾ ਕੈ ਲੋਭੁ ਮੋਹੁ ਅਭਿਮਾਨਾ॥***
***ਹਰਖ ਸੋਗ ਤੇ ਰਹੈ ਨਿਆਰਉ***
***ਨਾਹਿ ਮਾਨ ਅਪਮਾਨਾ॥***
***ਆਸਾ ਮਨਸਾ ਸਗਲ ਤਿਆਗੈ***
***ਜਗ ਤੇ ਰਹੈ ਨਿਰਾਸਾ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ***
***ਤਿਹ ਘਟਿ ਬ੍ਰਹਮੁ ਨਿਵਾਸਾ॥***
***ਗੁਰ ਕਿਰਪਾ ਜਿਹ ਨਰ ਕਉ ਕੀਨੀ***
***ਤਿਹ ਇਹ ਜੁਗਤਿ ਪਛਾਨੀ॥***
***ਨਾਨਕ ਲੀਨ ਭਇਓ ਗੋਬਿੰਦ ਸਿਉ***
***ਜਿਉ ਪਾਨੀ ਸੰਗਿ ਪਾਨੀ॥ ਅੰਗ - 634***
***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***

*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*
*ਅੰਗ - 275*

ਨਿਸ਼ਾ ਹੋ ਗਈ ਉਸ ਦੀ। ਮਹਾਰਾਜ! ਕ੍ਰਿਪਾ ਕਰੋ, ਅਰਦਾਸ ਮੰਨੋ। ਮਹਾਰਾਜ ਨੂੰ ਅੰਦਰ ਲੈ ਗਿਆ ਗੜ੍ਹੀ ਦੇ, ਇਥੇ ਆ ਕੇ ਪੁਛਿਆ। ਤਾਂ ਵਾਪਸ ਮੋੜ ਦਿਤੇ। ਲੇਕਿਨ ਫੇਰ ਕਿਸੇ ਨੇ ਖਬਰ ਕਰ ਦਿਤੀ ਕਿ ਗੁਰੂ ਮਹਾਰਾਜ ਤਾਂ ਉਥੇ ਹੀ ਨੇ। ਉਥੇ ਦੁਬਾਰਾ ਫੇਰ ਆਉਂਦੇ ਨੇ, ਮਹਾਰਾਜ ਕਹਿੰਦੇ ਅਸੀਂ ਤਾਂ ਜਾਣਾ ਹੀ ਹੈ ਭਾਈ।

ਕਹਿਣ ਲੱਗਿਆ, ਨਾ ਪਾਤਸ਼ਾਹ! ਮੈਂ ਇਹ ਗੱਲ ਆਪਣੇ ਜੀਉਂਦੇ-ਜੀਉਂਦੇ ਨਹੀਂ ਹੋਣ ਦੇਣੀ। ਮੇਰਾ ਸਰੀਰ ਚਲਿਆ ਜਾਵੇ, ਉਸ ਤੋਂ ਬਾਅਦ ਤੁਹਾਨੂੰ ਗ੍ਰਿਫਤਾਰ ਕਰ ਲੈਣ, ਮੇਰੀਆਂ ਅੱਖਾਂ ਦੇ ਸਾਮ੍ਹਣੇ ਨਾ ਕਰਨ।

ਉਸ ਵੇਲੇ ਅਹਿਦੀਆਂ ਨੂੰ ਡਾਂਟ ਕੇ ਕਿਹਾ ਕਿ ਤੁਸੀਂ ਵਿਸ਼ਵਾਸ਼ ਨਹੀਂ ਕਰਦੇ। ਮੈਂ ਗੁਰੂ ਤੇਗ ਬਹਾਦਰ ਸਾਹਿਬ ਤੋਂ ਕੀ ਲੈਣਾ ਹੈ। ਜੇ ਗ੍ਰਿਫਤਾਰ ਹੋ ਗਏ ਮੈਨੂੰ ਤਾਂ ਬੜੀ ਖੁਸ਼ੀ ਹੈ, ਤੁਸੀਂ ਕਿਉਂ ਨਹੀਂ ਜਾਂਦੇ? ਇਸ ਤਰ੍ਹਾਂ ਕਰਕੇ ਮੋੜ ਦਿਤੇ।

ਉਸ ਤੋਂ ਬਾਅਦ ਗੁਰੂ ਮਹਾਰਾਜ ਹੌਲੀ-ਹੌਲੀ ਚਲਦੇ ਚਲਦੇ ਬੇਅੰਤ ਸੰਗਤਾਂ ਉਡੀਕ ਰਹੀਆਂ ਸੀ ਮਹਾਰਾਜ ਨੂੰ। ਹਰ ਥਾਂ ਤੇ ਜਾਂਦੇ ਨੇ, ਜਿਥੋਂ ਅਰਦਾਸਾਂ ਆਉਂਦੀਆਂ ਨੇ, ਉਥੇ ਹੀ ਪਹੁੰਚਦੇ ਨੇ। ਚਲਦੇ-ਚਲਦੇ ਇਕ ਸਾਧੂ ਬੜੀ ਦੇਰ ਦਾ ਤਪ ਕਰ ਰਿਹਾ ਸੀ। ਪਿੰਡ ਕਨੌੜ ਸੀ, ਨਾਰਨੌਲ ਵਲ, ਉਥੇ ਪਹੁੰਚ ਜਾਂਦੇ ਨੇ। ਜਦੋਂ ਉਹਨੂੰ ਪਤਾ ਲੱਗਿਆ ਗੁਰੂ ਤੇਗ ਬਹਾਦਰ ਸਾਹਿਬ ਆ ਗਏ। ਉਹਨੇ ਤਨੋ ਮਨੋ ਹੋ ਕੇ ਸੇਵਾ ਕਰੀ, ਬੜਾ ਸਿੱਧ ਪੁਰਸ਼ ਸੀਗਾ। ਰਿੱਧੀਆਂ ਸਿੱਧੀਆਂ ਦਾ ਮਾਲਕ ਸੀ, ਉਸ ਵੇਲੇ ਗੁਰੂ ਮਹਾਰਾਜ ਨੂੰ ਉਸ ਨੇ ਕਿਹਾ ਕਿ ਮਹਾਰਾਜ ਮੈਂ ਜਪ ਵੀ ਕਰਦਾ ਹਾਂ, ਤਪ ਵੀ ਕਰਦਾ ਹਾਂ, ਪ੍ਰਾਣਾਯਾਮ ਵੀ ਕਰਦਾ, ਹੋਰ ਸਾਧਨ ਵੀ ਕਰਦਾ ਹਾਂ, ਮੇਰੇ ਮਨ ਨੂੰ ਸ਼ਾਂਤੀ ਨਹੀਂ ਆ ਰਹੀ। ਮੇਰੇ ਉਪਰ ਕ੍ਰਿਪਾ ਕਰੋ ਤੁਸੀਂ, ਮੈਨੂੰ ਦਾਤ ਬਖਸ਼ੋ ਨਾਮ ਦੀ। ਉਸ ਵੇਲੇ ਮਹਾਰਾਜ ਨੇ ਨਾਮ ਦੀ ਦਾਤ ਬਖਸ਼ਣ ਤੋਂ ਬਾਅਦ, ਬ੍ਰਹਮਗਿਆਨ ਦੀ ਦਾਤ ਬਖਸ਼ ਦਿਤੀ। ਕ੍ਰਿਪਾ ਕਰ ਦਿਤੀ, ਬਜਰ ਕਪਾਟ ਖੁਲ੍ਹ ਗਏ, ਖੁਲ੍ਹਦੇ ਸਾਰ ਕੀ ਦੇਖਦਾ ਹੈ ਦਿਬਯ ਦ੍ਰਿਸ਼ਟ ਹੋ ਗਈ। ਦਿਬਯ ਦ੍ਰਿਸ਼ਟ ਨਾਲ ਦੇਖਦਾ ਹੈ ਕਿ ਗੁਰੂ ਮਹਾਰਾਜ ਤਾਂ ਆਪਣਾ ਬਲੀਦਾਨ ਦੇਣ ਵਾਸਤੇ ਜਾ ਰਹੇ ਨੇ। ਆਹ ਜਿਹੜੇ ਨਾਲ ਸਿੱਖ ਜਾ ਰਹੇ ਨੇ ਇਨ੍ਹਾਂ ਨੇ ਵੀ ਬਲੀਦਾਨ ਦੇਣਾ ਹੈ। ਉਸ ਵੇਲੇ ਠਠੰਬਰ ਗਿਆ, ਮਹਾਰਾਜ ਦੇ ਚਰਨ ਫੜ ਲਏ ਆ ਕੇ। ਕਹਿੰਦਾ ਪਾਤਸ਼ਾਹ! ਐਨਾ ਭਿਆਨਕ ਨਾਟਕ ਕਰਨ ਵਾਸਤੇ ਆਪ ਜਾ ਰਹੇ ਓਂ। ਮਹਾਰਾਜ ਕਹਿੰਦੇ, ਯੋਗੀਰਾਜ! ਦਿਖ ਗਿਆ ਤੈਨੂੰ, ਕਹਿੰਦੇ ਹਾਂ। ਅਸੀਂ ਠੀਕਰਾ ਭੰਨਣਾ ਹੈ, ਪਰ ਉਹਦੇ ਸਿਰ ਜਾ ਕੇ ਭੰਨਣਾ ਹੈ। ਪਾਤਸ਼ਾਹ! ਮੈਂ ਨਹੀਂ ਜਾਣ ਦੇਣਾ, ਕ੍ਰਿਪਾ ਕਰੋ ਮੇਰੇ ਤੇ। ਮੇਰੇ ਵਿਚ ਆਪ ਨੇ ਐਨੀ ਸ਼ਕਤੀ ਬਖਸ਼ ਦਿਤੀ ਹੈ ਕਿ ਸਣੇ ਔਰੰਗਜ਼ੇਬ, ਜੋ ਵੀ ਸਾਮ੍ਹਣੇ ਆਏ ਮੈਂ ਸਾਰਿਆਂ ਨੂੰ ਨਸ਼ਟ ਕਰ ਦੇਣਾ ਹੈ ਇਥੋਂ ਬੈਠਿਆਂ ਹੀ। ਮਹਾਰਾਜ ਕਹਿੰਦੇ, ਯੋਗੀਰਾਜ! ਇਹ ਕੰਮ ਆਪਾਂ ਨਹੀਂ ਕਰਨਾ। ਫੇਰ ਦੇਖ ਧਿਆਨ ਲਗਾ ਕੇ। ਧਿਆਨ ਲਾ ਕੇ ਦੇਖਦਾ ਹੈ, ਗੁਰੂ ਤੇਗ ਬਹਾਦਰ ਸਾਹਿਬ ਤਾਂ ਸਮੁੰਦਰ ਨੇ ਸ਼ਕਤੀਆਂ ਦਾ, ਜਿਥੋਂ ਮੇਰੇ ਵਿਚ ਭੋਰਾ ਕੁ ਸ਼ਕਤੀ ਆਈ ਹੈ। ਇਹ ਤਾਂ ਆਪ ਹੀ ਸਭ ਕੁਛ ਕਰ ਸਕਦੇ ਨੇ। ਉਸ ਵੇਲੇ ਰਜ਼ਾ ਦੇ ਵਿਚ ਰਾਜ਼ੀ ਹੋ ਕੇ ਮੰਨ ਗਿਆ। ਮਹਾਰਾਜ ਕਹਿੰਦੇ ਤੇਰੇ ਕੋਲ ਡੋਲ ਨਾਮ ਦਾ ਜਗਿਆਸੂ ਆਏਗਾ, ਇਹ ਬ੍ਰਹਮਗਿਆਨ ਦੀ ਦਾਤ ਉਹਨੂੰ ਦੇਈਂ। ਉਹਨੂੰ ਦਾਤ ਦਿਤੀ। ਉਸ ਤੋਂ ਬਾਅਦ ਇਕ ਬੀਬੀ ਆਈ, ਉਹ ਵੀ ਸੇਵਾ ਵਿਚ ਦਿਨ ਰਾਤ ਰਿਹਾ ਕਰਦੀ ਸੀ। ਉਹਦੇ ਉਤੇ ਕ੍ਰਿਪਾ ਕੀਤੀ, ਬੇਅੰਤ ਸ਼ਕਤੀਆਂ ਦੀ ਮਾਲਕ ਹੋਈ, ਨਾਮ ਨਾਨਕੀ ਸੀ। ਉਸ ਤੋਂ ਬਾਅਦ ਇਕ ਫੇਰ ਬੀਬੀ ਆਈ, ਜਿਸਨੇ ਉਸ ਇਲਾਕੇ ਨੂੰ ਗੁਰਸਿੱਖੀ ਵਿਚ ਰੱਖ ਕੇ ਤਾਰਿਆ, ਉਹਦਾ ਨਾਉਂ ਵੀ ਨਾਨਕੀ ਸੀ।

ਸੋ ਇਸ ਤਰ੍ਹਾਂ ਅਰਦਾਸਾਂ ਹੋ ਰਹੀਆਂ ਨੇ, ਅਰਦਾਸ ਦੇ ਵਿਚ ਇਕ ਸੱਯਦ ਅਰਦਾਸ ਕਰਦਾ ਹੈ ਕਿ ਗੁਰੂ ਮਹਾਰਾਜ ਦਾ ਬੜਾ ਇਨਾਮ ਰੱਖਿਆ ਗਿਆ ਹੈ ਕਿ ਜੇ ਕਿਤੇ ਮੇਰੇ ਰਾਹੀਂ ਗ੍ਰਿਫਤਾਰ ਹੋ ਜਾਣ ਤਾਂ ਮੈਨੂੰ ਕੁਛ ਪੈਸਾ ਮਿਲ ਜਾਵੇ। ਮਹਾਰਾਜ! ਉਸੇ ਤਰ੍ਹਾਂ ਬਾਗ ਵਿਚ ਜਾ ਬੈਠੇ, ਉਹਦੇ ਕੋਲ ਚਲੇ ਗਏ ਤੇ ਕੌਤਕ ਵਰਤਾ ਦਿਤਾ। ਆਪਣਾ ਦੁਸ਼ਾਲਾ ਜੋ ਹਜ਼ਾਰਾਂ ਰੁਪਏ ਦਾ ਸੀ, ਜੋ ਕੀਮਤੀ ਮੁੰਦਰੀ ਸੀ ਤੇ ਕਹਿ ਦਿਤਾ ਕਿ ਇਹਦੀ ਮਠਿਆਈ ਲੈ ਆ ਜਾ ਕੇ। ਕਹਿੰਦਾ ਪਾਉਣ ਨੂੰ ਕੀ ਲਿਜਾਵਾਂ, ਕਹਿੰਦੇ ਇਹੀ ਦੁਸ਼ਾਲਾ ਲੈ ਜਾ। ਜਿਸ ਵਕਤ ਹਲਵਾਈ ਦੇ ਗਿਆ, ਉਹਨੇ ਕਿਹਾ ਕਿ ਇਹ ਤਾਂ ਚੋਰੀ ਕਰਕੇ ਲਿਆਇਆ ਹੈ। ਕੋਤਵਾਲ ਨੂੰ ਖਬਰ ਦੇ ਦਿਤੀ, ਮਹਾਰਾਜ ਨੂੰ ਆ ਕੇ ਉਥੇ ਆ ਕੇ ਗ੍ਰਿਫਤਾਰ ਕਰ ਲਿਆ। ਮਹਾਰਾਜ ਕਹਿੰਦੇ, ਪਹਿਲਾਂ ਇਹਨੂੰ ਇਨਾਮ ਦਿਓ। ਜਿਹੜਾ ਮੇਰੇ ਫੜਨ ਦਾ ਰੱਖਿਆ ਸੀ। ਪੰਜ ਹਜ਼ਾਰ ਰੁਪਿਆ ਉਸ ਵੇਲੇ ਦਾ, ਦਿਵਾਇਆ।

ਉਸ ਤੋਂ ਬਾਅਦ ਮਹਾਰਾਜ ਚਲੇ ਜਾਂਦੇ ਨੇ, ਉਥੇ ਬਹੁਤ ਲੰਮੀ ਚੌੜੀ ਗੱਲ ਹੁੰਦੀ ਹੈ, ਮਹਾਰਾਜ ਸਮਝਾਉਣ ਦਾ ਯਤਨ ਕਰਦੇ ਨੇ। ਉਹ ਕਹਿੰਦਾ ਕਿ ਮੈਂ ਇਕ ਧਰਮ ਕਰਨਾ ਚਾਹੁੰਦਾ ਹਾਂ। ਤੁਹਾਨੂੰ ਤਾਂ ਸਾਰੇ ਹੀ ਧਰਮ ਇੱਕੋ ਜਿਹੇ ਨੇ। ਬਾਬੇ ਨਾਨਕ ਨੂੰ ਤਾਂ ਉਹੋ ਜਿਹੇ ਹਿੰਦੂ ਉਹੋ ਜਿਹੇ ਮੁਸਲਮਾਨ। ਤਾਂ ਹੀ ਤਾਂ ਨਹੀਂ ਅਸੀਂ ਬਣਨ ਦੇਣੇ ਕਿਉਂਕਿ ਕਿ ਇਹ ਅਕਾਲਪੁਰਖ ਦੀ ਰਜ਼ਾ ਵਿਚ ਚਲ ਰਹੇ ਨੇ, ਤੂੰ ਧੱਕਾ ਕਰ ਰਿਹਾ ਹੈਂ। ਮਹਾਰਾਜ ਕਹਿੰਦੇ, ਚੰਗਾ ਜਾਹ ਮਿਰਚਾਂ ਲਿਆ, ਮਿਰਚਾਂ ਜਾਲ ਕੇ ਦੇਖ ਲਈਂ। ਜੇ ਇਕ ਰਹਿ ਗਈ ਤਾਂ ਇਕ ਹੋ ਜਾਏਗਾ। ਜੇ ਵੱਧ ਹੋ ਗਈਆਂ, ਫੇਰ ਓਨੇਂ ਧਰਮ ਹੋਣਗੇ। ਮਿਰਚਾਂ ਜਾਲੀਆਂ ਗਈਆਂ। ਸੁਆਹ ਛਾਣੀ ਗਈ, ਕੀ ਦੇਖਦੇ ਨੇ, ਤਿੰਨ ਮਿਰਚਾਂ ਸਾਬਤ ਨਿਕਲ ਆਈਆਂ। ਮਹਾਰਾਜ ਕਹਿੰਦੇ ਔਰੰਗਜ਼ੇਬ ਤੂੰ ਤਾਂ ਇਕ ਕਹਿੰਦਾ ਸੀ, ਇਹ ਤਾਂ ਤਿੰਨ ਹੋ ਜਾਣੇ ਨੇ ਹੁਣ। ਖਾਲਸਾ ਵੀ ਪ੍ਰਗਟ ਹੋ ਰਿਹਾ ਹੈ ਛੇਤੀ ਤੋਂ ਛੇਤੀ। ਐਸ ਤਰ੍ਹਾਂ ਦੇ ਕੌਤਕ ਹੋਏ।

ਅਖੀਰ ਹੋ ਗਿਆ ਕਿ ਗੁਰੂ ਸਾਹਿਬ ਨੂੰ ਬਾਹਰ ਨਾ

ਜਾਣ ਦਿਓ। ਪ੍ਰਸ਼ਾਦਾ ਬੰਦ ਕਰ ਦਿਓ। ਧੰਨੇ ਵਾਂਗ ਗੁਰਸਿੱਖ ਅਰਦਾਸਾਂ ਕਰਦੇ ਨੇ ਕਿ ਪਾਤਸ਼ਾਹ! ਮੇਰੇ ਘਰ ਆ ਕੇ ਚਰਨ ਪਾਓ, ਮੇਰੇ ਘਰ ਪ੍ਰਸ਼ਾਦਾ ਛਕੋ। ਰਿਪੋਰਟਾਂ ਜਾਂਦੀਆਂ ਨੇ ਕਿ ਉਹ ਤਾਂ ਬਾਹਰ ਫਿਰਦੇ ਨੇ। ਜਦ ਸੀ.ਆਈ.ਡੀ. ਕਹਿੰਦੀ ਹੈ ਕਿ ਹੁਣ ਦੇਖ ਕੇ ਆਏ ਹਾਂ ਕਿ ਉਹ ਤਾਂ ਫਲਾਣੇ ਗੁਰਸਿੱਖ ਦੇ ਘਰ ਬੈਠੇ ਨੇ, ਉਸ ਵੇਲੇ ਪੜਤਾਲ ਹੁੰਦੀ ਹੈ ਤਾਂ ਉਥੇ ਵੀ ਬੈਠੇ ਨੇ। ਕਹਿੰਦੇ ਪਿੰਜਰੇ ਵਿਚ ਬੰਦ ਕਰ ਦਿਓ ਇਨ੍ਹਾਂ ਨੂੰ। ਪਿੰਜਰੇ ਦੀ ਬਹੁਤ ਸਖਤ ਸਜ਼ਾ ਹੁੰਦੀ ਹੈ। ਕੋਈ ਆਦਮੀ ਦੱਸ ਮਿੰਟ ਵੀ ਨਹੀਂ ਉਹਦੇ ਵਿਚ ਕੱਟ ਸਕਦਾ। ਨਾ ਸਿੱਧਾ ਹੋ ਸਕੇ, ਆਲੇ ਦੁਆਲੇ ਬੜੇ ਤਿੱਖੇ ਸੂਏ ਲਾਏ ਹੁੰਦੇ ਨੇ। ਸੋ ਜਦੋਂ ਅਖੀਰ ਹੋ ਗਈ, ਭਾਈ ਮਤੀ ਦਾਸ ਨੇ ਮਹਾਰਾਜ ਤੋਂ ਆਗਿਆ ਮੰਗੀ ਕਿ ਪਾਤਸ਼ਾਹ ਲਾਹੌਰ ਤੇ ਦਿੱਲੀ ਦੀ ਇੱਟ ਵਜਾ ਦੇਈਏ। ਮਹਾਰਾਜ ਕਹਿੰਦੇ, ਸ਼ਕਤੀ ਕਿੱਥੋਂ ਲਈ ਹੈ? ਕਹਿੰਦਾ ਆਪ ਦੇ ਚਰਨਾਂ ਵਿਚੋਂ। ਫੇਰ ਕਹਿੰਦੇ ਵੱਡੀ ਸ਼ਕਤੀ ਸ਼ਹੀਦੀ ਦੀ ਹੁੰਦੀ ਹੈ। ਆਹ ਨਾ ਸ਼ਕਤੀ ਵਰਤ, ਸੰਸਾਰ ਤੋਂ ਆਪਾ ਜਾਣਾ ਹੈ, ਭਾਣਾ ਵਰਤਣਾ ਹੈ। ਦਿਬਯ ਦ੍ਰਿਸ਼ਟ ਦੇ ਨਾਲ ਦਿਖਾ ਦਿਤਾ। ਸ਼ਾਂਤ ਹੋ ਗਏ ਭਾਈ ਮਤੀ ਦਾਸ ਸੀ।

ਉਸ ਵੇਲੇ ਭਾਈ ਮਤੀ ਦਾਸ ਦੇ ਕੋਲ ਕਾਜ਼ੀ ਆਉਂਦਾ ਹੈ, ਫਤਵਾ ਦਿੰਦਾ ਹੈ ਕਿ ਮਤੀਦਾਸ ਤੈਨੂੰ ਦੋ ਰਾਹ ਨੇ, ਪਹਿਲੀ ਤੈਨੂੰ ਸਜ਼ਾਏ ਮੌਤ ਦਿਤੀ ਜਾਂਦੀ ਹੈ, ਤਸੀਹੇ ਦੇ ਕੇ, ਆਰੇ ਨਾਲ ਚੀਰ ਕੇ ਤੇਰੇ ਦੋ ਫਾੜ ਕੀਤੇ ਜਾਣਗੇ। ਦੂਜੇ ਪਾਸੇ ਇਕ ਰਸਤਾ ਇਹ ਹੈ ਕਿ ਜੇ ਤੂੰ ਇਸਲਾਮ ਧਾਰਨ ਕਰ ਲਵੇਂ ਤਾਂ ਤੈਨੂੰ ਛੁੱਟੀ ਹੋ ਜਾਈਗੀ। ਉਸ ਵੇਲੇ ਕਹਿੰਦੇ, ਨਾ, ਨਿੱਜ ਧਰਮ ਸਭ ਨੂੰ ਪਿਆਰਾ ਹੈ। ਮੌਤ ਤੋਂ ਡਰ ਕੇ ਇਹ ਚੀਜ਼ ਕਰ ਲੈਣੀ ਫੇਰ ਗੁਰੂ ਨੇ ਤਾਂ ਕਿਹਾ ਹੈ ਕਿ –

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਅੰਗ – 1427***

ਮਤੀ ਦਾਸ ਜਾਨ ਨਾ ਗੁਆਓ, ਤਿਲਕ ਤੇ ਜੰਞੂ ਨਾਲ ਤੁਹਾਡਾ ਕੋਈ ਵਾਸਤਾ ਨਹੀਂ ਹੈ, ਕਿਉਂ ਖਾਹਮਖਾਹ ਉਨ੍ਹਾਂ ਦੇ ਵਾਸਤੇ ਤੁਸੀਂ ਜਾਨਾਂ ਦਿੰਦੇ ਹੋ? ਉਸ ਵੇਲੇ ਕਹਿਣ ਲੱਗੇ, ਮੇਰਾ ਸਤਿਗੁਰੂ ਜਿਹੜਾ ਹੈ ਉਹ ਸਾਰਿਆਂ ਦਾ ਸਾਂਝਾ ਹੈ। ਸਾਰਿਆਂ ਨੂੰ ਸਾਂਝਾ ਉਪਦੇਸ਼ ਕਰਦਾ ਹੈ –

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ***
***ਚਹੁ ਵਰਨਾ ਕਉ ਸਾਝਾ॥ ਅੰਗ – 748***

ਉਹ ਸਾਰੇ ਸੰਸਾਰ ਦਾ ਸਾਂਝਾ ਹੈ। ਜੋ ਕੁਛ ਤੁਸੀਂ ਧੱਕਾ ਕਰਦੇ ਓਂ ਉਹਦੇ ਨਾਲ ਸਾਡੀ ਕੋਈ ਵਿਰੋਧਤਾ ਨਹੀਂ। ਸਿਰਫ ਤੁਹਾਡੀ ਨੀਤੀ ਨਾਲ ਵਿਰੋਧਤਾ ਹੈ। ਜਾਤ ਨਾਲ ਕੋਈ ਵਿਰੋਧਤਾ ਨਹੀਂ ਹੈ, ਸਾਰੇ ਹੀ ਪ੍ਰਮੇਸ਼ਰ ਦੇ ਬੰਦੇ ਨੇ ਦੂਜਾ ਕੋਈ ਨਹੀਂ ਹੈ। ਪਰ ਇਹ ਤੁਹਾਡੀ ਨੀਤੀ ਬੜੀ ਗਲਤ ਹੈ। ਇਸ ਦੀ ਡੱਟ ਕੇ ਵਿਰੋਧਤਾ ਕਰਾਂਗੇ। ਬਾਕੀ ਜਿਹੜੀ ਤੂੰ ਮੌਤ ਦੀ ਗੱਲ ਕਰਦਾ ਹੈਂ, ਸਾਨੂੰ ਗੁਰੂ ਨੇ ਮੌਤ ਤੋਂ ਪਾਰ ਕਰ ਦਿਤਾ। ਜਿਥੇ ਸਾਨੂੰ ਪਹੁੰਚਾ ਦਿਤਾ ਉਥੇ ਤਾਂ ਮੌਤ ਪਹੁੰਚ ਹੀ ਨਹੀਂ ਸਕਦੀ।

***ਕਬੀਰ ਜਿਸੁ ਮਰਨੇ ਤੇ ਜਗੁ ਡ@ਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***
***ਅੰਗ – 1365***

ਪਹਿਲਾ ਰਾਹ ਕਬੂਲ ਕਰ ਲਿਆ, ਆਰੇ ਨਾਲ ਚੀਰਿਆ ਜਾਂਦਾ ਹੈ। ਫੱਟਿਆਂ ਦੇ ਵਿਚ ਬੰਨ੍ਹ ਦਿੰਦੇ ਨੇ। ਗੁਰੂ ਮਹਾਰਾਜ ਵਲ ਪਿੱਠ ਕਰਕੇ। ਪਿੰਜਰੇ ਦੇ ਵਿਚ ਮਹਾਰਾਜ ਸਾਮ੍ਹਣੇ ਦੇਖ ਰਹੇ ਨੇ। ਉਸ ਵੇਲੇ ਜਦੋਂ ਆਰਾ ਧਰਨ ਲੱਗਿਆ ਜਲਾਦ ਕਹਿੰਦਾ ਮਤੀਦਾਸ! ਇਕ ਬੜੀ ਹੈਰਾਨੀ ਹੋਈ ਹੈ ਮੈਨੂੰ, ਕਿਉਂਕਿ ਆਰੇ ਨਾਲ ਚੀਰਨਾ ਤਾਂ ਮੇਰਾ ਰੋਜ਼ ਦਾ ਹੀ ਕੰਮ ਹੈ। ਚੀਰਨ ਤੋਂ ਪਹਿਲਾਂ ਜਾਂ ਤਾਂ ਉਹ ਮਰ ਗਏ ਜਾਂ ਬੇਹੋਸ਼ ਹੋ ਗਏ। ਪਰ ਇਕ ਤੂੰ ਦੇਖਿਆ ਹੈਂ ਜਿਹਦੇ ਨੈਣਾਂ ਵਿਚ ਚਮਕ ਵਧ ਗਈ ਹੈ, ਚਿਹਰੇ ਤੇ ਲਾਲੀ ਆ ਗਈ। ਕੀ ਗੱਲ ਕੋਈ ਨਸ਼ਾ ਪੀ ਲਿਆ ਤੂੰ। ਤੇਰੇ ਚਿਹਰੇ ਤੇ ਉਦਾਸੀ ਕਿਉਂ ਨਹੀਂ ਹੈ? ਨਾਲੇ ਮੈਨੂੰ ਇਹ ਦੱਸ ਕਿ ਤੇਰੀ ਕੋਈ ਅੰਤਮ ਇੱਛਾ ਹੋਵੇ, ਉਹ ਮੈਂ ਪੂਰੀ ਕਰਾਂ, ਜੋ ਮੇਰੇ ਅਖਤਿਆਰ ਵਿਚ ਹੋਵੇ। ਉਸ ਵੇਲੇ ਭਾਈ ਮਤੀ ਦਾਸ ਕਹਿਣ ਲੱਗੇ, ਜਲਾਦ! ਆਹ ਗੱਲਾਂ ਸਮਝਣ ਸਮਝਾਉਣ ਦਾ ਕੋਈ ਮੌਕਾ ਨਹੀਂ ਹੈ, ਤੂੰ ਆਰਾ ਰੱਖ ਮੇਰੇ ਸੀਸ ਤੇ, ਤੇ ਚੀਰਨਾ ਸ਼ੁਰੂ ਕਰਦੇ। ਇਹ ਸਵਾਲ ਮੇਰੇ ਤੋਂ ਨਾ ਪੁੱਛ। ਕਹਿੰਦਾ ਮਤੀਦਾਸ, ਮੇਰੇ ਮਨ ਵਿਚ ਰਹਿ ਜਾਏਗੀ, ਤੂੰ ਮੈਨੂੰ ਮੇਰੇ ਸਵਾਲ ਦਾ ਜਵਾਬ ਦੇ ਦੇ। ਕਹਿੰਦਾ ਤੂੰ ਕੋਈ ਨਸ਼ਾ ਪੀ ਲਿਆ। ਮਤੀਦਾਸ ਜੀ ਨੇ ਕਿਹਾ ਕਿ ਹਾਂ ਇਕ ਵਾਰੀ ਪੀਤਾ ਸੀ, ਉਹ ਨਸ਼ਾ ਮੁੜ ਕੇ ਉਤਰਿਆ ਹੀ ਨਹੀਂ।

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ।***
***(ਜਨਮਸਾਖੀ)***

ਕਹਿੰਦੇ ਜਲਾਦ ਤੇਰੀ ਸਮਝ ਤੋਂ ਪਰ੍ਹੇ ਹੈ, ਅਸੀਂ ਅੰਮ੍ਰਿਤ ਦਾ ਪਿਆਲਾ ਪੀਤਾ ਹੋਇਆ ਹੈ, ਨਾਮ ਦਾ ਪਿਆਲਾ। ਮੌਤ ਤੋਂ ਅਸੀਂ ਪਾਰ ਹੋ ਗਏ, ਅੰਮ੍ਰਿਤ ਕਹਿੰਦੇ ਉਸ ਨੂੰ ਜਿਥੇ ਮੌਤ ਨਾ ਪਹੁੰਚ ਸਕੇ। ਅਸੀਂ ਤਾਂ ਆਪਣੇ ਘਰ ਨੂੰ ਜਾ ਰਹੇ ਹਾਂ, ਸਾਨੂੰ ਕਾਹਦੀ ਚਿੰਤਾ। ਹਾਂ, ਸੇਵਾ ਤੂੰ ਕਹਿੰਦਾ ਹੈ, ਉਹ ਮੈਂ ਤੈਨੂੰ ਬੇਨਤੀ ਕਰਦਾ ਹਾਂ ਕਿ ਮੇਰੀ ਪਿੱਠ ਨਾ ਗੁਰੂ ਵੱਲ ਕਰ, ਮੇਰਾ ਮੂੰਹ ਉਧਰ ਕਰ ਦੇ। ਤੇਰਾ ਆਰਾ ਚਲਦਾ ਹੋਵੇ ਤੇ ਮੇਰੇ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਦਾ ਵਾਸ ਹੋਵੇ ਤੇ ਮੈਂ ਉਨ੍ਹਾਂ ਦੇ ਸੁੰਦਰ ਚਿਹਰੇ ਨੂੰ ਦੇਖਦਾ-ਦੇਖਦਾ ਐਸ ਸਰੀਰ ਨੂੰ ਛੱਡ ਕੇ ਜਾਵਾਂ। ਦੋ ਫਾੜ ਕਰ ਕੇ ਸੁੱਟ ਦਿਤੇ ਮਤੀ ਦਾਸ ਜੀ ਦੇ।

ਉਸ ਤੋਂ ਬਾਅਦ ਭਾਈ ਦਿਆਲੇ ਦੀ ਵਾਰੀ ਆ ਗਈ, ਫਤਵਾ ਲਗ ਗਿਆ ਕਿ ਇਸਲਾਮ ਕਬੂਲ ਕਰੋ ਜੇ ਬਚਣਾ ਹੈ ਮੌਤ ਤੋਂ, ਨਹੀਂ ਫੇਰ ਦੇਗ ਦੇ ਵਿਚ ਉਬਾਲ ਦਿਤੇ ਜਾਵੋਂਗੇ। ਪਾਣੀ ਉਬਾਲੇ ਖਾ ਰਿਹਾ ਸੀ, ਕੰਢਿਆਂ ਦੇ ਉਤੇ ਦੀ ਹੋ ਕੇ ਡੁੱਲ੍ਹ ਰਿਹਾ ਸੀ। ਕਹਿੰਦੇ, ਭਾਈ ਦਿਆਲਾ! ਆਹ ਤੇਰਾ ਅੰਜਾਮ ਹੈ। ਭਾਈ ਦਿਆਲਾ ਜੀ ਕਹਿਣ ਲੱਗੇ, ਕੋਈ ਗੱਲ ਨਹੀਂ।

ਉਸ ਵੇਲੇ ਹੁਕਮ ਹੋ ਗਿਆ। ਕਹਿਣ ਲੱਗੇ ਫੜ ਕੇ

ਕਿਉਂ ਸੁੱਟਣਾ ਹੈ, ਮੈਂ ਆਪਣੇ ਆਪ ਹੀ ਵੜ ਜਾਣਾ ਹੈ। ਕਦਮ ਰੱਖਦੇ ਨੇ ਉਬਲਦੇ ਪਾਣੀ ਵਿਚ ਤੇ ਨਾਲ ਅਰਦਾਸ ਕਰਦੇ ਗੁਰੂ ਤੇਗ ਬਹਾਦਰ ਜੀ ਅੱਗੇ ਕਿ ਹੇ ਪ੍ਰਭੂ! ਮੇਰਾ ਪਿਆਰ ਤੇਰੇ ਨਾਲ ਨਿਭ ਜਾਵੇ। ਪਾਣੀ ਵਿਚ ਉਬਾਲ ਦਿੱਤਾ, ਜਿਵੇਂ ਆਲੂ ਗਲ ਜਾਂਦਾ ਹੈ ਐਉਂ ਸਰੀਰ ਗਲ ਗਿਆ। ਕੱਢ ਕੇ ਗੁਰੂ ਮਹਾਰਾਜ ਦੇ ਸਾਮ੍ਹਣੇ ਸੁੱਟ ਦਿੱਤਾ। ਤੀਸਰੇ ਦੀ ਵਾਰੀ ਆਈ, ਸਤੀ ਦਾਸ ਦੀ। ਤਿੰਨਾਂ ਨੂੰ ਗੁਰੂ ਮਹਾਰਾਜ ਨੇ ਪਹਿਲਾਂ ਭੇਜ ਦਿੱਤਾ ਸੀ, ਤੁਸੀਂ ਜਾਓ ਭਾਈ ਜੇਠਾ, ਗੋਬਿੰਦ ਰਾਇ ਜੀ ਨੂੰ ਜਾ ਕੇ ਤੁਸੀਂ ਤਿਲਕ ਦੇਵੋ। ਭਾਈ ਯੁਧੋ ਦੀ ਡਿਊਟੀ ਲਾ ਦਿਤੀ, ਭਾਈ ਜੈਤੇ ਦੀ ਲਾ ਦਿਤੀ ਕਿ ਤੁਸੀਂ ਸਾਡਾ ਸੀਸ ਲੈ ਜਾਣਾ ਇਥੋਂ, ਅਨੰਦਪੁਰ ਸਾਹਿਬ। ਬਾਕੀ ਸਰੀਰ, ਇਹ ਵੀ ਬੰਦੋਬਸਤ ਹੋ ਚੁੱਕਿਆ ਹੈ, ਕੋਈ ਚਿੰਤਾ ਨਾ ਕਰਿਓ। ਤੁਸੀਂ ਬਾਹਰ ਖੜ੍ਹ ਜਾਓ, ਭੀੜ ਵਿਚ ਜਾ ਕੇ। ਸੋ ਉਸ ਵੇਲੇ ਭਾਈ ਸਤੀ ਦਾਸ ਜੀ ਨਾਲ ਨੇ। ਹੁਕਮ ਹੋ ਗਿਆ ਕਿ ਇਹਦੇ ਦੁਆਲੇ ਰੂੰ ਵਲੇਟ ਕੇ ਅੱਗ ਲਾ ਦਿਓ। ਉਸੇ ਤਰ੍ਹਾਂ ਕਰਿਆ ਗਿਆ। ਸੀ ਨਹੀਂ ਕਿਹਾ, ਸੀ ਦੀ ਥਾਂ ਤੇ ੧ਓ ਦੀ ਧੁਨੀ ਉਠ ਰਹੀ ਹੈ। ਸਤਿਨਾਮ ਦੀ ਆਵਾਜ਼ ਆ ਰਹੀ ਹੈ। ਕਰਤਾ ਪੁਰਖ ਦੀ ਆਵਾਜ਼ ਆ ਰਹੀ ਹੈ। ਸੋ ਤਿੰਨਾਂ ਨੇ ਸਰੀਰ ਗੁਰੂ ਦੇ ਸਾਮ੍ਹਣੇ ਦੇ ਦਿੱਤੇ।

ਕਹਿੰਦੇ ਮਰਨਾ ਤਾਂ ਸਾਰਿਆਂ ਨੇ ਹੈ, ਪਰ ਮਰਨਾ ਕੋਈਓ ਹੀ ਜਾਣਦਾ ਹੈ।

***ਕਬੀਰ ਮਰਤਾ ਮਰਤਾ ਜਗੁ ਮੂਆ***
***ਮਰਿ ਭੀ ਨ ਜਾਨਿਆ ਕੋਇ॥***
***ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥***
***ਅੰਗ - 1366***

ਮਹਾਨ ਖੁਸ਼ੀਆਂ ਗੁਰੂ ਮਹਾਰਾਜ ਦੀ ਮਿਹਰ ਦੀਆਂ, ਨਦਰ ਦੀਆਂ ਪ੍ਰਾਪਤ ਕਰਕੇ, ਤਿੰਨਾਂ ਨੇ ਛਿੰਨ ਭੰਗਰ ਪੰਜ ਭੂਤਕ ਸਰੀਰ ਨੂੰ ਛੱਡ ਕੇ ਤੇ ਗੁਰੂ ਦੇ ਲੋਕ ਵਿਚ ਚਲੇ ਗਏ।

ਦੂਸਰਾ ਦਿਨ ਹੋਇਆ, ਅੱਜ ਦਾ ਦਿਨ 13 ਮੱਘਰ ਆ ਗਿਆ। ਉਸ ਵੇਲੇ ਗੁਰੂ ਮਹਾਰਾਜ ਨੇ ਬਚਨ ਹੁੰਦੇ ਹਨ। ਮਹਾਰਾਜ ਕਹਿੰਦੇ, ਜਿਹੜੀ ਗੱਲ ਹੈ ਭਾਈ, ਉਹ ਤਾਂ ਕਰ ਲਓ। ਉਸ ਵੇਲੇ 13 ਮੱਘਰ, 1732 ਦਾ ਸੰਨ ਚਲ ਰਿਹਾ ਸੀ, ਬਿਕ੍ਰਮੀ ਸੰਨ ਤੇ ਸ਼ਹਿਰ ਵਿਚ ਮੁਨਾਦੀ ਕਰਾ ਦਿਤੀ ਗਈ ਕਿ ਕੋਈ ਬੰਦਾ ਘਰ ਨਾ ਰਹੇ ਕੱਲ੍ਹ ਨੂੰ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨਾ ਹੈ ਤੇ ਸਾਰੇ ਆ ਕੇ ਨਜ਼ਾਰਾ ਦੇਖੋ, ਦਹਿਸ਼ਤ ਫੈਲਾਉਂਦੇ ਨੇ।

ਮਹਾਰਾਜ ਨੂੰ ਇਕ ਗੱਲ ਕਹੀ ਗਈ ਕਿ ਕਰਾਮਾਤ ਦਿਖਾਓ। ਮਹਾਰਾਜ ਕਹਿੰਦੇ ਕਿ ਵਾਹਿਗੁਰੂ ਦੀ ਚਲਦੀ ਦੁਨੀਆਂ ਵਿਚ ਅਸੀਂ ਰੋਕ ਕਿਵੇਂ ਪਾ ਦੇਈਏ। ਕਰਾਮਾਤ ਕਹਿਰ ਦਾ ਨਾਮ ਹੁੰਦਾ ਹੈ। ਕਰਾਮਾਤ ਨਹੀਂ ਦਿਖਾਉਣੀ। ਅਸੀਂ ਠੀਕਰਾ ਭੰਨਣਾ ਹੈ, ਔਰੰਗੇ ਦੇ ਸਿਰ। ਤਾਂ ਕਿ ਇਹਦੇ ਅਧਰਮ ਨੂੰ ਕੁਛ ਰੋਕ ਪਵੇ। ਕਰਾਮਾਤਾਂ ਦਿਖਾਉਣ ਨਹੀਂ ਅਸੀਂ ਇਥੇ ਆਏ।

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।***
***ਬਚਿਤ੍ਰ ਨਾਟਕ ਪਾ:੧੦***

ਪ੍ਰਭੂ ਦੇ ਲੋਕਾਂ ਨੂੰ ਤਾਂ ਨਾਉਂ ਲੈ ਕੇ ਹੀ ਲਾਜ ਆ ਜਾਂਦੀ ਹੈ ਕਿ ਐਹੋ ਜਿਹੇ ਕੰਮ ਅਸੀਂ ਕਰੀਏ। ਇਹ ਤਾਂ ਬੇਅੰਤ ਨੇ। ਇਕ ਗੁਰਸਿੱਖ ਹੀ ਕਰਾਮਾਤ ਦਿਖਾ ਸਕਦਾ ਹੈ।

ਸੋ ਉਸ ਵੇਲੇ ਫਤਵਾ ਲਗ ਗਿਆ। ਚਾਂਦਨੀ ਚੌਂਕ 'ਚ ਮਹਾਰਾਜ ਨੂੰ ਲਿਆਂਦੇ ਨੇ। ਖੂਹ ਦਾ ਪਾਣੀ, ਬੋਹੜ ਦੇ ਥੱਲੇ ਆਪ ਇਸ਼ਨਾਨ ਕਰਦੇ ਨੇ। ਬਹੁਤ ਵੱਡਾ ਘੇਰਾ ਸ਼ਹਿਰ ਵਾਸੀਆਂ ਦਾ, ਚਾਰੇ ਪਾਸੇ ਫੈਲ ਜਾਂਦਾ ਹੈ। ਜਿਵੇਂ ਪਹਿਲਵਾਨ ਘੁਲਦੇ ਹੁੰਦੇ ਨੇ, ਉਨ੍ਹਾਂ ਦਾ ਅਖਾੜਾ ਹੁੰਦਾ ਹੈ ਬਹੁਤ ਲੰਮਾ ਚੌੜਾ। ਇਸ ਤਰ੍ਹਾਂ ਸੈਂਕੜੇ ਗਜ਼ਾਂ ਵਿਚ ਬੰਦੇ ਘੇਰਾ ਘੱਤੀਂ ਖੜ੍ਹੇ ਨੇ। ਅਰਦਾਸਾਂ ਕਰਦੇ ਨੇ ਹੇ ਪ੍ਰਭੂ! ਐਹ ਗੱਲ ਨਾ ਹੋਵੇ, ਅੱਖਾਂ 'ਚ ਹੰਝੂ ਜਾ ਰਹੇ ਨੇ, ਰੋ ਰਹੀ ਹੈ ਦੁਨੀਆਂ। ਹਿੰਦੂ ਧਰਮ ਰੋ ਰਿਹਾ ਹੈ ਕਿ ਸਾਡੇ ਵਾਸਤੇ ਕਿੱਡੀ ਵੱਡੀ ਕੁਰਬਾਨੀ ਕਰ ਰਹੇ ਨੇ। ਸਾਡੀ ਰਾਖੀ ਵਾਸਤੇ, ਆਪਣਾ ਸਭ ਕੁਛ ਦੇ ਰਹੇ ਨੇ। ਉਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਆਪ ਹੀ ਚੌਂਕੜਾ ਮਾਰ ਕੇ ਬੈਠ ਜਾਂਦੇ ਨੇ, ਸੁਰਤੀ ਆਪ ਲੀਨ ਹੋ ਜਾਂਦੇ ਨੇ। ਉਸ ਵੇਲੇ ਕਹਿੰਦੇ ਨੇ ਕਿ ਕਰਾਮਾਤ ਦਿਖਾਓ? ਕਹਿੰਦੇ ਤੁਹਾਨੂੰ ਬਾਅਦ ਵਿਚ ਪਤਾ ਲੱਗੇਗਾ, ਸਰੀਰ ਛੱਡ ਕੇ। ਇਕ ਕਾਗਜ਼ ਗਰਦਨ ਤੇ ਪਿਆ ਹੈ। ਉਹਦੇ ਵਿਚ ਲਿਖਿਆ ਹੋਇਆ ਹੈ-

***ਬਾਂਹਿ ਜਿਨਾ ਦੀ ਪਕਰੀਐ,***
***ਸਿਰ ਦੀਜੈ ਬਾਂਹਿ ਨਾ ਛੋਡੀਐ॥***
***ਗੁਰੂ ਤੇਗ ਬਹਾਦਰ ਬੋਲਿਆ***
***ਧਰ ਪਈਐ ਧਰਮ ਨਹੀ ਛੋਡੀਐ॥***

ਤਲਵਾਰ ਦਾ ਵਾਰ ਹੁੰਦਾ ਹੈ, ਕੱਚਾ ਧਾਗਾ ਬੰਨ੍ਹਿਆ ਹੋਇਆ ਹੈ। ਲੇਕਿਨ ਹੈਰਾਨੀ ਹੁੰਦੀ ਹੈ ਕਿ ਤਲਵਾਰ ਪਿਛੋਂ ਆਉਂਦੀ ਹੈ, ਸੀਸ ਪਹਿਲਾਂ ਉਡ ਜਾਂਦਾ ਹੈ। ਨਾਲ ਦੀ ਨਾਲ ਹਨ੍ਹੇਰੀ ਆ ਜਾਂਦੀ ਹੈ, ਕਾਲੀ ਬੋਲੀ ਰਾਤ ਪੈ ਗਈ, ਕੁਝ ਨਹੀਂ ਸੁਝਦਾ। ਹੈਰਾਨ ਹੋ ਜਾਂਦੇ ਨੇ ਸਾਰੇ ਤੇ ਭਾਈ ਜੈਤੇ ਤੇ ਭਾਈ ਉਧੋ ਦੇ ਕੋਲ ਸੀਸ ਜਾ ਪਹੁੰਚਦਾ ਹੈ। ਉਸ ਵੇਲੇ ਬਹੁਤ ਰੌਲਾ ਪੈ ਗਿਆ, ਹਿੱਲਣ ਲਗ ਗਈ ਦਿੱਲੀ ਤੇ ਸਰੀਰ ਨੂੰ ਲੱਖੀ ਵਣਜਾਰਾ ਲੈ ਜਾਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਨੇ ਅੱਜ ਦੇ ਦਿਨ ਬਹੁਤ ਭਾਰੀ ਕੁਰਬਾਨੀ ਦਿਤੀ ਹੈ। ਇਕ ਅਸੂਲ ਨੂੰ ਮੱਦ-ਏ-ਨਜ਼ਰ ਰੱਖ ਕੇ। ਆਪਣੇ ਧਰਮ ਦੀ ਤਾਂ ਰਾਖੀ ਸਾਰਾ ਸੰਸਾਰ ਕਰਦਾ ਹੈ। ਲੇਕਿਨ ਇਨ੍ਹਾਂ ਨੇ ਹਿੰਦੂਆਂ ਦੀ ਰਾਖੀ ਕਰੀ, ਲੇਕਿਨ ਜੇ ਆਪ ਉਸ ਵੇਲੇ ਬਲੀਦਾਨ ਨਾ ਦਿੰਦੇ ਅੱਜ ਨਾ ਕਿਸੇ ਮੰਦਰ 'ਚ ਸੰਖ ਬੋਲਦਾ, ਨਾ ਕਿਸੇ ਦੇ ਜਨੇਊ ਹੁੰਦਾ, ਸਾਰਿਆਂ ਦਾ ਨਾਮ ਦੀਨ ਤੇ ਮੁਹੰਮਦ ਹੋਣਾ ਸੀ। ਸੋ ਹਿੰਦੁਸਤਾਨ ਦਾ ਨਕਸ਼ਾ ਹੋਰ ਹੋਣਾ ਸੀ। ਸੋ ਇਹ ਅਹਿਸਾਨ, ਭਾਰਤ ਵਰਸ਼ ਤੇ ਗੁਰੂ ਮਹਾਰਾਜ ਨੇ, ਮੁੱਢ ਬੰਨ੍ਹਿਆ ਤੇ ਗੁਰੂ ਦਸਵੇਂ ਪਾਤਸ਼ਾਹ ਨੇ ਚਾਰੇ ਸਾਹਿਬਜ਼ਾਦੇ, ਸਾਰਾ ਪਰਿਵਾਰ, ਇਸੇ ਲਾਈਨ ਦੇ ਉਤੇ ਬਲੀਦਾਨ ਤੇ ਲਾ

ਦਿਤਾ ਤੇ ਹਿੰਦੁਸਤਾਨ ਦੀ ਪੱਤ ਰੱਖ ਲਈ।

*ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ।*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।* ***ਬਚਿਤ੍ਰ ਨਾਟਕ***

ਸਾਰੇ ਸੰਸਾਰ ਦੇ ਇਤਿਹਾਸ ਵਿਚ ਐਸੀ ਕਿਰਿਆ ਕਿਸੇ ਦੀ ਨਹੀਂ ਹੈ। ਲੜਾਈਆਂ ਤਾਂ ਮਹਾਂਪੁਰਸ਼ਾਂ ਨੇ, ਪੂਰਨ ਪੁਰਸ਼ਾਂ ਨੇ ਬਹੁਤ ਯੁੱਧ ਕੀਤੇ, ਕੁਰਬਾਨੀਆਂ ਵੀ ਕੀਤੀਆਂ।

ਸ੍ਰੀ ਰਾਮ ਚੰਦਰ ਜੀ ਦਾ ਯੁੱਧ ਰਾਵਣ ਨਾਲ ਹੋਇਆ, ਪਰ ਕਾਰਨ ਸੀਤਾ ਜੀ ਸੀ। ਮਹਾਂਭਾਰਤ ਦਾ ਬੜਾ ਭਿਆਨਕ ਯੁੱਧ ਹੋਇਆ, ਕ੍ਰਿਸ਼ਨ ਮਹਾਰਾਜ ਨੇ ਅਗਵਾਈ ਕੀਤੀ, ਦਰੋਪਤੀ ਤੋਂ ਝਗੜਾ ਪਿਆ। ਪਾਪ ਦਾ ਖਾਤਮਾ ਕਰਨ ਵਾਸਤੇ, ਯੁੱਧ ਕਰਾਇਆ ਗਿਆ, ਇਸੇ ਤਰ੍ਹਾਂ ਹੋਰ ਵੱਡੇ ਮਹਾਂਪੁਰਸ਼ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਆਏਗਾ ਕਿ ਦੂਸਰੇ ਦੇ ਧਰਮ ਨੂੰ ਰੱਖਣ ਵਾਸਤੇ, ਸਭ ਤੋਂ ਵੱਡੀ ਕੁਰਬਾਨੀ ਦਿਤੀ। ਸੋ –

*ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।*
*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।*
***ਬਚਿਤ੍ਰ ਨਾਟਕ***

ਸਾਰੇ ਹੀ, ਕੀ ਹਿੰਦੂ ਕੀ ਮੁਸਲਮਾਨ ਸਾਰੇ ਜਗਤ ਵਿਚ ਸ਼ੋਕ ਹੋ ਗਿਆ ਕਿ ਬਹੁਤ ਮਾੜੀ ਗੱਲ ਹੋਈ ਹੈ। ਬਹੁਤ ਬੁਰੀ ਗੱਲ। ਗੁਰੂ ਤੇਗ ਬਹਾਦਰ ਸਾਹਿਬ ਵਰਗੇ, ਜਿਨ੍ਹਾਂ ਦੇ ਉਤੇ ਹਜ਼ਾਰਾਂ ਮੁਸਲਮਾਨਾਂ ਨੂੰ ਅਕੀਦਤ, ਸ਼ਰਧਾ ਸੀ। ਉਹ ਵੀ ਰੋਂਦੇ ਨੇ, ਹਿੰਦੂਆਂ ਨੇ ਤਾਂ ਰੋਣਾ ਹੀ ਸੀ। ਜਗਤ ਨੂੰ ਸ਼ੋਕ ਹੋ ਗਿਆ–

*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।*
***ਬਚਿਤ੍ਰ ਨਾਟਕ***

ਦੇਵਤਿਆਂ ਦੇ ਮੰਡਲ ਵਿਚ ਜੈ ਜੈ ਹੋ ਰਹੀ ਹੈ। ਜਿਥੋਂ ਜਾ ਰਹੇ ਨੇ, ਜੈ ਜੈਕਾਰ ਹੁੰਦੀ ਚਲੀ ਜਾ ਰਹੀ ਹੈ, ਆਪਣੇ ਘਰ ਨੂੰ ਨਿਰੰਕਾਰ ਦੇ ਦੇਸ਼ 'ਚ ਜਾ ਰਹੇ ਨੇ। ਕਾਰਣ ਵੀ ਲਿਖ ਦਿਤਾ ਮਹਾਰਾਜ ਨੇ –

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।* ***ਬਚਿਤ੍ਰ ਨਾਟਕ***

ਕਾਰਨ ਵੀ ਲਿਖ ਦਿਤਾ ਮਹਾਰਾਜ ਨੇ, ਕਿਉਂਕਿ ਬਾਅਦ ਵਿਚ ਬੜੇ ਇਤਿਹਾਸ ਗਲਤ ਆਏ ਨੇ। ਗੁਲਾਮਦੀਨ ਨੇ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਡਾਕੇ ਮਾਰਦੇ ਹੁੰਦੇ ਤਾਂ ਕਰਕੇ ਉਨ੍ਹਾਂ ਨੂੰ ਸਜ਼ਾ ਦੇ ਦਿਤੀ। ਕਈ ਸਾਡੇ ਇਤਿਹਾਸਕਾਰਾਂ ਨੇ ਨਕਲ ਕਰ ਦਿਤੀ ਉਹਦੀ। ਬੜਾ ਰੌਲਾ ਪਿਆ ਸੀ। ਆਹ ਇਕ ਪੰਜਾਬੀ ਯੂਨੀਵਰਸਿਟੀ ਦਾ ਪ੍ਰੋਫੈਸਰ ਸੀ ਉਹਨੇ ਵੀ ਲਿਖ ਮਾਰਿਆ।

ਸੋ ਮਹਾਰਾਜ ਆਪਣੇ ਹੱਥ ਨਾਲ ਲਿਖਦੇ ਨੇ ਕਿ ਉਨ੍ਹਾਂ ਦਾ ਕਾਰਨ ਇਹ ਸੀ ਕਿ –

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।*
*ਸਾਧਨਿਹੇਤਿ ਇਤੀ ਜਿਨਿ ਕਰੀ।*
*ਸੀਸੁ ਦੀਆ ਪਰ ਸੀ ਨ ਉਚਰੀ।*
*ਧਰਮ ਹੇਤ ਸਾਕਾ ਜਿਨਿ ਕੀਆ।*
*ਸੀਸੁ ਦੀਆ ਪਰ ਸਿਰਰੁ ਨ ਦੀਆ।*
*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ।*
***ਬਚਿਤ੍ਰ ਨਾਟਕ***

ਸੋ ਇਸ ਤਰ੍ਹਾਂ ਸਾਧਸੰਗਤ ਜੀ ਇਹ ਮਹਾਨ ਦਿਨ, ਇਕੱਲਾ ਸਿੱਖਾਂ ਵਾਸਤੇ ਕੋਈ ਮਹੱਤਤਾ ਨਹੀਂ ਰੱਖਦਾ। ਨਾ ਇਕੱਲੇ ਹਿੰਦੁਸਤਾਨ ਵਾਸਤੇ ਰੱਖਦਾ ਹੈ, ਇਹ ਤਾਂ ਸਾਰੀ ਦੁਨੀਆਂ ਦਾ ਸਾਂਝਾ ਦਿਨ ਹੈ। ਜਿਸ ਦਿਨ ਇਕ ਐਸਾ ਕੌਤਕ ਹੋਇਆ ਹੈ ਕਿ ਬੇਗਾਨੇ ਧਰਮ ਵਾਸਤੇ ਸ਼ਹੀਦੀ ਦਿਤੀ ਗਈ। ਭਾਵੇਂ ਉਸ ਤੋਂ ਬਾਅਦ ਅਸੀਂ ਬਦਲਾ ਭਾਲਦੇ ਸੀ ਕਿ ਪਹਾੜੀ ਰਾਜੇ ਗੁਰੂ ਮਹਾਰਾਜ ਨਾਲ ਮੇਲ ਰੱਖਦੇ ਤੇ ਫੌਜਾਂ ਨਾ ਚਾੜ੍ਹਦੇ। ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਕਾਰਨ ਨਾ ਬਣਦੇ। ਪਰ ਸੰਸਾਰ ਤਾਂ ਐਸੇ ਤਰ੍ਹਾਂ ਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਨੇ 52 ਰਾਜਿਆਂ ਨੂੰ ਉਮਰ ਕੈਦ 'ਚੋਂ ਕੱਢ ਕੇ, ਮੁੜ ਕੇ ਗੱਦੀਆਂ ਤੇ ਬਿਠਾਇਆ। ਪਰ ਕਿੰਨੇ ਕੁ ਸੀਗੇ ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਸਹਾਇਤਾ ਕਰੀ। ਕਿੰਨੇ ਕੁ ਉਨ੍ਹਾਂ ਦੇ ਆਪਣੇ ਬੰਦੇ ਸੀਗੇ, ਜਿਨ੍ਹਾਂ ਦੇ ਕੋਲ ਜਾਂਦੇ ਨੇ ਤੇ ਕਹਿੰਦੇ ਨੇ ਦਰਵਾਜ਼ਾ ਨਹੀਂ ਜੀ ਖੁਲ੍ਹ ਸਕਦਾ। ਦੂਜੇ ਪਾਸੇ ਇਸਲਾਮ ਵਾਲੇ ਨੇ।

ਸੋ ਮੈਂ ਇਹ ਬੇਨਤੀ ਤਾਂ ਕਰ ਰਿਹਾ ਹਾਂ ਕਿ ਸਾਡੇ ਮਨਾਂ ਵਿਚ ਘਿਰਣਾ ਹੋ ਜਾਂਦੀ ਹੈ ਕਿ ਪਤਾ ਨਹੀਂ ਮੁਸਲਮਾਨ ਮਾੜਾ ਹੈ। ਨਾ ਮੁਸਲਮਾਨ ਨਹੀਂ ਮਾੜਾ, ਰਾਜ ਮਾੜਾ ਹੁੰਦਾ ਹੈ। ਬੰਦਾ ਕੋਈ ਮਾੜਾ ਨਹੀਂ ਹੁੰਦਾ, ਮੁਸਲਮਾਨਾਂ ਨੇ ਜਿੰਨੀ ਮਦਦ ਗੁਰੂ ਦਸ਼ਮੇਸ਼ ਪਿਤਾ ਦੀ ਕੀਤੀ ਹੈ, ਹਰ ਸੰਕਟ ਦੇ ਵਿਚ, ਕਿਤੇ ਮੰਜੇ ਚੁਕੀਂ ਫਿਰਦੇ ਨੇ, ਕਿਤੇ ਗਵਾਹੀਆਂ ਦਿੰਦੇ ਨੇ, ਨਿਹੰਗ ਖਾਂ ਆਪਣੇ ਕਿਲ੍ਹੇ ਵਿਚ ਲੈ ਜਾ ਕੇ ਮਰਨ ਮਾਰਨ ਨੂੰ ਤਿਆਰ ਹੋ ਜਾਂਦਾ ਹੈ। ਰਾਇ ਕੋਟ ਵਾਲਾ ਜਿਹੜਾ ਮੀਰ ਕੱਲਾ ਸੀ ਮੁਸਲਮਾਨ, ਜ਼ੋਰ ਲਾ ਰਿਹਾ ਨਵਾਬ ਸਰਹੰਦ ਦਾ, ਮੈਨੂੰ ਗੁਰੂ ਗੋਬਿੰਦ ਸਿੰਘ ਫੜਾ ਦੇਵੇ। ਨਹੀਂ ਫੜਾਇਆ। ਅੱਜ ਕਿਸੇ ਦੀ ਜੁਰੱਅਤ ਹੈ, ਅਸੀਂ ਆਪਣੇ ਵੱਡੇ ਰਾਜ ਦੇ, ਸੈਂਟਰ ਦੇ ਰਾਜ ਦੇ ਖਿਲਾਫ ਗੱਲ ਕਰ ਲਈਏ? ਇਹ ਓਹੀ ਸੀਗੇ, ਇਹ ਗੱਲ ਨਾ ਕਹੋ ਕਿ ਇਸਲਾਮ ਵਾਲੇ ਮਾੜੇ ਨੇ। ਉਨ੍ਹਾਂ ਵਿਚ ਵੀ ਬੜੇ ਗੁਣ ਨੇ। ਬੰਦਾ ਜਿਹੜਾ ਚੰਗਾ ਹੈ ਉਹ ਸਾਰਿਆਂ ਧਰਮਾਂ ਦੇ ਵਿਚ ਹੈ।

ਗੁਰੂ ਮਹਾਰਾਜ ਸਭ ਦੇ ਸਾਂਝੇ ਸੀ। ਉਨ੍ਹਾਂ ਨੇ ਧਰਮ ਦੀ ਆਜ਼ਾਦੀ ਲਈ ਕੁਰਬਾਨੀ ਦਿਤੀ। ਅੱਜ ਧਰਮ ਦੀ ਆਜ਼ਾਦੀ ਲਈ ਦੁਨੀਆਂ ਆਵਾਜ਼ ਉਠਾ ਰਹੀ ਹੈ। ਗੁਰੂ ਮਹਾਰਾਜ ਨੇ ਸਵਾ ਤਿੰਨ ਸੌ ਸਾਲ ਪਹਿਲਾਂ ਇਹ ਆਵਾਜ਼ ਬੁਲੰਦ ਕੀਤੀ ਤੇ ਮਨੁੱਖਤਾ ਦੀ ਅਗੁਵਾਈ ਆਪਣੇ ਸੀਸ ਦੇ ਬਲੀਦਾਨ ਰਾਹੀਂ ਕੀਤੀ। ਇਹ ਬਹੁਤ ਲਾਸਾਨੀ ਕੁਰਬਾਨੀ ਹੈ।

***ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।***

# ਬਿਜੈ ਸਿੰਘ

***ਭਾਈ ਵੀਰ ਸਿੰਘ ਜੀ***

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

**ਕਾਂਡ ਬਾਰਵਾਂ**

ਪਿਛਲੇ ਕਾਂਡ ਦੀ ਵਾਰਤਾ ਕੀਹ ਸੀ? ਇਹ ਸ਼ੀਲਾ ਦੇ ਦ੍ਰਿੜ੍ਹ ਵਿਸ਼ਵਾਸ਼ ਤੇ ਕਰਤਾਰ ਦੀ ਭਗਤ ਵੱਛਲਾਤਾ ਸੀਪ ਸ਼ੀਲਾ ਨੇ ਤਾਂ ਸਿੰਘਾਂ ਵਾਲਾ ਹੱਠ ਧਾਰ ਲਿਆ ਸੀ ਕਿ ਕਰਤਾਰ ਦੇ ਧਿਆਨ ਵਿੱਚ ਮਗਨ ਬੈਠੇ ਰਹਿਣਾ ਹੈ, ਹਿੱਲਣਾ ਤੱਕ ਨਹੀਂ ਅਰ ਇੱਥੇ ਹੀ ਇਸੇ ਰੰਗ ਵਿੱਚ ਪ੍ਰਾਣਾਂ ਦਾ ਤਿਆਗ ਕਰ ਦੇਣਾ ਹੈ। ਅਕਾਲ ਪੁਰਖ ਨੂੰ ਸਦੀਵ ਤੋਂ ਭਗਤਾਂ ਦੀ ਲਾਜ ਹੈ ਅਰ ਜੁਗ ਜੁਗ ਸਦਾ ਭਗਤਾਂ ਦੀ ਰੱਖਦਾ ਆਇਆ -

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ ॥***
***ਹਰਣਾਖਸੁ ਦੁਸਟੁ ਹਰਿ ਮਾਰਿਆ***
***ਪ੍ਰਹਲਾਦੁ ਤਰਾਇਆ ॥ ਅੰਗ - ੪੫੧***

ਯੋਗੀ ਲੋਕ ਵੀ ਦਸਦੇ ਹਨ ਕਿ ਏਕਾਗਰ ਚਿਤ ਪ੍ਰਾਣੀ ਸ਼ਕਤੀ ਵਾਲਾ ਹੋ ਜਾਂਦਾ ਹੇ ਤੇ ਉਸ ਦੀ ਜੁੜੀ ਹੋਈ ਧਿਆਨ ਸ਼ਕਤੀ ਕਰਤੱਬ ਕਰ ਲੈਂਦੀ ਹੈ। ਸੋ ਸ਼ੀਲ ਕੌਰ ਦੇ ਵਾਹਿਗੁਰੂ ਵਿੱਚ ਲਿਵਲੀਨ ਧਿਆਨ ਪਰ ਮਹਾਰਾਜ ਜੀ ਕ੍ਰਿਪਾ ਨੇ ਉਸ ਦੀ ਰਖਿਆ ਕੀਤੀ। ਉਹ ਤਾਂ ਮਰਨਾ ਮੰਗ ਕੇ ਬੈਠੀ ਹੀ ਸੀ ਅਰ ਸਹਾਇਤਾ ਦੀ ਆਸ ਵਿਚ ਨਹੀਂ ਸੀ, ਸਾਈਂ ਵਿੱਚ ਜੁੜੀ ਸੀ ਕਿ ਮਰਨ ਲਗਿਆਂ ਜੁੜੀ ਹੀ ਮਰ ਜਾਵਾਂ ਜੋ ਮਾਲਕ ਤੋਂ ਅੰਤਰ ਆਤਮੇ ਵਿੱਥ ਨਾ ਪਵੇ; ਪਰ ਉਸ ਭਗਤਾਂ ਦੇ ਪਿਆਰੇ ਨੇ ਮੀਂਹ, ਹਨ੍ਹੇਰੀ, ਗੜ, ਬਿਜਲੀ, ਭੁਚਾਲ ਸਾਰੀਆਂ ਡਰਾਉਣੀਆਂ ਤਾਕਤਾਂ ਛੱਡ ਦਿਤੀਆਂ। ਮੁਸਲਮਾਨ ਕਲਾਮਾਂ ਦੇ ਬੜੇ-ਬੜੇ ਅਸਰ ਆਪ ਮੰਨਦੇ ਹਨ। ਉਨ੍ਹਾਂ ਦੀਆਂ ਪੁਸਤਕਾਂ ਵਿੱਚ ਬੜੇ ਬੜੇ ਅਸਚਰਜ ਸਮਾਚਾਰ ਹਨ। ਉਥੇ ਜਾਬਰਾਂ ਦੇ ਜ਼ੁਲਮ ਤੇ ਰੱਬ ਦੇ ਬਾਹੁੜੀ ਕਰਨ ਦੇ ਕਈ ਸਮਾਚਾਰ ਬੀ ਆਉਂਦੇ ਹਨ। ਉਸ ਦਿਨ ਸ਼ਾਮ ਨੂੰ ਜਮਾਂਦਾਰ ਸਾਹਿਬ ਤੇ ਸਿਪਾਹੀਆਂ ਤੇ ਵਿਚ ਐਸੇ ਹੀ ਜ਼ਿਕਰ ਚਲਦੇ ਰਹੇ ਸਨ। ਉਤੇ ਸ਼ਰਾਬ ਮਿਲ ਪਈ ਤੇ ਸਾਰੇ ਸਿਪਾਹੀਆਂ ਪੀਤੀ ਸੀ ਅਰ ਬਹੁਤੀ ਵਾਲੇ ਬਹੁਤ ਬਾਉਲੇ ਹੋ ਰਹੇ ਸਨ। ਹਨ੍ਹੇਰੀ ਰਾਤ, ਬੱਦਲ, ਮੀਂਹ, ਬਿਜਲੀ, ਝੱਖੜ ਤੇ ਤੁਫਾਨ ਨੇ ਭਦਾਇਕ ਸਮਾਂ ਬੰਨ੍ਹ ਦਿਤਾ, ਇਸ ਸਾਰੀ ਦਸ਼ਾ ਨੂੰ ਭੁਚਾਲ ਦੇ ਆਉਣ ਨੇ ਚੌਗੁਣਾਂ ਡਰਾਉਣਾ ਕਰ ਦਿੱਤਾ। ਜਦ ਮੁਫਤੀ ਅਰ ਜਮਾਂਦਾਰ ਨੱਸੇ ਹਨ ਤਦ ਬ੍ਰਿਛ ਦੇ ਹੇਠ ਨੂੰ ਦੌੜ, ਬਿਜਲੀ ਕੜਕ ਰਹੀ ਸੀ, ਬਿਜਲੀ ਬ੍ਰਿਛਾਂ ਪੁਰ ਅਕਸਰ ਕਰਕੇ ਪੈਂਦੀ ਹੈ, ਸੋ ਸਮਾਂ ਸੰਜੋਗ ਐਸਾ ਲੱਗਾ ਕਿ ਬਿਜਲੀ ਪਈ, ਜਮਾਂਦਾਰ ਮੁਫਤੀ ਤੇ ਦੋ ਸਿਪਾਹੀ ਮਾਰੇ ਗਏ। ਜੋ ਅੰਦਰੀਂ ਵੜੇ ਹੋਏ ਸਨ ਮਾਰੇ ਡਰ ਦੇ ਹਿੱਲੇ ਹੀ ਨਾ, ਉਨ੍ਹਾਂ ਨੂੰ ਕੀ ਪਤਾ ਕਿ ਬਾਹਰ ਜੋ ਜਲ, ਪੌਣ, ਬਿਜਲੀ ਦਾ ਦੰਗਲ ਮਚ ਰਿਹਾ ਹੈ, ਉਸ ਵਿੱਚ ਸਾਡੇ ਜਮਾਂਦਾਰ ਸਾਹਿਬ ਭੀ ਹਿੱਸਾ ਲੈ ਰਹੇ ਹਨ।

ਇਕ ਪਾਸੇ ਤਾਂ ਸ਼ੀਲ ਕੌਰ ਦੀ ਪਵਿੱਤਰਤਾ ਤੇ ਲਿਵਲੀਨਤਾ, ਉਤੋਂ ਰੱਬ ਜੀ ਦਾ ਪਿਆਰ ਕੌਤਕ ਕਰ ਰਿਹਾ ਸੀ, ਦੂਜੇ ਪਾਸੇ ਨਿਤਾਣੇ ਨਸ਼ਈ ਦਿਲ ਭੈਭੀਤ ਹੋ ਕੇ ਡਰ ਰਹੇ ਸਨ, ਤੀਜੇ ਬਿਜਲੀ ਨੇ ਸੱਚਮੁਚ ਹੀ ਜਾਨਾਂ ਖੈ ਕੀਤੀਆਂ। ਜਦੋਂ ਸਵੇਰੇ ਕੋਠੜੀਆਂ ਵਿਚੋਂ ਬਾਕੀ ਦੇ ਸਿਪਾਹੀ ਤੇ ਕੈਦੀ ਨਿਕਲੇ ਤਾਂ ਚਾਰ ਆਦਮੀ ਤਾਂ ਬਿਜਲੀ ਨਾਲ ਮਰੇ ਦੇਖੇ ਤੇ ਇਕ ਦੋ ਭੈ ਮਾਰ ਨਿਰਬਲ ਜਿਹੇ ਪਏ ਨਜ਼ਰ ਆਏ। ਉਨ੍ਹਾਂ ਦੋਹਾਂ ਸਿਪਾਹੀਆਂ ਨੇ ਜੋ ਬਾਹਰ ਨਹੀਂ ਨਿਕਲੇ ਸੇ, ਉਨ੍ਹਾਂ ਨੂੰ ਰਾਤ ਦਾ ਹਾਲ ਕਹਿ ਸੁਣਾਇਆ। ਸਿਪਾਹੀਆਂ ਦਾ ਟੋਲਾ ਸੁਣ ਕੇ ਹੱਕਾ ਬੱਕਾ ਰਹਿ ਗਿਆ। ਇਕ ਹਵਾਲਦਾਰ ਨੂੰ ਜਮਾਂਦਰ ਦੀ ਥਾਂ ਮੰਨ ਕੇ ਕੰਮ ਅਰੰਭਿਆ। ਮੁਰਦਿਆਂ ਨੂੰ ਦਫਨ ਕੀਤਾ ਅਰ ਅਗਲੇ ਭਲਕ ਅੱਗੇ ਕੂਚ ਕੀਤੀ। ਸ਼ੀਲ ਕੌਰ ਵਲੋਂ ਉਨ੍ਹਾਂ ਨੂੰ ਸਹਿਮ ਬੈਠ ਗਿਆ। ਨਾ ਤਾਂ ਡਰਦੇ ਕੁਝ ਕਹਿ ਸਕਣ ਅਰ ਨਾ ਹੀ ਦਿਲ ਵਿਚ ਬੜੇ ਰੰਜ ਕਰ ਕੇ ਉਨ੍ਹਾਂ ਪੁਰ ਦਇਆ ਹੀ ਕਰ ਸਕਣ। ਇਸ ਤਰ੍ਹਾਂ ਕੁਝ ਡਰ, ਕੁਝ ਵੈਰ ਨਾਲ ਭਰੇ ਪੀਤੇ ਲਾਹੌਰ ਤਕ ਗਏ। ਪਹਿਲੋਂ ਤਾਂ ਸਾਲਹ ਸਾਨੇ ਕਿ ਸਾਰਾ ਹਾਲ ਕਰਾਂਗੇ, ਪਰ ਸੋਚਿਆ ਕਿ ਸਾਰੇ ਲੋਕੀਂ ਕਾਇਰ ਤੇ ਡਰਾਕਲ ਕਹਿਣਗੇ, ਇਸ ਲਈ ਬਿਜਲੀ ਪੈਣ ਦਾ ਪ੍ਰਸੰਗ ਹੀ ਕਿਹਾ ਗਿਆ ਅਰ ਕੋਈ ਗੱਲ ਨਾ ਕਹੀ।

ਸ਼ੀਲ ਕੌਰ ਨੇ ਉਸ ਰਾਤ ਦਾ ਸਾਰਾ ਪ੍ਰਸੰਗ ਸਿਪਾਹੀਆਂ ਨੂੰ ਆਪੋ ਵਿਚ ਗੱਲਾਂ ਕਰਦਿਆਂ ਸੁਣ ਕੇ ਸਮਝ ਲਿਆ ਸੀ। ਉਹ ਆਪਣੇ ਦਿਲ ਵਿੱਚ ਕਰਤਾਰ ਦਾ ਹਜ਼ਾਰ ਹਜ਼ਾਰ ਸ਼ੁਕਰ ਕਰਦੀ ਸੀ ਕਿ ਮੈਂ ਜਿਹੀ ਨਿਮਾਣੀ ਦਾ ਸਭ ਤੇ ਜਿੰਦ ਦੁਇ ਬਚਾ ਲਏ। ਇਹ ਕੇਵਲ ਦੀਨ ਦਿਆਲ ਦੀ ਮਿਹਰ ਹੈ, ਹੋਰ ਮੇਰਾ ਕੁਝ ਨਹੀਂ।

ਉਧਰ ਮੀਰ ਮੈਨੂੰ ਜ਼ੁਲਮ ਪੰਜਾਬ ਵਿਚ ਹੁਣ ਹਾੜ ਦੀ ਦੁਪਹਿਰ ਦੇ ਸੂਰਜ ਵਾਂਗੂੰ ਸ਼ਿਖਰ ਨੂੰ ਪਹੁੰਚੇ ਪਏ ਸਨ, ਕੋਈ ਐਸਾ ਸ਼ਹਿਰ ਪਿੰਡ ਨਹੀਂ ਸੀ ਕਿ ਜਿੱਥੇ ਸਿੰਘਾਂ ਨੂੰ ਟਿਕਾਣਾ ਮਿਲਦਾ। ਸਾਰੇ ਬਨਾਂ, ਪਹਾੜਾਂ ਵਿੱਚ ਜਾ ਵੜੇ ਸਨ। ਜੋ ਹੱਥ ਆਏ ਬੁਰੀ ਤਰ੍ਹਾਂ ਮਾਰੇ ਗਏ, ਹੁਣ ਜਿਥੋਂ ਕਿਥੋਂ ਦੇ ਫੜੇ ਹੋਏ ਕੁਛ ਸਿੱਖ ਲਾਹੌਰ ਪੁਚਾਏ ਗਏ ਕਿ ਸ਼ਰਹ ਦੇ ਹੁਕਮ ਅਨੁਸਾਰ ਮਾਰੇ ਜਾਣ।

ਕਿਸੇ ਕੌਮ ਵਿਚੋਂ ਜਦ ਧਰਮ ਦੀ ਅੰਸ਼ ਉਡ ਜਾਵੇ ਤਦ ਉਹ ਲੋਕ ਧਰਮ ਨੂੰ ਇਕ ਪੜਦਾ ਬਣਾ ਲੈਂਦੇ ਹਨ। ਜਿਸ ਦੇ ਉਹਲੇ ਅਨੇਕ ਤਰ੍ਹਾਂ ਦੇ ਅਧਰਮ ਕਮਾਉਂਦੇ ਹਨ। ਧਰਮੀ ਲੋਕਾਂ ਦਾ ਬਾਹਰ ਤਾਂ ਸਾਧਾਰਣ ਹੁੰਦਾ ਹੈ ਪਰ ਅਧਰਮੀਆਂ ਦਾ ਬਾਹਰ ਬਹੁਤ ਚਿਲਕਦਾ ਤੇ ਧਰਮ ਦੀ ਦਮਕ ਮਾਰਦਾ ਹੈ। ਮੁਗਲ

ਪਾਤਸ਼ਾਹ ਦੇ ਅੰਤਲੇ ਸਮੇਂ ਪੰਜਾਬ ਵਿੱਚ ਅਕਸਰ ਜ਼ਾਲਮ ਹਾਕਮ ਐਸੇ ਸਨ ਜੋ ਧਰਮ ਨੂੰ ਕੇਵਲ ਅਧਰਮ ਦੇ ਨਿਰਬਾਹ ਵਾਸਤੇ ਮੁਲੰਮੇ ਵਾਂਗ ਵਰਤਦੇ ਸਨ, ਉਪਰਲੇ ਕੰਮ ਤਾਂ ਦੀਨਦਾਰਾਂ ਦੇ ਤੇ ਅੰਦਰੋਂ ਛੁਰੀ ਫੇਰਨੇ ਵਾਲਿਆਂ ਦੇ ਨਮੂਨਿਆਂ ਦੇ ਹੁੰਦੇ ਸਨ। ਕੁਸ਼ਾਮਤੀ ਤੇ ਪੇਟਪਾਲੂ ਜੋ ਬਾਹਰੋਂ ਦੀਨਦਾਰ ਤੇ ਅੰਦਰੋਂ ਕੇਵਲ ਆਪਣੇ ਦੀਨ ਦੇ ਉਨ੍ਹਾਂ ਹੁਕਮਾਂ ਦੇ ਮੰਨਣ ਵਾਲੇ; ਜਿਨ੍ਹਾਂ ਕਰਕੇ ਆਪਣੀਆਂ ਗਰਜ਼ਾਂ ਪੂਰੀਆਂ ਹੋਣ, ਚਾਹੇ ਜ਼ੁਲਮ ਤੇ ਤੱਦੀ ਫੈਲੇ, ਮੀਰ ਮੰਨੂੰ ਨਾਲ ਰਲ ਕੇ ਇਕ ਮੈਦਾਨ ਵਿੱਚ ਨਮਾਜ਼ ਪੜ੍ਹਨੇ ਲਈ ਖੜ੍ਹੇ ਹੋਏ। ਨਮਾਜ਼ਾਂ ਪੜ੍ਹ ਕੇ ਚਾਹੀਦਾ ਸੀ ਕਿ ਜਿੱਕੁਰ ਪ੍ਰਮੇਸ਼ਰ ਤੋਂ ਆਪਣੇ ਲਈ ਦਯਾ ਮੰਗੀ ਸੀ ਹੋਰਨਾਂ ਪੁਰ ਦਯਾ ਕਰਦੇ ਪਰ ਕਿੱਥੋਂ? ਨਮਾਜ਼ ਜੀਭ ਉਤੇ ਸੀ, ਜ਼ੁਲਮ ਦਿਲ ਵਿੱਚ ਸੀ, ਰੱਬ ਤੱਕ ਕਿਥੋਂ ਪਹੁੰਚ ਹੁੰਦੀ। ਭਾਵੇਂ ਦਿਖਾਵੇ ਮਾਤਰ ਲਈ ਤਾਂ ਰੱਬ ਨਾਲ ਹੀ ਗੱਲਾਂ ਕਰ ਕੇ ਹਟੇ ਸਨ ਅਰ ਉਸ ਦੇ ਪਵਿੱਤਰ ਹੁਕਮ ਅਨੁਸਾਰ ਪੁੰਨ ਕਰਨ ਲੱਗੇ ਜਾਪਦੇ ਸਨ ਅਰ ਖੁਸ਼ ਹੁੰਦੇ ਸਨ ਕਿ ਕਾਫਰਾਂ ਨੂੰ ਦੁਖ ਦੇਣ ਲੱਗੇ ਹਾਂ, ਪਰ ਅਸਲੀ ਦੀਨ ਦੀ ਗਤਿ ਨਿਆਰੀ ਹੈ।

ਇੱਕ ਖੁੱਲੇ ਮੈਦਾਨ ਵਿੱਚ ਵੀਹ ਕੁ ਸੂਰੇ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ, ਪਿੰਜਰੇ ਪਏ ਸ਼ੇਰਾਂ ਵਾਂਗ ਹੱਥ ਪੈਰ ਬੱਧੇ ਕਤਾਰ ਵਿੱਚ ਖੜ੍ਹੇ ਕੀਤੇ ਗਏ। ਇਕ ਲੰਮੀ ਚਿੱਟੀ ਦਾੜ੍ਹੀ ਵਾਲੇ ਦੀਨਦਾਰ ਸਾਹਿਬ, ਜੋ ਆਪਣੇ ਖਿਆਲ ਵਿੱਚ ਸ਼ਾਇਦ ਤਰਸ ਵਾਲੇ ਹੀ ਹੋਣਗੇ, ਬੜੀ ਸੁਰੀਲੀ ਸੁਰ ਵਿੱਚ ਉਪਦੇਸ਼ ਦੇ ਕੇ ਉਨ੍ਹਾਂ ਨੂੰ ਮੁਸਲਮਾਨ ਹੋਣ ਲਈ ਪ੍ਰੇਰਨ ਲੱਗੇ। ਪਰ ਸਮੁੰਦਰ ਵਿੱਚ ਖੜ੍ਹੇ ਚਿਟਾਨ ਵਾਂਗੂੰ ਇਨ੍ਹਾਂ ਦੀਆਂ ਮਿੱਠੇ ਬਚਨਾਂ ਰੂਪੀ ਲਹਿਰਾਂ ਅਰ ਧਮਕੀਆਂ ਰੂਪ ਤੁਫਾਨਾਂ ਨਾਲ ਸਿੱਖਾਂ ਪੁਰ ਕੁਝ ਅਸਰ ਨਾ ਹੋਯਾ। ਜਿੱਕੁਰ ਹੀਰਾ ਚਿੱਕੜ ਮਿੱਟੀ ਮੈਲ ਵਿੱਚ ਕਿਤੇ ਸਿੱਟਿਆ ਜਾਵੇ ਹੀਰਾ ਹੀ ਰਹਿੰਦਾ ਹੈ ਤਿਵੇਂ ਸੱਚੇ ਸਿੰਘ ਭਾਵੇਂ ਕਿਸੇ ਸੰਗਤ, ਸੁਹਬਤ; ਦਬਾਉ ਵਿੱਚ ਚਲੇ ਜਾਣ ਸਦਾ ਸਿੰਘ ਹਨ। ਜਾਂ ਧਰਮ ਛੱਡਣ ਦੇ ਉਪਦੇਸ਼ਾਂ ਦੀ ਕੋਈ ਪੇਸ਼ ਨਾ ਗਈ ਤਦ ਮੰਨੂੰ ਨੇ ਅੱਖ ਨਾਲ ਇਕ ਮੁਸਾਹਿਬ ਨੂੰ ਕੁਛ ਸੈਨਤ ਕੀਤੀ, ਉਸੇ ਵੇਲੇ ਤਿੰਨ ਚਾਰ ਆਦਮੀ ਐਕੁਰ ਆ ਖਲੋਤੇ, ਜਿਵੇਂ ਰਾਤ ਨੇ ਰੂਪ ਧਾਰਿਆ ਹੁੰਦਾ ਹੈ, ਜਾਂ ਮਾਨੋਂ ਸੂਰਜ ਦੇ ਚੱਪਣ ਹਨ। ਕਾਲੀ ਹਨ੍ਹੇਰੀ ਨਾਲ ਜਿਵੇਂ ਕਦੇ ਕਦੇ ਚਿੱਟੇ ਬੱਦਲ ਆ ਜਾਂਦੇ ਹਨ ਤਿਵੇਂ ਚਿੱਟੀ ਚਿੱਟੀ ਰੂੰ ਦੇ ਬੋਰੇ ਤੇ ਤੇਲ ਦੇ ਚਾਟੇ ਆਂਦੇ ਗਏ ਅਰ ਉਨ੍ਹਾਂ ਜਲਾਦਾਂ ਨੇ ਸਿੰਘਾਂ ਦੇ ਬਦਨ ਉਤੋਂ ਰੂੰ ਐਉਂ ਬੰਨ੍ਹ ਦਿੱਤੀ ਜਿਕੁਰ ਪੂਰਬੀਏ ਹੋਲੀਆ ਵਿੱਚ ਹਨੂੰਮਾਨ ਬਨਾਯਾ ਕਰਦੇ ਹਨ। ਹੁਣ ਸਿੰਘਾਂ ਦੇ ਪੈਰਾਂ ਤੇ ਹੱਥਾਂ ਨੂੰ ਸੰਗਲ ਪਾ ਕੇ ਦੂਰ-ਦੂਰ ਕਿੱਲਿਆਂ ਨਾਲ ਐਦਾਂ ਕੱਸ ਦਿੱਤਾ ਕਿ ਹਿੱਲਣ ਜੋਗੇ ਨਾ ਰਹਿਣ, ਫੇਰ ਉਨ੍ਹਾਂ ਨੂੰ ਤੇਲ ਨਾਲ ਤਰ ਕੀਤਾ, ਜਿੱਕੁਰ ਲਾੜੇ ਨੂੰ ਘੋੜੇ ਚਾੜ੍ਹਨ ਤੋਂ ਪਹਿਲਾਂ ਤੇਲ ਚੜ੍ਹਾਉਂਦੇ ਹਨ। ਚਿੱਟੀ ਰੂੰ ਤੇਲ ਨਾਲ ਪੀਲੀ ਹੋਈ ਹੋਈ ਕ੍ਰਿਸ਼ਨ ਜੀ ਦੇ ਪੀਲੇ ਵਸਤਰਾਂ ਵਾਂਗ ਗੁਰੂ ਦੇ ਦੁਲਾਰਿਆਂ ਨੂੰ ਸੱਚੇ ਲਾੜੇ ਦੇ ਰੂਪ ਵਿੱਚ ਲੈ ਆਈ। ਧਰਤੀ ਰੂਪੀ ਘੋੜੀ ਤੇ ਸਵਾਰੀ ਕਰਨੀ ਮਿਲੀ, ਸਿਹਰਿਆਂ ਦੀ ਥਾਂ ਸੰਗਲ ਬੱਧੇ ਗਏ। ਕੈਸੀ ਅਦਭੈਤ ਜੰਞ ਬਣੀ ਹੈ? ਗੀਤ ਐਸ ਵੇਲੇ ਕੌਣ ਗਾਵੇ? ਘੋੜੀਆਂ ਕੌਣ ਪੜ੍ਹੇ? ਖਾਲਸਾ ਜੀ ਆਪ ਹੀ ਸ਼ਬਦ ਗਾਉਣ ਲੱਗ ਪਏ - ਤੇਰਾ ਕੀਆ ਮੀਠਾ ਲਾਗੈ।। ਹਰਿਨਾਮੁ ਪਦਾਰਥੁ ਨਾਨਕ ਮਾਂਗੈ॥

ਇਹ ਦੇਖ ਕੇ ਤਮਾਸ਼ਾ ਦੇਖਣ ਵਾਲੇ ਹੱਕੇ ਬੱਕੇ ਰਹਿ ਗਏ, ਉਹ ਸੋਚਦੇ ਸਨ ਕਿ ਇਹ ਲੋਕ ਇਸ ਭਿਆਨਕ ਮੌਤ ਦਾ ਸਾਮ੍ਹਣਾ ਕਰਨੋਂ ਡਰ ਕੇ ਸ਼ਰਨ ਮੰਗਣਗੇ, ਪਰ ਨਹੀਂ ਜਾਣਦੇ ਸਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸੂਰੇ ਹਨ, ਭੈ ਕੌਣ ਖਾਏ? ਤੇ ਕੌਣ ਸ਼ਰਨ ਮੰਗੇ।

ਖਾਲਸਾ ਜੀ! ਕਿਆ ਆਪ ਦੇ ਹਿਰਦੇ ਵਿੱਚ ਆਪਣੇ ਵੱਡਿਆਂ ਦੀ ਇਸ ਨਿਡਰ ਬਹਾਦਰੀ ਅਰ ਨਿਸ਼ਚੇ ਵੱਲ ਵੇਖ ਕੇ ਕੁਝ ਪ੍ਰੇਮ ਨਹੀਂ ਪੈਦਾ ਹੁੰਦਾ? ਕਿਆ ਬੇਪਰਵਾਹੀ ਰੂਪੀ ਜ਼ਿੱਲ੍ਹਣ ਨਾਲ ਦੱਬੇ ਹੋਏ ਹੰਝੂਆਂ ਦੇ ਖੂਹ ਦਾ ਕੜ ਪਾਟ ਕੇ ਅੱਖਾਂ ਥੀਂ ਪ੍ਰਵਾਹ ਨਹੀਂ ਚਲਦਾ? ਦੇਖੋ ਇਹ ਬਹਾਦਰ, ਜੋ ਕਿ ਧੀਰਜ ਤੇ ਨਿਸ਼ਚੇ ਵਿੱਚ ਗੁੱਤੇ ਹੋਏ, ਪਤਿਬ੍ਰਤਾ ਇਸਤ੍ਰੀ ਵਾਂਗੂੰ ਸੱਚ ਨਾਲ ਸਤੀ ਹੋਣ ਲਈ ਤਿਆਰ ਸਨ, ਕੈਸੇ ਪੱਕੇ ਸਿੰਘ ਹਨ। ਘਰ ਬਾਰ, ਦੌਲਤ ਸਭ ਨੂੰ ਛੱਡ ਕੇ ਮੌਤਾਂ ਕਬੂਲ ਰਹੇ ਹਨ, ਇਨ੍ਹਾਂ ਦਾ ਇਸ ਬਹਾਦਰੀ ਨਾਲ ਜਿੰਦ ਦੇਣਾ ਬਾਕੀ ਦੇ ਸਾਰੇ ਪੰਥ ਲਈ ਹੌਸਲੇ ਦਾ ਕਾਰਨ ਹੁੰਦਾ ਸੀ ਅਰ ਸਾਰੇ ਜੀਉਂਦੇ ਭਰਾਵਾਂ ਦੇ ਹੌਸਲੇ ਨੂੰ ਹੋਰ ਪੱਕਿਆਂ ਕਰਕੇ ਧਰਮ ਹਿਤ ਸਿਰ ਦੇਣ ਲਈ ਵਧੀਕ ਤਿਆਰ ਕਰਦਾ ਸੀ। ਇਨ੍ਹਾਂ ਕਦੀ ਪਿੱਠ ਨਾ ਦੇਣ ਵਾਲੇ ਹੱਠੀਆਂ ਦੇ ਜੋਸ਼ ਨੇ ਭਾਰਤ ਵਰਸ਼ ਨੂੰ ਮੁਗਲਾਂ ਦੇ ਅੰਤਲੇ ਜ਼ੁਲਮ ਰਾਜ ਤੋਂ ਛੁਡਾਇਆ। ਧੰਨ ਸਨ ਏਹ ਸਿਘ ਬਹਾਦਰ। ਸਤਾਏ ਜਾਂਦੇ, ਪਰ ਹੋਰ ਕਰੜੇ ਹੁੰਦੇ ਸਨ। ਵੱਢੀਂਦੇ ਸਨ, ਅਰ ਹੋਰ ਵਧਦੇ ਸਨ। ਮੁਕਾਏ ਜਾਂਦੇ ਸਨ ਅਰ ਅਮੁੱਕ ਹੁੰਦੇ ਸਨ। ਮੌਤ ਇਨ੍ਹਾਂ ਪੁਰ ਅੰਮ੍ਰਿਤ ਦਾ ਅਸਰ ਕਰਦੀ ਸੀ। ਤਲਵਾਰ ਦੀ ਆਬਦਾਰ ਧਾਰ ਪੁਰ ਖੇਡਣਾ ਇਨ੍ਹਾਂ ਲਈ ਆਬੇਹਯਾਤ ਦਾ ਪੀਣਾ ਹੁੰਦਾ ਸੀ। ਜਿਉਂ-ਜਿਉਂ ਅਕਾਏ ਤੇ ਦੁਖਾਏ ਜਾਂਦੇ ਸਨ ਉਹ ਨਰ ਸ਼ੇਰ ਵਾਂਗ ਤਿਉਂ ਤਿਉਂ ਭੁਏ ਹੁੰਦੇ ਜਾਂਦੇ ਸਨ। ਆਤਮ ਵਿਦਿਆ ਦੇ ਕਥਨ ਮੂਜਮ ਮੌਤ ਇਨ੍ਹਾਂ ਲਈ ਨਵਾਂ ਜਨਮ ਹੁੰਦੀ ਸੀ।

ਹੁਣ ਦੇਖੋ ਸਿੰਘਾਂ ਨਾਲ ਕੀ ਭਾਣਾ ਵਰਤਦਾ ਹੈ। ਅੱਗ ਆਂਦੀ ਗਈ ਤੇ ਪਹਿਲੋਂ ਜੋ ਕੁਛ ਦੂਰ ਦੁਆਲੇ-ਦੁਆਲੇ ਲੱਕੜਾਂ ਪੱਛੀਆਂ ਕੱਖ, ਪਲਾਹ ਰੱਖੇ ਗਏ ਸੇ ਉਨ੍ਹਾਂ ਵਿੱਚ ਅੱਗ ਦੂਰ ਦੂਰ ਧਰੀ ਗਈ। ਚੁਫੇਰਿਓਂ ਡਾਢਾ ਕਰੜਾ ਧੂੰਆਂ ਉਠਿਆ, ਜਿਸ ਨਾਲ ਘਬਰਾ ਕੇ ਇਨ੍ਹਾਂ ਦੇ ਸ਼ਰਨ ਮੰਨ ਲੈਣ ਦੀ ਆਸ ਸੀ। ਧੂੰਆਂ ਪਹਿਲੇ ਚੜ੍ਹੇ ਤਾਂ ਸਿਰ ਨੂੰ ਚਕਰਾਉਂਦਾ ਤੇ ਬਿਹਬਲਤਾ ਤੇ ਬੇਸੁਧੀ ਪੈਦਾ ਕਰਦਾ ਹੈ। ਸਿੰਘਾਂ ਦੇ ਮੂੰਹੋਂ ਇਸ ਸ਼ੁਰੂ ਘਬਰਾ ਵੇਲੇ ਪਹਿਲੋਂ ਵਾਹਿਗੁਰੂ ਦੀ ਧੁਨਿ ਨਿਕਲੀ। ਸ਼ੋਕ! ਉਸ ਭੇਤ ਨੂੰ ਕੌਣ ਸਮਝੇ ਜੋ ਗੁਰੂ ਨੇ ਇਨ੍ਹਾ ਦੇ ਹਿਰਦੇ ਵਿੱਚ ਪਾ ਦਿਤਾ ਹੈ? ਇਸ ਚੜ੍ਹਦੇ ਘਬਰਾ ਨੇ ਬੀ ਸਿੰਘਾਂ ਦੇ ਸਿਦਕ ਨੂੰ ਡੋਲਣ ਨਹੀਂ ਦਿੱਤਾ। ਥੋੜ੍ਹੀ ਦੇਰ ਤਕ ਹੋਸ਼ ਰਹੀ, ਵਾਹਿਗੁਰੂ ਦੀ ਧੁਨਿ ਭਰੀ ਹੋਈ ਅਵਾਜ਼ ਨਾਲ ਨਿਕਲਦੀ ਰਹੀ, ਫੇਰ ਚੁੱਪ ਹੋ ਗਈ।

ਸਹਜੇ ਸਹਜੇ ਅੱਗ ਬਲ ਉਠੀ ਤੇ ਸਹਜੇ ਸਾਰੇ ਫੈਲ ਗਈ।

ਲੈ ਅਗਨੀ ਦਿਓਰਾ! ਜੋ ਜੀ ਕਰੇ ਸੋ ਕਾਰ ਕਰ ਲੈ, ਜਿੰਨੇ ਹੱਲੇ ਕਰਨੇ ਹਈ ਕਰ ਤੇ ਕੁੱਦ ਕੁੱਦ ਕੇ ਪਵਿੱਤਰ ਸਰੀਰਾਂ ਨੂੰ ਭੇਖ, ਝਈਆਂ ਲੈ ਲੈ ਕੇ ਕੌਮ ਤੇ ਧਰਮ ਦੇ ਹਿਤੈਸ਼ੀਆਂ ਦੀ ਦੇਹ ਨੂੰ ਧੋ; ਪਰ ਹੁਣ ਤੇਰੀ ਕੁਝ ਵਾਹ ਨਹੀਂ ਚੱਲਣੀ। ਉਹ ਚੀਜ਼ ਤਾਂ ਸਰੀਰਾਂ ਵਿਚੋਂ ਸਹੀ ਸਲਾਮਤ ਨਿਕਲ ਗਈ ਹੈ, ਜਿਸ ਪਿੱਛੇ ਤੈਥੋਂ ਅੱਜ ਜਲਾਦਾਂ ਦਾ ਕੰਮ ਲਿਆ ਗਿਆ ਹੈ। ਉਹ ਪਦਾਰਥ ਉਡ ਗਿਆ ਜਿਸ ਪਿੱਛੇ ਤੂੰ ਬੇਗੁਨਾਹਾਂ ਨੂੰ ਝੋਪਿਆ, ਉਹ ਸੂਖਮ ਅਜਰ ਅਮਰ ਅਗਨੀ ਅਰ ਜਲ ਦੇ ਅਸਲ ਤੋਂ ਅਤ੍ਰਿਕਤ ਰਹਿਣੇ ਵਾਲੀ ਆਤਮਾ ਸੱਚੇ ਪਿਤਾ ਦੇ ਚਰਨਾਂ ਵਿੱਚ ਪਹੁੰਚ ਚੁੱਕੀ ਹੈ। ਅੰਤ ਅੱਗ ਹਾਰ ਗਈ, ਮੱਧਮ ਪੈ ਗਈ, ਕੀਤੇ ਪਰ ਮਾਨੋ ਪਛੁਤਾਈ, ਪੀਲੀ ਭੂਕ ਹੋ ਗਈ। ਛੇਕੜ ਐਸੀ ਸਿਰ ਸੁਆਹ ਪਈਓਸੁ ਕਿ ਹੱਡੀਆਂ ਦੇ ਢੇਰੀ ਪੁਰ ਸੁਆਹ ਦਾ ਢੇਰ ਹੋ ਕੇ ਬਹਿ ਗਈ ਅਰ ਅਨ੍ਹੇਰੀ ਦੇ ਬੁਲ੍ਹਿਆਂ ਨਾਲ ਆਪਣੇ ਸਿਰ ਉਡ ਉਡ ਕੇ ਆ ਪੈਣ ਲੱਗੀ।

## ਕਾਂਡ ਤੇਰ੍ਹਵਾਂ

ਲਖਪਤ ਦਾ ਬਲ ਉਡ ਜਾਣ ਮਗਰੋਂ ਜਦ ਦੀਵਾਨ ਕੌੜਾ ਮਲ ਨੇ ਸਿੰਘਾਂ ਦੀ ਤੇ ਮੀਰ ਮੰਨੂੰ ਦੀ ਸੁਲਹ ਕਰਾ ਦਿੱਤੀ ਸੀ ਤੇ ਇਲਾਕਾ ਪੱਟੀ ਜਾਗੀਰ ਵਿੱਚ ਦੇ ਦਿੱਤਾ ਸੀ ਤਾਂ ਖਾਲਸਾ ਜੀ ਤੈ ਸਾਲ ਕੁਛ ਸੁਖੀ ਰਹੇ ਤੇ ਵਧੇ ਸਨ। 1808 ਵਿੱਚ ਅਹਿਮਦ ਸ਼ਾਹ ਪੰਜਾਬ ਤੇ ਫੇਰ ਚੜ੍ਹ ਆਯਾ। ਤਦੋਂ ਤੀਹ ਹਜ਼ਾਰ ਖਾਲਸਾ ਮੰਨੂੰ ਦੀ ਮਦਦ ਤੇ ਆਯਾ ਤੇ ਦੁਰਾਨੀ ਨਾਲ ਕਈ ਮਹੀਨੇ ਲੜਦਾ ਰਿਹਾ ਸੀ। ਜੰਗ ਵਿੱਚ ਦੀਵਾਨ ਕੌੜਾ ਮਲ ਜੀ ਸ਼ਹੀਦ ਹੋ ਗਏ ਤੇ ਦੁਰਾਨੀ ਮੀਰ ਮੰਨੂੰ ਨੂੰ ਆਪਣਾ ਨਾਇਬ-ਲਾਹੌਰ ਦਾ ਸੂਬਾ ਥਾਪ ਕੇ 1809 ਵਿੱਚ ਕੰਦਾਰ ਟੁਰ ਗਿਆ। ਹੁਣ ਸਿੰਘਾਂ ਨਾਲ ਕੀਤੇ ਕਰਾਰ ਸਾਰੇ ਭੰਨ ਕੇ ਅਚਾਨਕ ਮੀਰ ਮੰਨੂੰ ਸਿੱਖਾਂ ਦੇ ਮਗਰ ਪੈ ਗਿਆ ਸੀ। ਬਾਬੇ ਬੰਦੇ ਤੋਂ ਬਾਦ ਲੜਨ ਵਾਲੇ ਸਿੰਘਾਂ ਦਾ ਵਤੀਰਾ ਇਹ ਸੀ ਕਿ ਓਹ ਵਿਆਹ ਨਹੀਂ ਸਨ ਕਰ ਕਰਦੇ, ਇਨ੍ਹਾਂ ਨੂੰ ਤਦੋਂ ਭੁਜੰਗੀ ਕਹਿੰਦੇ ਸਨ। ਸੋ ਭੁਜੰਗੀ ਤਾਂ ਝਟ ਪਟ ਬਨਾਂ ਝੱਲਾਂ ਨੂੰ ਟੁਰ ਗਏ ਪਰ ਜਿਨ੍ਹਾਂ ਨੇ ਵਿਆਹ ਕਰ ਲਏ ਸੇ ਤੇ ਹੋਰ ਟੱਬਰਦਾਰ ਸਿੰਘ ਬਹੁਤੇ ਫੜੇ ਗਏ ਤੇ ਲਾਹੌਰ ਨਖਾਸ ਵਿੱਚ ਲਿਜਾ ਕੇ ਭਾਂਤਿ ਭਾਂਤਿ ਦੇ ਤਰੀਕਿਆਂ ਨਾਲ ਮਾਰੇ ਗਏ, ਜਿਨ੍ਹਾਂ ਨੇ ਟਾਂਵੇਂ-ਟਾਂਵੇਂ ਹਾਲ ਉਪਰ ਦਿੰਦੇ ਆ ਰਹੇ ਹਾਂ; ਪਰ ਮੀਰ ਮੰਨੂੰ ਖਾਲਸੇ ਦੇ ਦੋਖੀ ਦੋਹੀਆਂ ਨੇ ਹੁਣ ਭੈੜੀ ਪੱਟੀ ਸਿੰਘਾਂ ਦੇ ਟੱਬਰਾਂ ਨੂੰ ਫੜਨ ਤੇ ਦੁੱਖ ਦੇਣ ਦੀ ਪੜ੍ਹਾਈ, ਸੋ ਹੁਣ ਪਰਿਵਾਰਾਂ ਤੇ ਕਸ਼ਟ ਟੁੱਟ ਪਏ ਤੇ ਸਿੰਘਾਂ ਦੀਆਂ ਇਸਤਰੀਆਂ ਬੀ ਉਸ ਵੇਲੇ ਜ਼ੁਲਮਾਂ ਤੋਂ ਨਾ ਬਚੀਆਂ। ਇਕ ਟੋਲਾ ਸਿੰਘਣੀਆਂ ਦਾ ਤੁਰਕਾਂ ਦੇ ਢਹੇ ਚੜ੍ਹ ਗਿਆ ਸੀ, ਜੋ ਮੀਰ ਮੰਨੂੰ ਦੇ ਹੁਕਮ ਅਨੁਸਾਰ ਉਸ ਥਾਂ ਤੇ ਮਸੀਤ ਦੇ ਲਾਗੇ ਕੈਦ ਕੀਤਾ ਗਿਆ ਸੀ ਕਿ ਜਿੱਥੇ ਭਾਈ ਤਾਰੂ ਸਿੰਘ ਜੀ ਸ਼ਹੀਦ ਹੋਏ ਸੇ। ਹੋਰ ਭੀ ਕਈ ਤ੍ਰੀਮਤਾਂ ਥਾਂ-ਥਾਂ ਤੋਂ ਫੜੀਆਂ ਇੱਥੇ ਲਿਆ ਕੇ ਕੈਦ ਕੀਤੀਆਂ ਗਈਆਂ ਅਰ ਇਸੇ ਟੋਲੇ ਵਿਚ ਸਾਡੀ ਸ਼ੀਲਾ ਤੇ ਭੁਜੰਗੀ, ਜੋ ਹਾਕਮ ਨੇ ਪੀਰ ਤੋਂ ਡਰਦੇ ਲਾਹੌਰ ਘੱਲੇ ਸਨ, ਦਾਖਲ ਕੀਤੇ ਗਏ। ਤ੍ਰੀਮਤਾਂ ਪਿੱਲੀਆਂ ਭੂਕ ਵਹਿਮਣਾਂ, ਭਰਮਣਾਂ ਡਰ ਦੀਆਂ ਪੁਤਲੀਆਂ, ਮਨਮਤਣਾਂ ਅਤੇ ਗੁਰੂ ਤੋਂ ਬੇਖਬਰੀਆਂ ਨਹੀਂ ਸਨ। ਇਨ੍ਹਾਂ ਦੇ ਹਿਰਦੇ ਵਿਚ ਧਰਮ ਦਾ ਪੂਰਾ ਅਸਰ ਸੀ। ਇਹ ਇਕ ਪ੍ਰਮੇਸ਼ਰ ਤੋਂ ਬਿਨਾਂ ਕਿਸੇ ਪਰ ਨਿਸ਼ਚਾ ਨਹੀਂ ਰੱਖਦੀਆਂ ਸਨ। ਸਿਵਾ ਪ੍ਰਮੇਸ਼ਰ ਨਾਲ ਪਿਆਰ ਕਰਨ ਦੇ ਕਿਸੇ ਫੋਕਟ ਕਰਮ ਵਿੱਚ ਨਹੀਂ ਲਗਦੀਆਂ ਸਨ। ਇਨ੍ਹਾਂ ਲਈ ਇਹ ਧਰਮ ਸੱਚੀ ਖੁਸ਼ੀ ਦਾ ਕਾਰਨ ਸੀ। ਇਹ ਸੰਸਾਰਕ ਸੁੱਖਾਂ ਦੀ ਖਾਤਰ ਧਰਮ ਤੋਂ ਮੂੰਹ ਮੋੜਨ ਦੇ ਸੁਪਨੇ ਵਿੱਚ ਵੀ ਧਿਆਨ ਨਹੀਂ ਕਰਦੀਆਂ ਸਨ। ਇਹ ਉਹ ਮਾਵਾਂ ਨਹੀਂ ਸਨ ਜੋ ਪੁੱਤਰ ਲੈਣ ਪਿੱਛੇ ਮੜ੍ਹੀਆਂ, ਮਸਾਣਾਂ ਜਾਦੂਆਂ ਦੇ ਮਗਰ ਫਿਰਨ। ਇਹ ਉਹ ਮਾਵਾਂ ਸਨ ਜੋ ਪੁੱਤਰਾਂ ਦੇ ਕਮਰ ਕੱਸੇ ਕਰਾ ਕੇ ਜਗਾ ਵਿੱਚ ਭੇਜਿਆ ਕਰਦੀਆਂ ਸਨ। ਇਹ ਉਹ ਵਹੁਟੀਆਂ ਨਹੀਂ ਸਨ, ਜੋ ਫੈਸਨਾਂ ਦੇ ਮਗਰ ਲਗ ਕੇ ਆਪਣੇ ਆਪ ਨੂੰ ਸਿੰਘਾਰਾਂ ਵਿੱਚ ਸੁੱਟ ਕੇ ਖਿਡਾਉਣਿਆਂ ਵਰਗੀ ਫਬਨ ਨੂੰ ਆਪਣਾ ਜੀਵਨ ਬਣਾ ਲੈਣ; ਸਗੋਂ ਇਹ ਉਹ ਵਹੁਟੀਆ ਸਨ ਜੋ ਭਾਂਜ ਖਾ ਕੇ ਨੱਸੇ ਹੋਏ ਜੀਉਂਦੇ ਪਤੀ ਨੂੰ ਦੇਖਣ ਨਾਲੋਂ ਬਹਾਦਰੀ ਵਿੱਚ ਸ਼ਹੀਦ ਹੋਏ ਹੋਏ ਨੂੰ ਦੇਖ ਕੇ ਖੁਸ਼ ਹੁੰਦੀਆਂ ਸਨ ਤੇ ਜੰਗ ਵਿੱਚ ਤੁਰਨ ਲੱਗਿਆਂ ਨੂੰ ਕਿਹਾ ਕਰਦੀਆਂ ਸਨ-

ਬੀਰਾ! ਰਣ ਮੇਂ ਜਾਇਕੇ ਲੋਹਾ ਲਗੇ ਕਲੰਕ।

ਏਹ ਉਹ ਭੈਣਾਂ ਸਨ ਜੋ ਵੀਰਾਂ ਨੂੰ ਰਣਭੂਮੀ ਵਿੱਚ ਤੋਰ ਕੇ ਅਸੀਸ ਦਿੰਦੀਆਂ ਸਨ -

ਵੀਰ! ਚਲੇ ਹੋ ਰਣ ਵਿਖੇ, ਸਨਮੁਖ ਜੰਗ ਜੁੜੋ,

ਸਿਰ ਦੇਵੋ ਜਾਂ ਸਿਰ ਲਵੋ, ਪਿਠ ਦੇ ਨਾਹਿੰ ਮੁੜ।

ਏਹ ਉਹ ਧੀਆਂ ਸਨ ਜੋ ਪਿਤਾ ਦੀ ਸ਼ਹੀਦੀ ਦੀ ਖਬਰ ਸੁਣ ਕੇ ਕਿਹਾ ਕਰਦੀਆਂ ਸਨ -

ਅਮਰ ਭਏ ਹੁਣ ਪਿਤਾ ਜੀ ਜਨਮ ਨ ਮਰਨ ਕਦੀ।

ਮੈਂ ਨ ਮਹਿੱਟਰ ਬਣਾਂ, ਹੁਣ, ਬਾਪੂ! ਜੁਗ ਜੁਗ ਜੀ।

ਹੁਣ ਕਰਨੀ ਕਰਤਾਰ ਦੀ ਐਸੀ ਆ ਹੋਈ ਵਿਚਾਰੀਆਂ ਸਿੰਘਣੀਆਂ ਆਪ ਫਸ ਗਈਆਂ, ਨਿਸ਼ਚੇ ਤੇ ਪਰਤਾਵ ਦਾ ਵੇਲਾ ਆ ਗਿਆ। ਜੋ ਕਿਹਾ ਕਰਦੀਆ ਸਨ ਆਪ ਕਰਕੇ ਦਿਖਲਾਉਣਾ ਪਿਆ।

ਪਹਿਲੇ ਤਾਂ ਪਤੀਆਂ ਦੇ ਵਿਛੋੜਿਆਂ ਦਾ ਦੁਖ, ਉੱਤੇ ਡਾਢਿਆਂ ਦੀ ਕੈਦ ਭੁਗਤਣੀ ਪਈ। ਕਈ ਦਿਨ ਕਿਸੇ ਨੇ ਵਾਤ ਨਾ ਪੁੱਛੀ, ਅੱਠੀਂ ਪਹਿਰੀ ਛੋਲਿਆਂ ਦੀ ਰੋਟੀ ਤੇ ਛੰਨਾ ਪਾਣੀ ਦਾ ਮਿਲੇ, ਨਾ ਨਾਹੁੰਣਾ, ਨਾ ਧੋਣਾ, ਨਾ ਹੱਸਣਾ ਨਾ ਖੇਡਣਾ, ਨਾ ਕਈ ਸਫਾਈ ਨਾ ਸੁਖ, ਨਰਕ ਦੇ ਵਾਸੀਆਂ ਵਾਂਗ ਮੈਲੀ ਦਸ਼ਾ ਹੋ ਗਈ। ਅੰਵਾਣੇ ਬਾਲ ਭੁੱਖ ਦੇ ਹੋਟੇ ਵਿਲੂੰ ਵਿਲੂੰ ਪਏ ਕਰਨ, ਪਰ ਵਾਹ ਸਿੰਘਣੀਆਂ ਦੇ ਆਪੋ ਵਿੱਚ ਦੇ ਪਿਆਰ। ਜਿੰਨ੍ਹਾਂ ਦੇ ਕੁੜਛ ਬਾਲ ਨਹੀਂ ਸਨ, ਉਹ ਚੱਪਾ ਚੱਪਾ ਰੋਟੀ ਘੱਟ

ਖਾਂਦੀਆਂ ਅਰ ਉਹ ਟੁਕਟ ਬਾਲਾਂ ਵਾਲੀਆਂ ਨੂੰ ਜਾਂ ਬਾਲਾਂ ਨੂੰ ਖੁਆਲਦੀਆਂ ਤੇ ਉਹ ਕਸ਼ਟ ਨੂੰ ਆਪੋ ਵਿੱਚ ਵੰਡ ਕੇ ਭੋਗਦੀਆ। ਬਾਣੀ ਦਾ ਪਾਠ  ਕਰਦੀਆਂ, ਗੁਰੂ ਪਰਮੇਸ਼ੁਰ ਨੂੰ ਧਿਆਉਂਦੀਆਂ, ਇੱਕੁਰ ਦੁਖ ਦੇ ਦਿਨ ਕੱਟਦੀਆਂ। ਹੁਣ ਮੀਰ ਮੰਨੂੰ ਨੇ ਹੁਕਮ ਦੇ ਦਿੱਤਾ ਕਿ ਸਭਨਾਂ ਨੂੰ ਤੁਰਕ ਬਣਾਓ, ਜਿਹੜੀ ਨਾ ਮੰਨੇ ਉਸ ਨੂੰ ਸਵਾ ਮਣ ਦਾਣੇ ਦੇ ਕੇ ਚੱਕੀ ਤੇ ਲਾਓ, ਜੇ ਨਾ ਪੀਹੇ ਤਦ ਕੋਰੜੇ ਮਾਰੋ। ਇਹ ਹੁਕਮ ਸਾਰੇ ਸੁਣਾਇਆ ਗਿਆ। ਹੁਣ ਵਿਚਾਰੀਆਂ ਦੇ ਅੱਗੇ ਚੱਕੀਆਂ ਲਾਈਆਂ ਗਈਆਂ ਤੇ ਦਾਣੇ ਧਰੇ ਗਏ। ਕਰਤਾਰ ਦਾ ਭਾਣਾ ਸਿਰ ਮੱਥੇ ਤੇ ਮੰਨ ਕੇ ਅਰਦਾਸਾ ਸੋਧ ਕੇ ਸਿਰ ਪਈ ਤੇ ਕੱਟਣ ਨੂੰ ਤਿਆਰ ਹੋ ਗਈਆਂ ਜਿਨ੍ਹਾਂ ਦੇ ਨਿਆਣੇ ਨਾ ਸੈ ਤੇ ਪਿੰਡਾਂ ਦੀਆਂ ਸਨ ਉਹ ਤਾਂ ਦਿਨ ਚੜ੍ਹਦੇ ਤਕ ਔਖੀਆਂ ਹੋ ਹਵਾ ਕੇ ਪੀਹਣ ਪੀਹ ਬੈਠਿਆ, ਪਰ ਹਾਇ! ਸ਼ਹਿਰਾਂ ਤੇ ਅਮੀਰ ਘਰਾਂ ਦੀਆਂ ਸਿੰਘਣੀਆਂ ਲਈ ਇਹ ਬੜਾ ਔਖਾ ਸੀ। ਇਹ ਵਿਚਾਰੀਆਂ ਚੱਕੀ ਪੀਂਹਦੀਆਂ ਹਨ, ਬਾਣੀ ਪੜ੍ਹਦੀਆਂ ਹਨ, ਗੁਰੂ ਗੋਹਿੰਦ ਸਿੰਘ ਜੀ ਦੇ ਕਸ਼ਟਾਂ ਨੂੰ ਸੋਚਦੀਆਂ ਹਨ, ਗੁਰੂ ਤੇਗ ਬਹਾਦਰ ਜੀ, ਗੁਰੂ ਅਰਜਨ ਦੇਵ ਜੀ ਦੇ ਅਸਹਿ ਖੇਦਾਂ ਦੇ ਨਕਸ਼ੇ ਅੱਖਾਂ ਅੱਗੇ ਲਿਆ ਕੇ ਆਪਣੇ ਦੁਖਾਂ ਨੂੰ ਸੁਖ ਸਮਝ ਕੇ ਸਿਰ ਪਈ ਨੂੰ ਬਿਤਾਉਂਦੀਆਂ ਹਨ, ਪਰ ਹਾਇ ਡਾਢੇ ਦੀ ਵਗਾਰ! ਹੱਥਾਂ ਨੂੰ ਛਾਲੇ, ਬਾਹਾਂ ਵਿੱਚ ਪਿੰਨ ਪੈ ਰਹੇ ਹਨ, ਮਣ ਮਣ ਦੀ ਬਾਂਹ ਹੋ ਰਹੀ ਹੈ, ਮਾਨੋ ਸਾਰੇ ਸਰੀਰ ਦਾ ਲਹੂ ਇਨ੍ਹਾਂ ਵਿੱਚ ਆ ਵੜਿਆ ਹੈ। ਲੱਕ ਥੱਕ ਕੇ ਸਰੀਰ ਦਾ ਭਾਰ ਚੁੱਕਣੋਂ ਨਾਂਹ ਕਰ ਰਿਹਾ ਹੈ। ਸੁਹਲ ਸ਼ੀਲ ਕੌਰ ਵਲ ਦੇਖੋ, ਰਾਜ ਘਰ ਦੀ ਪਲੀ ਹੋਈ, ਗੋਲੀਆਂ ਜਿਸ ਦੇ ਅੱਗੇ ਹੱਥ ਬੰਨ੍ਹ ਖੜੋਂਦੀਆਂ ਸਨ, ਧਰਮ ਪਿੱਛੇ ਕਿਸ ਅਪਦਾ ਦੇ ਮੂੰਹ ਆ ਗਈ ਹੈ। ਗੋਰੀਆਂ ਗੋਰੀਆਂ ਬਾਹਾਂ ਲਾਲ ਹੋ ਗਈਆਂ ਹਨ; ਚਿਹਰਾ ਮੁਰਝਾ ਗਿਆ ਹੈ। ਜਦੋਂ ਪਿਆਰਾ ਲਾਲ ਮਾਂ ਦੇ ਹੱਥ ਫੜ ਕੇ ਵਾਸਤੇ ਪਾਉਂਦਾ ਹੈ, ਅੰਮਾਂ ਜੀ! ਤੁਸੀਂ ਸਾਹ ਕੱਢ ਲਵੋ ਪਲ ਭਰ, ਮੈਂ ਚੱਕੀ ਫੇਰਦਾ ਹਾਂ। ਮਾਂ, ਮਮਤਾ ਦੀ ਮਾਰੀ ਮਾਂ, ਐਡਾ ਕਰੜਾਂ ਕੰਮ ਪੁੱਤਰ ਨੂੰ ਕਿੱਕੁਰ ਦੇਵੇ? ਸਰੀਰ ਬੀ ਥੱਕ ਕੇ ਚੂਰ ਹੋ ਗਿਆ ਹੈ, ਪੁੱਤਰ ਭੀ ਖਹਿੜਾ ਨਹੀਂ ਛੱਡਦਾ, ਹਾਰ ਕੇ ਹੱਥ ਚੁੱਕ ਲੈਂਦੀ ਹੈ। ਗੁਲਾਬ ਵਰਗਾ ਬਾਲਕ ਮਾਂ ਦੇ ਦੁਖੜੇ ਵੰਡਾਉਂਦਾ ਹੈ, ਪਰ ਹਫ ਹਫ ਜਾਂਦਾ ਹੈ। ਇਸ ਬਿਪਤਾ ਵਿੱਚ ਇਨ੍ਹਾਂ ਗੁਰੂ ਦੀਆਂ ਪਿਆਰੀਆਂ ਸਿੰਘਣੀਆਂ ਦਾ ਹਾਲ ਦੇਖੇ ਸੁਣੇ ਦਾ ਬੜਾ ਫਰਕ ਹੈ। ਜੋ ਤ੍ਰੀਮਤ ਤਕੜੀ ਹੈ ਅਰ ਆਪਣੀ ਬਿਪਤਾ ਪੂਰੀ ਕਰ ਚੁੱਕੀ ਹੈ, ਉਹ ਭਾਵੇਂ ਕਿੱਡੀ ਥੱਕ ਗਈ ਹੋਵੇ ਕਿਸੇ ਨਿਰਬਲ ਨੂੰ ਦੁਖੀ ਦੇਖ ਕੇ ਉਸਦਾ ਹੱਥ ਵਟਾ ਰਹੀ ਹੈ, ਕਿਤੇ ਦੋ ਦੋ ਲੱਗ ਰਹੀਆਂ ਹਨ। ਇੱਕ ਥੰਮੋ ਨਾਮੇ ਤਕੜੀ ਸਿੰਘਣੀ ਨੇ ਸ਼ੀਲਾ ਨੂੰ ਡਿੱਠਾ ਤੇ ਰੋ ਕੇ ਬੋਲੀ, ਪਿਆਰੀ! ਤੂੰ ਤਾਂ ਸੁੰਦਰੀ ਵਰਗੀ ਜਾਪਦੀ ਹੈਂ, ਹਾਇ! ਉਸ ਧਰਮ ਦੀ ਮੂਰਤੀ ਨੇ ਬੀ ਬੜੇ ਖੇਦ ਪਾਏ ਸਨ ਪਰ ਅੰਤ ਤਕ ਕਦੇ ਨਹੀਂ ਸੀ ਡੋਲੀ। ਉਸ ਨੇ ਕੁਛ ਚਿਰ ਹੋਇਆ ਕਿ ਸਰੀਰ ਤਿਆਗਿਆ ਹੈ। ਸ਼ੀਲ ਕੌਰ ਦਾ ਨਾਲੇ ਇਸ ਨੇ ਹੱਥ ਵਟਾਇਆ ਹੈ; ਨਾਲੇ ਸੁੰਦਰੀ ਦੀ ਕਥਾ ਸੁਣਾਈ। ਇਸ ਪ੍ਰਕਾਰ ਸਿੰਘਣੀਆਂ ਨੇ ਆਪਣੀ ਮੁਸ਼ੱਕਤ ਤੋਂ ਵਿਹਲੀਆਂ ਹੋ ਕਰਤਾਰ ਅੱਗੇ ਅਰਦਾਸੇ ਸੋਧੇ –

ਹੇ ਅਕਾਲ ਪੁਰਖ ਸੁਆਮੀ! ਸਾਨੂੰ ਸਿਦਕ ਬਖਸ਼ੀਓ, ਭਾਵੇਂ ਅਸੀਂ ਸਰੀਰਾਂ ਕਰਕੇ ਅਬਲਾ ਹਾਂ ਪਰ ਮਨ ਸਾਡੇ ਤੁਸਾਂ ਬਲਵਾਨ ਕੀਤੇ ਹਨ ਤੇ ਪਵਿੱਤਰ ਸਤਿ ਧਰਮ ਬਖਸ਼ਿਆ ਹੈ। ਤੂੰ ਬਿਰਦ ਦੀ ਲਾਜ ਰੱਖੀਂ। ਅਸੀਂ ਤਸੀਹੇ ਭੋਗੀਏ, ਪਰ ਧਰਮ ਨਾ ਹਾਰੀਏ, ਟੁਕ ਟੁਕ ਵੱਢੀਆਂ ਜਾਈਏ ਪਰ ਮਨੀ ਸਿੰਘ ਵਾਂਗ ਸਿਦਕੋਂ ਮੂੰਹ ਨਾ ਮੋੜੀਏ। ਤੂੰ ਸੱਚ ਅਰ ਪ੍ਰੇਮ ਹੈਂ, ਤੇਰੇ ਬੋਲ ਨਾਲ ਤੇਰੇ ਨਾਮ ਤੋਂ ਸਦਕੇ ਹੋ ਜਾਈਏ। ਜਿੰਦ ਵਾਰੀਏ, ਪਰ ਆਪਣੇ ਇਸ਼ਟ ਤੋਂ ਮੂੰਹ ਨਾ ਮੋੜੀਏ। ਸਭ ਕੁਝ ਜਾਏ, ਹੇ ਕਰਤਾਰ! ਸ਼ੀਲ ਧਰਮ ਨਾ ਜਾਏ! ਤਲਵਾਰਾਂ ਦੇ ਜੌਰਰ ਚੱਖੀਏ, ਪਰ ਕੱਚ ਤੇ ਝੂਠ ਨਾ ਵਿਹਾਝੀਏ। ਐਸੀਆਂ ਬੇਨਤੀਆਂ ਕਰ ਕਰ ਕਸ਼ਟਾਂ ਨੂੰ ਬਿਤਾਉਂਦੀਆਂ। ਕਦੀ ਤੁਰਕ ਆ ਕੇ ਕੁਝ ਭਰਮਾਉਣ ਦਾ ਜਤਨ ਕਰਦੇ ਜਾਂ ਦਾਬੇ ਧੌਂਸੇ ਦਿੰਦੇ ਤਦ ਸ਼ੇਰ ਵਾਂਗ ਭਬਕ ਕੇ ਸਿੰਘਣੀਆਂ ਉਤਰ ਦਿੰਦੀਆਂ। ਇਸ ਤਰ੍ਹਾਂ ਇਕੱ ਦਿਨ ਪਰਤਾਵੇ ਲਈ ਇਕ ਡੰਗ ਰੋਟੀ ਬੀ ਬੰਦ ਕਰ ਦਿੱਤੀ ਗਈ। ਮੁਸ਼ੱਕਤਾਂ ਕਰਨੀਆਂ ਤੇ ਕੈਦਾਂ ਭੋਗਣੀਆਂ, ਉਤੋਂ ਰੋਟੀ ਨਾ ਲੱਭਣੀ।

ਜਿਨ੍ਹਾਂ ਨੇ ਚਾਰ ਚਾਰ ਵੇਲੇ ਰੱਜ ਖਾਧੀਆਂ ਹੋਣ ਅਰ ਹਾਜ਼ਮਿਆਂ ਦੇ ਚੂਰਨ ਤੇ ਸੋਡਾ ਵਾਟਰਾਂ ਨਾਲ ਮਠਿਆਈਆਂ ਨੂੰ ਪਚਾਇਆ ਹੋਵੇ, ਉਨ੍ਹਾਂ ਨੂੰ ਇਨ੍ਹਾਂ ਪੀੜਾਂ ਦਾ ਹਾਲ ਕੀ ਮਾਲੂਮ? ਜਿਨ੍ਹਾਂ ਨੇ ਵਰਤ ਰੱਖ ਕੇ ਬੀ ਫਲੋਹਾਰਾਂ ਤੇ ਪੇੜਿਆਂ ਦੀਆਂ ਟੋਕਰੀਆਂ ਤੇ ਸ਼ਰਬਤਾਂ ਦੇ ਘੋੜਿਆਂ ਨੂੰ ਹੱਥ ਫੇਰੇ ਹੋਣ, ਉਹ ਮੁਸ਼ਕਤਾਂ ਤੇ ਭੁੱਖ ਨੂੰ ਕੀ ਜਾਨਣ? ਹਾਂ ਜਿਨ੍ਹਾਂ ਨੇ ਭੁੱਖ ਦੇ ਦੁੱਖ ਡਿੱਠੇ ਹਨ ਉਹ ਰੋ ਰੋ ਕੇ ਇਹ ਕਹਿੰਦੇ ਹਨ – "ਬਾਬਾ! ਮੈਤੋਂ ਭੁੱਖ ਬੁਰੀ।"

ਇਕ ਦਿਨ ਸਿੰਘਣੀਆਂ ਨੂੰ ਚਾਬਕ ਬੀ ਮਰਵਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਿੱਖਿਆ ਪਾ ਕੇ ਸੱਚ ਉਤੇ ਦ੍ਰਿੜ੍ਹ ਹੋਈਆਂ ਨੇ ਸਰੀਰਕ ਕਸ਼ਟਾਂ ਨੂੰ ਝੱਲਿਆ। ਉਨ੍ਹਾਂ ਨੇ ਧਰਮ ਨੂੰ ਆਪਣੇ ਦੁਖੀ ਸਰੀਰ ਦੇ ਅੰਦਰਲੇ ਕਸ਼ਟਾਤੁਰ ਮਨ ਤੋਂ ਬੀ ਅੰਦਰਲੇ ਆਪੇ ਦੇ ਡੱਬ ਵਿੱਚ ਸੰਭਾਲ ਰੱਖਿਆ ਹੋਇਆ ਸੀ, ਕੌਣ ਓਥੋਂ ਉਸ ਲਾਲ ਨੂੰ ਹਿਲਾਉਂਦਾ?

ਇਨ੍ਹਾਂ ਜਲਾਦਣੀਆਂ ਵਿਚੋਂ ਇੱਕ ਸ਼ੀਲ ਕੌਰ ਦੇ ਪੇਕੇ ਦੀ ਸੀ। ਉਸ ਨੂੰ ਸ਼ੀਲ ਕੌਰ ਦੇ ਪਿਤਾ ਦਾ ਹਾਲ ਮਾਲੂਮ ਸੀ ਕਿ ਤਾਰਾ ਸਿੰਘ ਵਾਂਈਂਏਂ ਦੇ ਨਾਲ ਉਹ ਕਿਸ ਬਹਾਦਰੀ ਨਾਲ ਸ਼ਹੀਦ ਹੋਇਆ ਸੀ ਅਰ ਕੇਵਲ ਇੱਕੋ ਧੀ ਬਾਕੀ ਛੱਡ ਗਿਆ ਸੀ, ਜਿਸ ਨੂੰ ਉਸ ਦੇ ਚਾਚੇ ਨੇ ਇੱਕ ਮੁਕੱਦਮਾ ਜਿੱਤਣ ਦੀ ਖਾਤਰ ਚੂਹੜ ਮੱਲ ਦੇ ਪੁਤਰ ਨਾਲ ਵਿਆਹ ਦਿੱਤਾ ਸੀ। ਅੱਜ ਉਸ ਨੂੰ ਸਿੰਘਣੀਆ ਵਿੱਚ ਖੇਦ ਪਾਉਂਦੀ ਦੇਖ ਕੇ ਨਾ ਰਹਿ ਸਕੀ ਅਰ ਬੋਲ ਉਠੀ –

ਪਿਤਾ ਪਰ ਪੂਤ ਮਾਤ ਪਰ ਘੋੜਾ। ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ। ਬੱਚੀਏ! ਤੂੰ ਕਿਥੋਂ ਚੂਹੜ ਮੱਲ ਵਰਗੇ ਦੇ ਘਰ ਰਹਿਣ ਜੋਗੀ ਸੋਂ। ਤੂੰ ਤਾਂ ਪਤੀ ਨੂੰ ਵੀ ਸਿੱਖ ਬਣਾ ਕੇ ਸ਼ਹੀਦ ਕਰਵਾਇਆ ਹੋਣਾ ਹੈ। ਤੇਰੀ ਮਾਂ ਵੀ ਖੇਦ ਸਹਿ ਕੇ ਚੜ੍ਹੀ ਸੀ,

ਤੂੰ ਬੀ ਮਾਪਿਆ ਵਾਂਘ ਆ ਫਸੀ। ਸਿੰਘ ਦੀ ਉਲਾਦ ਭਾਵੇਂ ਕਿਤੇ ਚਲੀ ਜਾਵੇ, ਜ਼ਰੂਰ ਆਪਣੇ ਜੌਹਰ ਦੱਸੇ ਪਰ ਦੱਸੇ।

ਭਾਵੇਂ ਇਹ ਕਰੜਾਈ ਕਰਨ ਵਾਸਤੇ ਆਈ ਸੀ, ਪਰ ਇਨਸਾਨੀ ਦਿਲ ਆਖਰ ਦਿਲ ਹੈ, ਇਹ ਤ੍ਰੀਮਤ ਸ਼ੀਲਾ ਤੇ ਤਰਸ ਖਾ ਕੇ ਚੂਹੜ ਮੱਲ ਦੇ ਘਰ ਪਹੁੰਚੀ ਅਰ ਸ਼ੀਲਾ ਦੀ ਸੱਸ ਨੂੰ ਸਾਰਾ ਹਾਲ ਕਹਿ ਆਈ। ਉਹ ਦੁਖਿਆਰਨ ਅੱਗੇ ਹੀ ਗਮਾਂ ਵਿੱਚ ਡੁੱਬੀ ਰਹਿੰਦੀ ਸੀ, ਹੋਰ ਬੀ ਵਹਿਣਾਂ ਵਿੱਚ ਗਰਕ ਹੋ ਗਈ। ਪਰ ਤੀਮੀਂ ਅਕਲ ਵਾਲੀ ਸੀ, ਇਸ ਜਰਵਾਣੀ ਨੂੰ ਰੁਪਏ ਦੇ ਕੇ ਬੋਲੀ ਕਿ ਕਿਵੇਂ ਮੇਰੀ ਨੂੰਹ ਤੇ ਪੋਤਰੇ ਨੂੰ ਕੱਢ ਕੇ ਮੇਰੇ ਪਾਸ ਪੁਚਾ ਦੇਹ। ਇਸ ਚਲਾਕ ਤੀਵੀਂ ਨੇ ਲਾਲਚ ਵਿਚ ਆ ਕੇ ਉਨ੍ਹਾਂ ਦੋਹਾਂ ਨੂੰ ਕੱਢਣੇ ਦੇ ਜਤਨ ਕੀਤੇ, ਪਰ ਪੇਸ਼ ਕੋਈ ਨਾ ਗਈ।

ਮੀਰ ਮੰਨੂੰ ਸਿੰਘਣੀਆਂ ਦੇ ਹਠ ਤੋਂ ਬਹੁਤ ਅਸਚਰਜ ਹੋ ਕੇ ਇਕ ਦਿਨ ਆਪ ਉਥੇ ਪਹੁੰਚਾ ਅਰ ਉਨ੍ਹਾਂ ਨੂੰ ਧਰਮ ਛੱਡਣ ਲਈ ਪ੍ਰੇਰਨਾ ਕਰਵਾਈ। ਪਰ ਉਨ੍ਹਾਂ ਨੇ ਨਾਂਹ ਵਿੱਚ ਉੱਤਰ ਦਿੱਤੇ।

ਸਿੰਘਣੀ ਆ ਕੋ ਕਹਯੋ ਮੰਨੂੰ ਤੁਮ ਦੀਨ ਕਬੂਲ।

ਮਨ ਵਾਂਛਤ ਸੁਖ ਭੁਗੋ ਬੈਠੀਆਂ ਪਲਣੇ ਝੂਲੋ.....।

ਸੁਣ ਸਿੰਘਣੀਆਂ ਕਹਯੋ, ਦੀਨ ਹਮ ਸਾਚਾ ਲੀਓ। ਹੇਤ ਤਾਰਨੇ ਸੁਤ ਅਕਾਲ ਨੇ ਹਮ ਕੋ ਦੀਓ। ਔਰ ਮਜ਼ਬ ਹੈਂ ਜਿਤਕ ਸਭੀ ਬੰਦਣੋ ਨੇ ਕੀਏ। ਰਚ ਬਨਾਵਟੀ ਕੂਰ ਪ੍ਰਭੂ ਤੇ ਬੇਮੁਖ ਥੀਏ। ਗੁਰਮਤਿ ਸਚਾ ਲਾਲ ਛੱਡ ਕਚ ਕਯੋਂ ਗਹਿੰ ਥਾਰਾ? ਬੇਈਮਾਨ ਬਨ ਜੀਐਂ ਕਹੋ ਕਬ ਲੈ ਸੰਸਾਰਾ? ਰੋਗ, ਸੋਗ, ਭੁਖ, ਦੁਖ, ਕਾਲ, ਕਰਮਨ ਕਾ ਲੇਖੋ। ਭੋਗਨ ਪੜ ਹੈਂ ਸਰਬ ਮਜ਼ਬ ਮੈਂ ਇਕ ਸਮ ਦੇਖੋ। (ਪੰਥ ਪ੍ਰਕਾਸ਼ ਭਾਈ ਗਿਆਨ ਸਿੰਘ ਨਿਵਾਸ ੮੨)

ਇਹ ਉਤਰ ਸੁਣ ਕੇ ਮੀਰ ਮੰਨੂੰ ਅੱਗ ਭਬੂਕਾ ਹੋ ਗਿਆ ਅਰ ਕਹਿਰਵਾਨ ਹੋ ਕੇ ਬੋਲਿਆ, ਇਨ੍ਹਾਂ ਕਾਫਰਾਂ ਦੀ ਜਿੰਦ ਤੇ ਦੀਨ ਜਦ ਦੇਖਦੇ ਕਰੜੇ ਹੀ ਦੇਖੇ।

ਗੱਲ ਕੀਹ ਹੁਣ ਕਹਿਰਵਾਨ ਮੰਨੂੰ ਦੇ ਕ੍ਰੋਧ ਨਾਲ ਭੜਕੇ ਹਿਰਦੇ ਨੇ ਹੁਕਮ ਦਿੱਤਾ। ਪੰਜ ਸੱਤ ਸਵਾਰ ਨਿਕਲੇ, ਸਿਪਾਹੀ ਘੇਰਾ ਪਾ ਖਲੋਤੇ। ਮਾਵਾਂ ਦੇ ਕੁੱਛੜਾਂ ਤੋਂ ਨਿਆਣੇ ਪੁੱਤਰ ਖੋਹ ਕੇ ਚੀਰ ਕੇ ਖਿਦੂ ਵਾਂਗ ਅਸਮਾਨ ਤੇ ਸਿੱਟਦੇ ਹਨ; ਡਿੱਗਦੇ ਦੇ ਹੇਠ ਨੇਜ਼ੇ ਧਰ ਕੇ ਉਨ੍ਹਾਂ ਪਰੋਂਦੇ ਹਨ ਜੋ ਅਤਿ ਚਿਚਲਾ ਚਿਚਲਾ ਤੇ ਲੁੱਛ ਲੁੱਛ ਕੇ ਜਿੰਦ ਤੋੜਦੇ ਹਨ।

ਸਿੰਘਣੀਆਂ ਕੇ ਬੱਚੇ ਲੈ ਕੇ। ਉਨ ਕੇ ਮਨਮੁਖ ਉਨ੍ਹੇ ਦਿਖੈ ਕੇ। ਊਪਰ ਕੋ ਉਛਾਲ ਕੱਟ ਸੁੱਟ ਹੈਂ, ਕਰ ਅਤਿ ਜ਼ੁਲਮ ਜੜ੍ਹਾਂ ਨਿਜ ਪੁਟ ਹੈਂ। ਬਰਛਿਆਂ ਮਾਂਹਿ ਅਨੇਕ ਪਰੋਏ। ਸ਼ੀਰਖੋਰ ਤੜਫਾ ਇਮ ਕੋਹੇ। (ਪੰਥ ਪ੍ਰਕਾਸ਼ ਪੰਨਾ ੭੧੦)

ਮਾਵਾਂ! ਹਾਇ ਪੁੱਤਾਂ ਦੀਆ ਪਿਆਰੀਆਂ ਮਾਵਾਂ, ਆਪਣੇ ਬੱਚਿਆਂ ਦੀ ਡਰਾਉਣੀ ਮੌਤ ਵੱਲ ਮੁਸ਼ਕਾਂ ਕੱਸੀਆਂ ਬੈਠੀਆਂ ਕਿਸ ਬੇਬਸੀ ਨਾਲ ਦੇਖ ਰਹੀਆਂ ਹਨ। ਐਡੇ ਕਰੜੇ ਦੁੱਖ ਨੂੰ ਦੇਖ ਕੇ ਪਾਣੀ ਵੀ ਅੱਖਾਂ ਵਿੱਚ ਪੱਥਰ ਹੋ ਜਾਂਦਾ ਹੈ, ਪਰ ਬਹਾਦਰ ਸਿੰਘਣੀਆਂ ਦੇਖਦੀਆਂ ਹਨ ਤੇ ਆਖਦੀਆਂ ਹਨ - ਵਾਹਿਗੁਰੂ-ਵਾਹਿਗੁਰੂ! ਤੇਰੀ ਗੋਦ ਸਦਾ ਹਰੀ, ਸਦਾ ਹਰੀ ਗੋਰ ਵਿੱਚ ਲੈ ਲਓ ਆਪਣੇ ਬਾਲ।

ਜਦ ਸ਼ੀਲ ਕੌਰ ਦੇ ਦੁਲਾਰੇ ਦੀ ਵਾਰੀ ਆਈ ਤਦ ਮੀਰ ਮੰਨੂੰ ਉਸ ਦੀ ਸੁੰਦਰ ਸ਼ਕਲ ਵੇਖ ਕੇ ਐਦਾਂ ਚਕ੍ਰਿਤ ਹੋ ਕੇ ਠਿਠਰਿਆ ਕਿ ਜਿਵੇਂ ਅੱਗ ਦਾ ਭਬਾਕਾ ਠੰਢੇ ਜਲ ਤੇ ਪੈਣ ਠਰ ਜਾਂਦਾ ਹੈ। ਉਹ ਜਰਵਾਣੀ ਬੀ ਵੱਢੀ ਖਾ ਕੇ, ਜਿਸ ਦਾ ਹਾਲ ਪਿੱਛੇ ਕਿਹਾ ਹੈ, ਉਨ੍ਹਾਂ ਦੇ ਬਚਾਉ ਵਿੱਚ ਤਿਆਰ ਹੋਈ ਹੋਈ ਕਈ ਹੀਲੇ ਕਰਦੀ ਰਹੀ ਸੀ ਅਰ ਹੁਣ ਤੀਕ ਬਚਾਈ ਰੱਖਿਆ ਸੂ; ਪਰ ਸ਼ੋਕ! ਜ਼ਾਲਮ ਦੀ ਤਿੱਖੀ ਨਜ਼ਰ ਤੋਂ ਸੂਰਜ ਵਿੱਚ ਚਮਕਦੇ ਧਰਮੀਆਂ ਨੂੰ ਛਲਦੇ ਪਤਲੇ ਪਰਦੇ ਨਾਲ ਕੱਜ ਨਾ ਸਕੀ। ਦੇਖੀਏ ਮੰਨੂੰ ਇਨ੍ਹਾਂ ਨਾਲ ਕੀ ਕਰਦਾ ਹੈ? ਕੀ ਇਸਦੇ ਅੰਦਰ ਸਿੱਖਾਂ ਨਾਲ ਸਖਤੀ ਕਰਦੇ ਕਰਦੇ ਸਖਤੀ ਦੇ ਪਦਾਰਥ ਭਰ ਗਏ ਹਨ, ਅਰ ਸਾਰੇ ਔਗੁਣਾਂ ਵਿੱਚ ਬਦਲ ਗਏ ਹਨ? ਦਯਾ, ਤਰਸ, ਹਮਦਰਦੀ, ਜੀਵ ਰੱਖਿਆ ਕੋਈ ਉਸ ਅਪਾਹਜ ਹਿਰਦੇ ਵਿੱਚ ਬਾਕੀ ਨਹੀਨ ਜੋ ਸਾਡੀ ਦੁਖਯਾਰਨ ਸ਼ੀਲ ਲਈ ਸਿਫਾਰਸ਼ ਕਰੇ? ਪਰ ਸਿਆਣੇ ਆਖਦੇ ਹਨ ਕਿ ਬਾਜ਼ੇ ਵੇਲ ਬੁਰੇ ਕਾਰਨਾਂ ਤੋਂ ਭੀ ਭਲੇ ਕਾਰਜ ਨਿਕਲ ਪੈਂਦੇ ਹਨ; ਜੋ ਕਰਨੇ ਵਾਲੇ ਦੀ ਨਿਯਤ ਵਿੱਚ ਨਹੀਂ ਹੁੰਦੇ। ਸ਼ੀਲਾ ਦੀ ਸੁੰਦਰਤਾ ਦੇਖ ਕੇ ਕ੍ਰੋਧਾਤੁਰ ਹਿਰਦੇ ਵਿੱਚ ਭੈੜੀ ਵਾਸ਼ਨਾ ਉਪਜੀ ਅਰ ਸਿੰਘਣੀ ਨੂੰ ਆਪਣੀ ਬੇਗਮ ਬਨਾਉਣੇ ਦਾ ਸ਼ੌਕ ਪੈਦਾ ਹੋਇਆ; ਝੱਟ ਹੁਕਮ ਦੇ ਦਿੱਤਾ ਕਿ ਇਸ ਨੂੰ ਬੱਚੇ ਸਮੇਤ ਮਹਿਲਾਂ ਵਿੱਚ ਭੇਜ ਦਿਓ।

ਵਜ਼ੀਰ - ਹਜ਼ੂਰ! ਇਤਨੀ ਸਖਤੀ ਇਨ੍ਹਾਂ ਨਾਲ ਕੀਤੀ, ਪੁੱਤਰ ਮਾਰੇ, ਕਿਸੇ ਨੇ ਦੀਨ ਕਬੂਲ ਨਹੀਂ ਕੀਤਾ, ਇਹ ਕਿੱਕੁਰ ਕਬੂਲ ਕਰੇਗੀ?

ਮੰਨੂੰ - ਤੈਨੂੰ ਕੀ ਖਬਰ, ਇਹ ਤ੍ਰੀਮਤਾਂ ਤੂੰ ਜਾਣਦਾ ਹੈਂ ਕਿ ਆਪਣਾ ਦੀਨ ਛੱਡਣੋਂ ਬਚ ਰਹਿਣਗੀਆਂ? ਮੈਂ ਤਾਂ ਨਿਰਾ ਇਹ ਚਾਹੁੰਦਾ ਸਾਂ ਕਿ ਇਹ ਆਪਣੇ ਮੂੰਹੋਂ ਆਪ ਹੀ ਕਹਿ ਦੇਣ। ਸੋ ਥੋੜ੍ਹੇ ਦਿਨ ਹੋਰ ਸੂਲਾਂ ਚੋਭਾਂਗਾ, ਜੇ ਫੇਰ ਵੀ ਹਠ ਰਿਹਾ, ਤਦ ਬਦੋਬਦੀ ਢਾਹ ਕੇ ਜੂਠੇ ਪਾਣੀ ਮੂੰਹ ਵਿੱਚ ਪਾ ਕੇ ਮੋਮਨਾਂ ਨਾਲ ਵਿਆਹ ਦਿਆਂਗਾ; ਪਰ ਇਸ ਚਾਂਦ ਬੀਬੀ ਨਾਲ ਅੱਜੇ ਹੀ ਇਹ ਸਲੂਕ ਹੋਵੇਗਾ। ਇਸਨੂੰ ਮਹਿਲੀਂ ਦਾਖਲ ਕੀਤਾ ਜਾਏਗਾ।

ਅੱਛਾ ਹੁਣ ਚਲੋ ਇਨ੍ਹਾਂ ਤ੍ਰੀਮਤਾਂ ਦੇ ਬੱਚਿਆਂ ਦੇ ਟੋਟੇ ਇਨ੍ਹਾਂ ਦੀ ਝੋਲੀ ਪਾਓ ਔਰ ਰਾਤ ਭਰ ਭੁੱਖਿਆ ਰੱਖੋ, ਫੇਰ ਮੇਰੇ ਪਾਸ ਖਬਰ ਕਰੋ।

(*******)

# ਮਾਰਗ ਚੋਣ
# (Choosing A Path)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਪਿਆਰ ਨਾਲ ਡੀਊਟੀ ਕਰਨੀ

ਆਮ ਤੌਰ ਤੇ ਲੋਕ ਡੀਊਟੀ ਕਰਨ ਲਈ ਪਰੇਸ਼ਾਨ ਰਹਿੰਦੇ ਹਨ, ਡੀਊਟੀ ਵਿੱਚ ਉਲਝੇ ਰਹਿੰਦੇ ਹਨ। ਬਹੁਤ ਵਾਰੀ ਤਾਂ ਉਹ ਡੀਊਟੀ ਕਰਨਾ ਹੀ ਨਹੀਂ ਚਾਹੁੰਦੇ ਪਰ ਉਹ ਕਰਨ ਲਈ ਮਜ਼ਬੂਰ ਹੁੰਦੇ ਹਨ। ਜਦੋਂ ਵੀ ਤੁਸੀ ਕੋਈ ਚੀਜ਼ ਦਵੰਦ ਵਿੱਚ ਕਰਦੇ ਹੋ ਉਸ ਨਾਲ ਅਚੇਤ ਮਨ ਤੇ ਬੋਝ ਹੀ ਪੈਂਦਾ ਹੈ। ਵਾਸਤਵ ਵਿੱਚ ਕੋਈ ਵੀ ਕੰਮ ਕੋਈ ਵੀ ਕਰਮ ਮਜ਼ਬੂਰੀ ਵਿੱਚ ਨਹੀਂ ਕਰਨਾ ਚਾਹੀਦਾ, ਕਿਸੇ ਦਬਾਅ ਥੱਲੇ ਆ ਕੇ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੀ ਸ਼ਕਸ਼ੀਅਤ ਤੇ ਬਾਹਰੋਂ, ਉਪਰੋਂ ਹੀ ਕੁਝ ਥੋਪਦੇ ਰਹਿੰਦੇ ਹੋ ਸਮਾਂ ਪਾ ਕੇ ਤੁਹਾਡੀ ਸ਼ਕਸ਼ੀਅਤ ਬਿਲਕੁਲ ਬਦਲ ਜਾਂਦੀ ਹੈ, ਜਦੋਂ ਤੁਸੀਂ ਦੂਸਰਿਆਂ ਨਾਲ ਸੰਪਰਕ ਕਰਦੇ ਹੋ ਤੁਹਾਨੂੰ ਸੱਚੇ, ਈਮਾਨਦਾਰ ਤੇ ਆਪਣੇ ਸੁਭਾਵਿਕ ਸੁਭਾਅ ਅੰਦਰ ਹੋਣਾ ਚਾਹੀਦਾ ਹੈ।

ਬਹੁਤ ਸਾਰੇ ਲੋਕ ਆਪਣਾ ਕਰਤੱਵ ਕਰਦੇ ਹਨ ਪਰ ਫੇਰ ਵੀ ਖੁਸ਼ ਨਹੀਂ ਜਿਨ੍ਹਾਂ ਦੀ ਉਹ ਡੀਊਟੀ ਕਰ ਰਹੇ ਹਨ ਉਹ ਵੀ ਖੁਸ਼ ਨਹੀਂ ਉਨ੍ਹਾਂ ਨੂੰ ਤਸੱਲੀ ਨਹੀਂ। ਇਹ ਗੱਲ ਤਾਂ ਪਰਤੱਖ ਹੈ ਕਿ ਕਿਤੇ ਨਾ ਕਿਤੇ ਗਲਤੀ ਹੋ ਰਹੀ ਹੈ ਕਿਉਂਕਿ ਡੀਊਟੀਆਂ ਕਰਦਿਆਂ ਉਹ ਗੁਲਾਮ ਬਣ ਗਏ ਹਨ ਇਸ ਤਰ੍ਹਾਂ ਲਗ ਰਿਹਾ ਹੈ ਕਿ ਉਸ ਨੂੰ ਡੀਊਟੀ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ, ਵਾਸਤਵ ਵਿੱਚ ਉਹ ਕਰਨਾ ਨਹੀਂ ਚਾਹੁੰਦਾ। ਜੇ ਉਹ ਡੀਊਟੀ ਨਹੀਂ ਕਰਦਾ ਉਹ ਦੁਖੀ ਹੁੰਦਾ ਹੈ, ਜਿਹੜੇ ਉਸ ਦੇ ਆਸ ਪਾਸ ਹਨ ਉਹ ਵੀ ਦੁਖੀ ਹਨ। ਡੀਊਟੀ ਕੀਤੇ ਬਿਨਾਂ ਰਹਿ ਨਹੀਂ ਸਕਦੇ ਇਸ ਕਰਕੇ ਡੀਊਟੀ ਕਰ ਰਹੇ ਹਨ। ਸੋ ਤੁਸੀਂ ਮਜ਼ਬੂਰ ਹੋ। ਡੀਊਟੀ ਕਰਨੀ ਪੈਂਦੀ ਹੈ ਜਦੋਂ ਡੀਊਟੀ ਕਰਦਾ ਹੈ ਤਾਂ ਉਸ ਦਾ ਗੁਲਾਮ ਬਣ ਜਾਂਦਾ ਹੈ। ਇਸ ਸਭ ਕੁਝ ਦੇ ਹੁੰਦਿਆਂ ਉਸ ਦਾ ਅੰਦਰ ਵੰਗਾਰਦਾ ਹੈ ਜੀਵਨ ਮਨੋਰਥ ਖਿਚਦਾ ਹੈ ਕਿ ਉਹ ਜੀਵਨ ਮਨੋਰਥ ਦੀ ਪੂਰਤੀ ਕਰੇ। ਇੱਕ ਥਾਂ ਤੋਂ ਦੂਸਰੀ ਤੇ ਜਾਣਾ, ਤਲਾਕ ਲੈਣਾ, ਸੰਨਿਆਸ ਲੈਣਾ ਆਪਣੀਆਂ ਡੀਊਟੀਆਂ ਉਸ ਦੇ ਦਵੰਦ ਦਾ ਸਮਾਧਾਨ ਨਹੀਂ ਹੈ। ਸਮੱਸਿਆ ਆਪਣੇ ਅੰਦਰ ਦੀ ਸੁਤੰਤਰਤਾ ਪ੍ਰਾਪਤ ਕਰਨ ਦੀ ਹੈ, ਨਿਰਲੇਪ ਹੋ ਕੇ ਡੀਊਟੀ ਕਰਨ ਦੀ ਹੈ। ਇਸੇ ਕਾਰਣ ਕਰਕੇ ਜੀਵਨ ਅਨੰਦ ਮਾਣਿਆ ਨਹੀਂ ਜਾ ਸਕਦਾ, ਲੋਕ ਆਪਣੀ ਡੀਊਟੀ ਸੁਆਰਥੀ ਹੋ ਕੇ ਕਰਦੇ ਹਨ ਉਹ ਉਸ ਵਿੱਚੋਂ ਸੁਖ ਦੀ ਆਸ ਰਖਦੇ ਹਨ। ਜੇ ਕੋਈ ਆਪਣੀ ਪਤਨੀ ਲਈ, ਬੱਚੇ ਲਈ, ਭਰਾ ਲਈ ਕਿਸੇ ਲਈ ਵੀ ਕੁਝ ਕਰ ਰਿਹਾ ਹੈ ਵਾਸਤਵ ਵਿੱਚ ਉਹ ਆਪਣੇ ਲਈ ਹੀ ਕਰ ਰਿਹਾ ਹੈ, ਕਿਉਂਕਿ ਦੂਸਰੇ ਵੀ ਉਸ ਲਈ ਕੁਝ ਕਰਨਗੇ ਹੀ। ਹਰ ਕੋਈ ਗਲਤੀਆਂ ਹੀ ਕਰ ਰਿਹਾ ਹੈ। ਕੋਈ ਪਿਆਰ ਨਾਲ ਡੀਊਟੀ ਕਰਨਾ ਜਾਣਦਾ ਹੀ ਨਹੀਂ।

ਜਦੋਂ ਅਸੀਂ ਪਿਆਰ ਦੀ ਗੱਲ ਕਰਦੇ ਹਾਂ ਸਾਡਾ ਪਿਆਰ ਤੋਂ ਕੀ ਭਾਵ ਹੈ। ਹਰ ਕੋਈ ਕਹਿੰਦਾ ਹੈ ਮੈਂ ਪਤਨੀ ਨੂੰ ਪਿਆਰ ਕਰਦਾ ਹਾਂ, ਮੈਂ ਬੱਚਿਆਂ ਨੂੰ ਪਿਆਰ ਕਰਦਾ ਹਾਂ ਪਰ ਜੇ ਸੱਚੀ ਉਹ ਸਭ ਨੂੰ ਪਿਆਰ ਕਰਦਾ ਹੋਵੇ ਤਾਂ ਕੋਈ ਕਿਸੇ ਕਿਸਮ ਦਾ ਦਵੰਦ ਹੋਵੇ ਹੀ ਨਾ। ਦਵੰਦ ਧੁੰਦਲੇ ਮਨ ਦਾ ਸਭ ਤੋਂ ਵੱਡਾ ਸੰਕੇਤ ਹੈ, ਜਿਸ ਕਰਾਣ ਮਨ ਸ਼ਾਂਤ ਹੁੰਦਾ ਹੀ ਨਹੀਂ, ਜਿਹੜੇ ਮਨ ਸ਼ਾਂਤ ਨਹੀਂ ਉਹ ਕਦੀ ਵੀ ਖੁਸ਼ ਨਹੀਂ ਹੋ ਸਕਦਾ, ਸੋ ਵਾਸਤਵ ਵਿੱਚ ਉਹ ਪਿਆਰ ਨਹੀਂ ਹੈ, ਜੇ ਤੁਸੀਂ ਡੀਊਟੀ ਨਾਲ ਪਿਆਰ ਕਰਦੇ ਹੋ ਫੇਰ ਤੁਸੀਂ ਉਸ ਨੂੰ ਕਰਨ ਵਿੱਚ ਪ੍ਰਸੰਨ ਹੋਵੋਗੇ। ਜੇ ਤੁਸੀਂ ਖੁਸ਼ ਨਹੀਂ ਉਸ ਤੋਂ ਭਾਵ ਭਾਵ ਹੈ ਤੁਸੀਂ ਨਿਸੁਆਥ ਹੋ ਕੇ ਪਿਆਰ ਨਹੀਂ ਕਰ ਰਹੇ, ਤੁਸੀਂ ਕੋਈ ਆਸ ਕੋਈ ਉਮੀਦ ਰੱਖ ਕੇ ਡੀਊਟੀ ਕਰ ਰਹੇ ਹੋ, ਪਿਆਰ ਕਰ ਰਹੇ ਹੋ, ਉਸ ਆਸ ਉਹ ਉਮੀਦ ਪੂਰੀ ਨਹੀਂ ਹੋ ਰਹੀ। ਪਿਆਰ ਤੋਂ ਭਾਵ ਹੈ ਪੂਰੀ ਤਰ੍ਹਾਂ ਨਾਲ ਨਿਸੁਆਰਥੀ ਹੋਣਾ। ਤੁਸੀਂ ਇਹੋ ਜਿਹੇ ਸੰਸਾਰ ਵਿੱਚ ਰਹਿ ਰਹੇ ਹੋ ਜਿੱਥੇ ਹਰ ਕੋਈ ਤੁਹਾਡੇ ਕੋਲੋਂ ਆਪਣੀ ਗੱਲ ਮਨਵਾਉਣਾ ਚਾਹੇਗਾ, ਥੋਪਣਾ ਚਾਹੇਗਾ। ਇਹ ਸੰਸਾਰ ਸਲਾਹਾਂ ਦਾ ਭਰਿਆ ਪਿਆ ਹੈ, ਹਰ ਕੋਈ ਆਪਣੀ ਸਲਾਹ ਦੇਣ ਲਈ ਤਿਆਰ ਹੈ ਹਰ ਕੋਈ ਕਹਿ ਰਿਹਾ ਹੈ ਤੇ ਇਹ ਕਰੋ, ਉਹ ਕਰੋ ਐਸ ਤਰ੍ਹਾਂ ਕਰੋ, ਓਸ ਤਰ੍ਹਾਂ ਕਰੋ, ਏਥੇ ਕੇਵਲ ਤੇ ਕੇਵਲ ਇੱਕ ਹੀ ਤਰੀਕਾ ਹੈ, ਪ੍ਰਤਿਕ੍ਰਿਆ ਦਾ ਇੱਕੋ ਇੱਕ ਰਾਹ ਹੈ ਉਹ ਹੈ ਪਿਆਰ ਨਾਲ ਨਿਰਲਿਪਤ ਹੋ ਕੇ ਡੀਊਟੀ ਇਕ ਰਾਹ ਹੈ ਉਹ ਹੈ ਪਿਆਰ ਨਾਲ ਨਿਰਲਿਪਤ ਹੋ ਡੀਊਟੀ ਕਰਨੀ। ਹਰ ਇੱਕ ਨੂੰ ਆਪਣੇ ਆਪ ਨੂੰ ਸਿਖਾਉਣਾ ਚਾਹੀਦਾ ਹੈ। ਮੈਂ ਕਿਉਂ ਇਸ ਤਰ੍ਹਾਂ ਨਹੀਂ ਕਰ ਸਕਦਾ। ਬੱਚਾ ਕਦੀ ਵੀ ਉਹ ਪੁਸਤਕ ਪੜ੍ਹਨੀ ਨਹੀਂ ਪਸੰਦ ਕਰੇਗਾ ਜਿਸ ਵਿੱਚ ਔਖੇ ਸ਼ਬਦ ਹਨ, ਜੇਕਰ ਅਧਿਆਪਕ ਉਸ ਨੂੰ ਜ਼ੋਰ ਪਾਵੇ ਉਸ ਨੂੰ ਮਜ਼ਬੂਰ ਕਰੇ, ਬੱਚਾ ਕਹੇਗਾ ਇਹ ਤਾਂ ਸਾਰਾ ਏਵੇਂ ਹੀ ਹੈ ਇਸ ਦਾ ਤਾਂ ਕੋਈ ਲਾਭ ਹੀ ਨਹੀਂ, ਜੇਕਰ ਮੈਨੂੰ ਇਹ ਨਹੀਂ ਲੱਭਦਾ ਮੈਂ ਨਹੀਂ ਕਰ ਸਕਦਾ ਮੈਂ ਕੋਈ ਪ੍ਰਵਾਹ ਨਹੀਂ ਕਰਦਾ, ਜੋ ਉਸ ਨੂੰ ਨਹੀਂ ਪਤਾ, ਉਹ ਪਤਾ ਕਰਨਾ ਵੀ ਨਹੀਂ ਚਾਹੁੰਦਾ ਉਹ ਤਾਂ ਆਪਣੇ ਆਪ ਨੂੰ ਸੀਮਤ ਹੀ ਰਖਣਾ ਚਾਹੁੰਦਾ ਹੈ, ਉਹ ਕੋਈ ਔਖਿਆਈ ਨੂੰ ਕਿਸੇ ਵੀ ਅਣਜਾਣੇ ਨੂੰ ਜਾਨਣਾ ਨਹੀਂ ਚਾਹੁੰਦਾ। ਇਹ ਆਦਤ ਅਸੀਂ ਬਚਪਨ ਤੋਂ ਹੀ ਪਾ ਲਈ ਹੈ। ਵਾਸਤਵ ਵਿਚ ਹਰ ਕੋਈ ਹਾਂ, ਅਣਜਾਣੇ ਦਾ ਸਾਮਣਾ ਕਰਨ ਤੋਂ ਡਰਦਾ ਹੈ ਨਾਲ ਹੀ ਇਹ ਵੀ ਗੱਲ ਹੈ ਕਿ ਜੋ ਹੈ ਜਿਸ ਨੂੰ ਉਹ ਜਾਣਦਾ ਹੈ ਉਸ ਨਾਲ ਉਸ ਦੀ ਤਸੱਲੀ ਨਹੀਂ, ਉਸ ਤੋਂ ਉਹ ਸੰਤੁਸ਼ਟ ਨਹੀਂ। ਅਸੰਤੁਸ਼ਟ ਹੋਣਾ, ਅਣਜਾਣੇ ਤੋਂ ਭੈਭੀਤ ਹੋਣਾ, ਡਰਨਾ ਇਹ ਦੋਨੋਂ ਬਹੁਤ ਵੱਡੇ ਸੰਤਾਪ ਹਨ। ਅਸੰਤੁਸ਼ਟ ਹੋਣਾ, ਭੈ-ਭੀਤ ਹੋਣਾ, ਡਰਨਾ ਇਹ ਦੋਨੋਂ ਹੀ ਮਨੁੱਖ ਦੇ ਵੈਰੀ ਹਨ, ਸਾਰੀ ਮਨੁੱਖਤਾ ਦੇ ਵੈਰੀ ਹਨ। ਡਰ ਸਾਨੂੰ ਬੰਨ੍ਹ ਦਿੰਦਾ ਹੈ ਪਰ ਪਿਆਰ ਵਿੱਚ ਤਾਂ ਕੋਈ ਸੀਮਾ ਨਹੀਂ, ਕੋਈ ਡਰ ਨਹੀਂ। ਕਰਨ ਵਾਲੀ ਗੱਲ ਹੈ ਕਿ ਜੀਵਨ ਨੂੰ ਪਿਆਰ ਨਾਲ ਭਰਪੂਰ ਕਰੋ, ਮੈਂ ਇਹ ਕਰਨਾ ਹੈ, ਮੈਨੂੰ ਇਹ ਕਰਨਾ ਚੰਗਾ ਲਗਦਾ ਹੈ, ਜਦੋਂ ਤੁਸੀਂ ਇਸ ਤਰ੍ਹਾਂ ਨਾਲ ਕਰੋਗੇ ਫੇਰ ਕੋਈ ਸਮੱਸਿਆ ਹੀ ਨਹੀਂ ਰਹੇਗੀ। ਸਾਨੂੰ ਡੀਊਟੀ ਨਾਲ ਪਿਆਰ ਹੀ ਕਰਨਾ ਚਾਹੀਦਾ ਹੈ ਕਿਉਂਕਿ ਡੀਊਟੀ ਕੀਤੇ ਬਿਨ੍ਹਾਂ ਅਸੀਂ ਰਹਿ ਹੀ ਨਹੀਂ ਸਕਦੇ ਸਾਡਾ ਜੀਵਨ ਨਹੀਂ ਹੈ ਡੀਊਟੀ ਤੋਂ ਬਿਨਾਂ। ਡੀਊਟੀ ਲਈ ਹੀ ਕਰਨੀ ਚਾਹੀਦੀ ਹੈ, ਇਹ ਅਤਿ ਆਵਸ਼ਕ ਹੈ, ਇਹ ਬਹੁਤ ਹੀ ਮਹੱਤਵਪੂਰਣ ਹੈ।

ਅੱਜ ਦੇ ਸਮਾਜ ਨੂੰ ਬਹੁਤ ਸਾਰੇ ਦਵੰਦ ਸਾਰੇ ਹੀ ਸੰਘਰਸ਼, ਵਿਰੋਧ ਇਨ੍ਹਾਂ ਨੇ ਬਹੁਤ ਸਾਰੇ ਮਨੋਵਿਗਿਆਨਕ ਸਮੱਸਿਆਵਾਂ,

ਬਹੁਤ ਸਾਰੀਆਂ ਬੀਮਾਰੀਆਂ ਦਿੱਤੀਆਂ ਹਨ। ਹਰ ਵਕਤ ਇਹ ਚਲਦਾ ਹੈ, ਮੈਂ ਇਹ ਕਰਨਾ ਹੈ ਪਰ ਮੈਂ ਕਰਨਾ ਨਹੀਂ ਚਾਹੁੰਦਾ, ਮੈਨੂੰ ਇਹ ਕਰਨ ਲਈ ਅੰਦਰੋਂ ਦੋਸ਼ੀ ਮਹਿਸੂਸ ਕਰਦੇ ਹਨ, ਆਪਣੇ ਆਪ ਨੂੰ ਨਕਾਰਣ ਲਗ ਪੈਂਦੇ ਹਨ। ਉਹ ਤਾਂ ਇੱਕੋ ਗੱਲ ਨਾਲ ਜੋੜਦੇ ਹਨ ਕੀ ਠੀਕ ਹੈ, ਕੀ ਗਲਤ ਹੈ। ਉਸ ਇਸ ਚੀਜ਼ ਦੇ ਸ਼ਿਕਾਰ ਹੋ ਜਾਂਦੇ ਹਨ, ਉਹ ਬੀਮਾਰ ਹੋ ਜਾਂਦੇ ਹਨ ਉਹ ਸੋਚਦੇ ਹਨ, ਮੈਂ ਕੁਝ ਵੀ ਠੀਕ ਨਹੀਂ ਕੀਤਾ ਪਰ ਮੈਂ ਬਹੁਤ ਕੁਝ ਗਲਤ ਕੀਤਾ ਹੈ, ਮੈਂ ਬਹੁਤ ਬੁਰਾ ਬਹੁਤ ਭੈੜਾ ਮਨੁੱਖ ਹਾਂ। ਉਹ ਸਾਰਾ ਸਮਾਂ ਨਖੇਦੀ ਦੀਆਂ ਗੱਲਾਂ ਹੀ ਸੋਚਦੇ ਰਹਿੰਦੇ ਹਨ। ਨਖੇਦੀ ਉਨ੍ਹਾਂ ਦੇ ਜੀਵਨ ਦਾ ਹਿੱਸਾ ਬਣ ਜਾਂਦੀ ਹੈ, ਇਸ ਨਖੇਦੀ ਵਿਚੋਂ ਨਿਕਲਣਾ ਕੋਈ ਸੌਖਾ ਨਹੀਂ। ਹਰ ਮਨੁੱਖ ਦੀਆਂ ਕਮਜ਼ੋਰੀਆਂ ਹੁੰਦੀਆਂ ਹਨ ਪਰ ਜੇ ਉਨ੍ਹਾਂ ਕਮਜ਼ੋਰੀਆਂ ਨੂੰ ਮੰਨਦਾ ਤਾਂ ਰਹੇ ਪਰ ਉਨ੍ਹਾਂ ਨੂੰ ਠੀਕ ਕਰਨ ਲਈ ਕੁਛ ਨਾ ਕਰੇ, ਤਾਂ ਇਸ ਤਰ੍ਹਾਂ ਕਰਨ ਨਾਲ ਉਹ ਇੱਕ ਲਾ-ਇਲਾਜ ਬਿਮਾਰੀ ਦਾ ਸ਼ਿਕਾਰ ਬਣ ਜਾਏਗਾ। ਇਹੋ ਜਿਹੇ ਮਨੁੱਖ ਨੂੰ ਨਾ ਤਾਂ ਕੋਈ ਮਨੋਵਿਗਿਆਨਕ, ਨਾ ਕੋਈ ਚਿਕਿਤਸਕ, ਨਾ ਕੋਈ ਜੋਗੀ, ਨਾ ਕੋਈ ਸੁਆਮੀ, ਨਾ ਕੋਈ ਪ੍ਰਚਾਰਕ, ਕੋਈ ਵੀ ਇਹੋ ਜਿਹੇ ਮਨੁੱਖ ਦੀ ਸਹਾਇਤਾਂ ਨਹੀਂ ਕਰ ਸਕਦਾ, ਅੱਜ ਲੋਕੀ ਆਪਣੀਆਂ ਬਣਾਈਆਂ ਸਮੱਸਿਆਵਾਂ ਤੋਂ ਵਧੇਰੇ ਤੰਗ ਹਨ, ਵਧੇਰੇ ਦੁਖੀ ਹਨ, ਸੰਤਾਪੇ ਪਏ ਹਨ, ਆਪਣੀਆਂ ਲਗਾਈਆਂ ਬਿਮਾਰੀਆਂ ਤੋਂ ਵਧੇਰੇ ਦੁਖੀ ਹਨ। ਬਾਹਰ ਤੋਂ ਦੁੱਖ ਬਿਮਾਰੀਆਂ ਬਹੁਤ ਘੱਟ ਹਨ, ਪ੍ਰਸ਼ਨ ਉਠਦਾ ਹੈ ਲੋਕ ਕਿਉਂ ਐਨੇ ਉਦਾਸ ਹਨ, ਕਿਉਂ ਐਨੇ ਦੁਖੀ ਹਨ? ਉਤਰ ਹੈ ਉਹ ਉਦਾਸ ਹਨ ਕਿਉਂ ਐਨੇ ਦੁਖੀ ਹਨ? ਉੱਤਰ ਹੈ, ਉਹ ਉਦਾਸ ਹਨ ਕਿਉਂ ਐਨੇ ਦੁਖੀ ਹਨ? ਉੱਤਰ ਹੈ ਉਹ ਉਦਾਸ ਤੇ ਦੁਖੀ ਮੁਰਝਾਏ ਹੋਏ ਏਸ ਕਰਕੇ ਹਨ ਕਿਉਂਕਿ ਉਨ੍ਹਾਂ ਦੀ ਆਪਣੀ ਸੋਚਣੀ ਹੀ ਨਖੇਦੀ ਦੀ ਹੈ। ਉਨ੍ਹਾਂ ਦੀ ਸੋਚਣੀ ਨਖੇਧੀ ਦੀ ਹੈ, ਸੁਆਰਥੀ ਹੈ, ਫਲ ਰਹਿਤ ਹੈ ਹਾਨੀਕਾਰਕ ਹੈ। ਆਂਪਣੀ ਸੋਚਣੀ ਸਾਫ ਸੁਥਰੀ ਰੱਖਣੀ, ਡੀਊਟੀ ਪਿਆਰ ਨਾਲ ਕਰਨੀ, ਇਸ ਤਰ੍ਹਾਂ ਕਰਨ ਨਾਲ ਹੀ ਸਾਰੀਆਂ ਸਮੱਸਿਆਵਾਂ ਠੀਕ ਹੋ ਸਕਦੀਆਂ ਹਨ। ਆਪਣੀ ਡੀਊਟੀ, ਆਪਣੇ ਕਰੱਤਵ, ਆਪਣੇ ਕੰਮ ਨਾਲ ਪਿਆਰ ਪਾ ਕੇ ਹੀ ਤੁਸੀਂ ਹਰ ਦਬਾਅ ਦੀ ਹਰ ਤਣਾਓ ਤੋਂ ਛੁਟਕਾਰਾ ਪਾ ਸਕਦੇ ਹੋ।

ਵਾਸਤਵ ਵਿੱਚ ਅੱਜ ਦਾ ਮਨੁੱਖ ਹਰ ਤਰ੍ਹਾਂ ਦੇ ਬਚਾਓ, ਹਰ ਤਰ੍ਹਾਂ ਦੇ ਤਣਾਓ, ਹਰ ਤਰ੍ਹਾਂ ਦੀ ਖਿੱਚੋਤਾਣ ਵਿੱਚ ਇਸ ਕਰਕੇ ਨਹੀਂ ਹੈ ਕਿ ਉਹ ਕੀ ਕਰਮ, ਕੀ ਕੰਮ, ਕੀ ਡੀਊਟੀ ਕਰ ਰਿਹਾ ਹੈ ਉਹ ਖਿੱਚੋਤਾਣ ਵਿੱਚ ਆਪਣੀ ਮਨੋਵਿਰਤੀ ਕਰਕੇ ਹੈ, ਉਸ ਦੀ ਮਨੋਵਿਰਤੀ ਉਸ ਦੇ ਪੂਰੇ ਜੀਵਨ ਵਲ ਹੀ ਠੀਕ ਨਹੀਂ ਹੈ। ਬਹੁਤ ਸਾਰੇ ਲੋਕ ਡੀਊਟੀ ਕਰਨਾ ਨਹੀਂ ਚਾਹੁੰਦੇ ਪਰ ਕਰ ਰਹੇ ਹਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਸੋਚਣੀ ਤੇ ਉਨ੍ਹਾਂ ਦੀ ਕਰਨੀ ਵਿੱਚ ਸਦਾ ਹੀ ਦਵੰਦ ਰਹਿੰਦਾ ਹੈ ਕਥਨੀ ਤੇ ਕਰਨੀ ਸਦਾ ਹੀ ਵਿਪਰੀਤ ਰਹਿੰਦੀਆਂ ਹਨ। ਇਸ ਤਰ੍ਹਾਂ ਦੀ ਖਿਚੋਤਾਣ ਵਿੱਚ ਅੰਦਰ ਦਵੰਦ ਰਹਿੰਦਾ ਹੈ ਅੰਤ ਵਿੱਚ ਇਹੋ ਹੀ ਬੋਝ ਦਾ ਕਾਰਨ ਬਣਦਾ ਹੈ, ਮਨ ਤੇ ਭਾਰ ਦਾ ਕਾਰਣ ਬਣਦਾ ਹੈ। ਅੱਜ ਦੇ ਸੰਸਾਰ ਅੰਦਰ ਹਰ ਕੋਈ ਪ੍ਰਤਿਕ੍ਰਿਆ ਕਰ ਰਿਹਾ ਹੈ, ਉਸ ਪ੍ਰਤੀਕ੍ਰਿਆ ਦੇ ਨਤੀਜੇ ਉਹ ਸੋਚਦਾ ਹੀ ਨਹੀਂ।

**ਡੀਊਟੀ ਆਪਣੇ ਲਈ ਦੂਸਰਿਆਂ ਲਈ**

ਦੋ ਤਰ੍ਹਾਂ ਦੀਆਂ ਡੀਊਟੀਆਂ ਹਨ ਜਿਹੜੀਆਂ ਰੋਜ਼ਾਨਾ ਜੀਵਨ ਵਿੱਚ ਕੀਤੀਆਂ ਜਾਂਦੀਆਂ ਹਨ, ਪਹਿਲੀਆਂ ਆਪਣੀਆਂ ਨਿਜੀ ਜੀਵਨ ਦੀਆਂ ਡੀਊਟੀਆਂ, ਦੂਸਰੀਆਂ ਦੂਸਰਿਆਂ ਲਈ ਕੀਤੀਆਂ ਜਾਣ ਵਾਲੀਆਂ ਡੀਊਟੀਆਂ। ਆਪਣੀ ਕਾਇਆ ਸੋਧਣੀ ਆਪਣੇ ਆਪ ਦੀ ਡੀਊਟੀ ਹੈ ਤੁਸੀਂ ਆਪਣੇ ਆਪ ਲਈ ਕੰਮ, ਆਪਣਾ ਕੰਮ ਕਰ ਰਹੇ ਹੋ। ਸਰੀਰ ਦਾ ਆਪਣਾ ਸਾਰਾ ਤਰੀਕਾ ਹੈ ਸਰੀਰ ਦੀ ਸੰਭਾਲ ਤਾਂ ਹੋਣੀ ਹੀ ਹੈ, ਕਰਨੀ ਹੀ ਹੈ, ਸਰੀਰ ਦੀ ਸੰਭਾਲ ਕੋਈ ਦੂਸਰਿਆਂ ਲਈ ਨਹੀਂ, ਨਾ ਹੀ ਦੂਸਰਿਆਂ ਉੱਤੇ ਕੋਈ ਅਹਿਸਾਨ ਹੈ, ਨਾ ਹੀ ਆਪਣੇ ਸਰੀਰ ਦੀ ਸੰਭਾਲ ਦੂਸਰਿਆਂ ਲਈ ਹੈ, ਗੁਆਂਢੀਆਂ ਲਈ ਹੈ, ਪਰ ਜੇਕਰ ਤੁਸੀਂ ਸਰੀਰ ਦੀ ਦੇਖਭਾਲ ਨਹੀਂ ਕਰਦੇ ਤਾਂ ਸਾਰਿਆਂ ਨੂੰ ਦੁੱਖ ਹੋ ਸਕਦਾ ਹੈ, ਕਸ਼ਟ ਹੋ ਸਕਦਾ ਹੈ ਕਿਉਂਕਿ ਤੁਸੀਂ ਬਿਮਾਰ ਹੋ ਸਕਦੇ ਹੋ, ਦੂਸਰਿਆਂ ਨੂੰ ਦੇਖਭਾਲ ਕਰਨੀ ਪਵੇਗੀ। ਜੇਕਰ ਤੁਸੀਂ ਆਪਣੀ ਡੀਊਟੀਆਂ ਨਹੀਂ ਕਰ ਰਹੇ ਤਾਂ ਤੁਸੀਂ ਉਨ੍ਹਾਂ ਨੂੰ ਦੁਖੀ ਕਰ ਰਹੇ ਹੋ ਜਿਹੜੇ ਤੁਹਾਡੇ ਨਾਲ ਰਹਿੰਦੇ ਹਨ। ਆਪਣੀ ਦੇਖਭਾਲ ਕਰਕੇ ਤੁਸੀਂ ਆਪਣੇ ਵਲ ਡੀਊਟੀ ਕਰ ਰਹੇ ਹੋ ਦੂਸਰਿਆਂ ਲਈ ਤਾਂ ਕੁਝ ਨਹੀਂ ਕਰ ਰਹੇ।

ਦੂਸਰੀਆਂ ਡੀਊਟੀਆਂ ਵੀ ਹਨ ਜਿਹੜੀਆਂ ਅਸੀਂ ਕਰਦੇ ਹਾਂ, ਇਹ ਡੀਊਟੀਆਂ ਦੂਸਰਿਆਂ ਲਈ ਹਨ। ਜਿਵੇਂ ਤੁਹਾਡੇ ਮਨ ਵਿੱਚ ਇਹ ਆ ਜਾਏ, ਮੈਂ ਐਨਾ ਸ਼ਕਤੀਸਾਲ ਤਾਂ ਨਹੀਂ ਪਰ ਉਸ ਲਈ ਇਹ ਕਰਨਾ ਇਹ ਮੇਰੀ ਡੀਊਟੀ ਹੈ, ਇਹ ਗੱਲ ਮਨ ਵਿੱਚ ਕਿੱਥੋਂ ਆਉਂਦੀ ਹੈ, ਈਸਾ ਜੀ ਵਲੋਂ ਨਹੀ, ਮੌਜ਼ਿਜ਼ ਵਲੋਂ ਨਹੀਂ, ਬੁੱਧ ਵਲੋਂ ਨਹੀਂ, ਕ੍ਰਿਸ਼ਨ ਜੀ ਵਲੋਂ ਨਹੀਂ, ਇਹ ਤਾਂ ਮੇਰੇ ਆਪਣੇ ਅੰਦਰ ਦੀ ਮੇਰੀ ਡੀਊਟੀ ਦੀ ਹੀ ਚੇਤਾਵਨੀ ਹੈ। ਇਹ ਕਰਮ ਦਾ ਹੀ ਨਿਯਮ ਹੈ। ਅਸੀਂ ਕੰਮ ਕਿਉਂ ਕਰਦੇ ਹਾਂ, ਅਸੀਂ ਕਿਉਂ ਗਤੀਸ਼ੀਲ ਹਾਂ? ਸਾਡੇ ਹੱਥ ਸਾਡੀਆਂ ਲੱਤਾਂ ਕਿਉਂ ਗਤੀਸ਼ੀਲ ਹਨ ਕਿਉਂਕਿ ਅਸੀਂ ਪੇਟ ਭਰਨਾ ਹੈ। ਅਸੀਂ ਕੁਝ ਸਿਖਦੇ ਹਾਂ, ਕੰਮ ਕਰਦੇ ਹਾਂ, ਕਮਾਉਂਦੇ ਹਾਂ ਤਾਂ ਜੋ ਪੇਟ ਭਰ ਸਕੀਏ। ਮੂੰਹ ਜਿਗਰ ਲਈ ਕੰਮ ਕਰਦਾ ਹੈ, ਜਿਗਰ ਸਰੀਰ ਦੇ ਦੂਸਰੇ ਭਾਗਾਂ ਲਈ ਕੰਮ ਕਰਦਾ ਹੈ, ਸਾਰਾ ਸਰੀਰ ਪੂਰੀ ਹੋਂਦ ਲਈ ਕੰਮ ਕਰਦਾ ਹੈ। ਜੇ ਮੂੰਹ ਕਹੇ ਮੈਂ ਸੁਆਰਥੀ ਹੋ ਜਾਵਾਂ, ਮੈਂ ਜਿਗਰ ਨੂੰ ਨਹੀਂ ਦਿੰਦਾ, ਫੇਰ ਕੀ ਹੋਵੇਗਾ? ਸਾਰਾ ਸਰੀਰ ਖਤਮ ਹੋ ਜਾਵੇਗਾ। ਬਿਲਕੁਲ ਇਸੇ ਤਰ੍ਹਾਂ ਪਰਿਵਾਰ ਨਾਲ ਹੈ, ਸਮਾਜ ਨਾਲ ਹੈ, ਪੂਰੇ ਦੇਸ਼ ਨਾਲ ਪੂਰੇ ਰਾਸ਼ਟਰ ਨਾਲ ਹੈ। ਇਹ ਹੀ ਪੂਰੇ ਵਿਸ਼ਵ ਦਾ ਨਿਯਮ ਹੈ। ਇਕ ਪ੍ਰਾਕ੍ਰਿਤਕ ਨਿਯਮ ਹੈ ਕਿ ਅਸੀਂ ਆਪਣੇ ਤੋਂ ਉੱਚੇ ਲਈ ਕੰਮ ਕਰ ਰਹੇ ਹਾਂ, ਸਾਡੇ ਹੱਥ ਪੈਰ ਮੂੰਹ ਲਈ ਕੰਮ ਕਰ ਰਹੇ ਹਨ, ਮੂੰਹ ਜਿਗਰ ਲਈ ਕੰਮ ਕਰ ਰਿਹਾ ਹੈ। ਜਿਗਰ ਸਰੀਰ ਦੇ ਦੂਸਰੇ ਭਾਗਾਂ ਲਈ ਕੰਮ ਕਰ ਰਿਹਾ ਹੈ, ਸਾਰਾ ਸਰੀਰ ਪੂਰੀ ਹੋਂਦ ਲਈ ਕੰਮ ਕਰ ਰਿਹਾ ਹੈ।

ਕਰਮ ਯੋਗ ਦਾ ਮਾਰਗ ਉਨ੍ਹਾਂ ਲਈ ਹੈ ਜਿਹੜੇ ਸੰਸਾਰ ਅੰਦਰ ਕ੍ਰਿਆਸ਼ੀਲ ਹਨ, ਪ੍ਰਭਾਵਸ਼ਾਲੀ ਹਨ ਜਿਸ ਦਾ ਪਰਿਵਾਰ ਹੈ, ਨੌਕਰੀ ਹੈ। ਉਸ ਨਾਲ ਲੋਕਾਂ ਨਾਲ ਵਰਤਣਾ ਸਿਖਣਾ ਹੈ ਸੰਸਾਰ ਵਿੱਚ ਵਿਚਰਨਾ ਹੈ, ਜੋ ਕੁਛ ਵੀ ਉਹ ਕਹੇਗਾ ਉਸ ਦਾ ਪ੍ਰਭਾਵ ਕਿਸੇ ਦੂਸਰੇ ਉੱਤੇ ਪਵੇਗਾ ਹੀ। ਬਾਹਰੀ ਜੀਵਨ ਤੋਂ ਭਾਵ ਹੈ ਦੂਸਰਿਆਂ ਨਾਲ ਰਿਸ਼ਤਾ, ਸੋ ਸਭ ਤੋਂ ਪਹਿਲਾਂ ਸਿੱਖਣ ਦੀ ਲੋੜ ਹੋਵੇਗੀ, ਦੂਸਰਿਆਂ ਨਾਲ ਰਿਸ਼ਤਾ, ਇਹ ਸਿੱਖਣਾ ਹੋਵੇਗਾ ਦੂਸਰਿਆਂ ਨਾਲ ਕਿਸ ਤਰ੍ਹਾਂ ਵਰਤਣਾ ਹੈ, ਇਹ ਇੱਕ ਬਹੁਤ ਵੱਡੀ ਕਲਾ ਹੈ। ਅਜੇ ਤਕ ਕਿਸੇ ਵੀ ਮਨੋਵਿਗਿਆਨ ਨੇ ਇਹ ਗੱਲ ਪੂਰਣ ਤੌਰ ਤੇ ਨਹੀਂ ਜਾਣੀ ਕਿਉਂਕਿ ਹਰ ਮਨੁੱਖ ਫਰਕ ਹੈ, ਅਲੱਗ ਹੈ, ਸੋਚਣੀ ਫਰਕ ਹੈ, ਪ੍ਰੇਰਨਾ ਫਰਕ ਹੈ।

ਇਨ੍ਹਾਂ ਨਾਲ ਗੱਲਬਾਤ ਦੀ ਲੋੜ ਹੈ ਪਰ ਬਹੁਤ ਵਾਰੀ ਬਹੁਤ ਸਾਰੇ ਲੋਕ ਆਪਣੇ ਅੰਦਰ ਹੀ ਸਿਮਟ ਜਾਂਦੇ ਹਨ। ਉਹ ਤਾਂ ਕੇਵਲ ਇਕ ਪ੍ਰੇਖਕ ਬਣ ਜਾਂਦੇ ਹਨ, ਉਹ ਕੇਵਲ ਦੂਸਰਿਆਂ ਨੂੰ ਦੇਖਦੇ ਹਨ, ਉਹ ਕੀ ਕਰ ਰਹੇ ਹਨ ਉਨ੍ਹਾਂ ਨੂੰ ਜਾਂਚਦੇ ਹਨ ਉਹ ਕੀ ਕਰ ਰਹੇ ਹਨ ਕਿਸ ਤਰ੍ਹਾਂ ਕਰ ਰਹੇ ਹਨ। ਇਸ ਤਰ੍ਹਾਂ ਨਾਲ ਉਹ ਇੱਕ ਬੜੇ ਚੰਗੇ ਨਿਰਣਾਇਕ ਬਣ ਸਕਦੇ ਹਨ, ਰੈਫਰੀ ਬਣ ਸਕਦੇ ਹਨ। ਪਰ ਜਦੋਂ ਅਸੀਂ ਉਨ੍ਹਾਂ ਦੇ ਕੰਮ, ਉਨ੍ਹਾਂ ਦੇ ਕਰਮ ਦੇਖਦੇ ਹਾਂ ਤਾਂ ਦੇਖਣ ਵਿੱਚ ਆਉਂਦਾ ਹੈ ਇਨ੍ਹਾਂ ਦੇ ਆਪਣੇ ਕਰਮ, ਕੰਮ ਗਤੀਵਿਧੀਆਂ ਬਹੁਤ ਹੀ ਨਖੇਧੀ ਵਾਲੀਆ ਹੁੰਦੀਆ ਹਨ। ਇਹ ਲੋਕ ਨਾ ਤਾਂ ਕਦੀ ਆਪਣਾ ਪ੍ਰੇਖਣ ਕਰਦੇ ਹਨ, ਨਾ ਹੀ ਦੂਸਰਿਆਂ ਨਾਲ ਗੱਲਬਾਤ ਕਰਦੇ ਹਨ, ਨਾ ਹੀ ਦੂਸਰਿਆਂ ਦਾ ਕੋਈ ਵਿਚਾਰ ਲੈਂਦੇ ਹਨ, ਇਸ ਤਰ੍ਹਾਂ ਨਾਲ ਉਹ ਕਦੀ ਆਪਣੇ ਆਪ ਨੂੰ ਸੁਧਾਰ ਹੀ ਨਹੀਂ ਸਕਦੇ। ਦੂਸਰੇ ਕੰਮ ਕਰਦੇ ਹਨ ਪਰ ਦੇਖਦੇ ਹਨ ਆਪਣੇ ਆਪ ਨੂੰ ਓਬਜ਼ਰਵ ਨਹੀਂ ਕਰਦੇ, ਉਹ ਵੀ ਪ੍ਰੇਖਣ ਦੀ ਵਰਤੋਂ ਨਹੀਂ ਕਰਦੇ।

ਜੇ ਤੁਸੀਂ ਦੂਸਰਿਆਂ ਨਾਲ ਚੰਗੀ ਤਰ੍ਹਾਂ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਸਬੰਧ ਰੱਖਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਕਰਮ ਸ਼ਬਦ ਦੇ ਅਰਥ ਚੰਗੀ ਤਰ੍ਹਾਂ ਸਮਝਣੇ ਹੋਣਗੇ, ਕਰਮ ਤੋਂ ਕੀ ਭਾਵ ਹੈ? ਕੀ ਅਰਥ ਹੈ। ਇਸ ਦੇ ਪ੍ਰਸੰਗ ਅੰਦਰ ਕਰਮ ਦਾ ਅਰਥ ਕੇਵਲ ਕੰਮ ਨਹੀਂ ਕੇਵਲ ਕੋਈ ਵੀ ਕੰਮ, ਕੋਈ ਵੀ ਕਰਮ ਨਹੀਂ, ਜੋ ਕੁਛ ਵੀ ਤੁਸੀਂ ਕਰੋ ਉਹ ਨਹੀਂ। ਕਰਮ ਤੋਂ ਭਾਵ ਹੈ ਉਹ ਕੰਮ ਜਿਹੜਾ ਕਿਸੇ ਲਈ ਕੋਈ ਰੋਕ ਨਾ ਬਣੇ, ਕੋਈ ਰੁਕਾਵਟ ਨਾ ਬਣੇ। ਇਥੇ ਕਰਮ ਤੋਂ ਭਾਵ ਹੈ ਆਪਣੀਆਂ ਡਿਊਟੀਆਂ, ਆਪਣੇ ਕੰਮ, ਆਪਣੇ ਬਣਾਏ ਹੋਏ ਕੰਮ। ਜੀਵਨ ਇੱਕ ਸਾਂਝ ਹੈ ਰਿਸ਼ਤਾ ਹੈ, ਸਬੰਧ ਹੈ, ਰਿਸ਼ਤੇ ਵਿੱਚ, ਸਬੰਧ ਵਿੱਚ, ਇੱਕ ਮਨੋਰਥ ਭਰੀ, ਇੱਕ ਉਦੇਸ਼ ਭਰੀ ਗੱਲਬਾਤ ਜ਼ਰੂਰੀ ਹੈ। ਇੱਕ ਡੀਊਟੀ ਹੈ। ਲੋੜ ਹੈ ਦੂਸਰਿਆਂ ਦਾ ਪ੍ਰੇਖਣ ਕਰਨ ਦੀ, ਦੂਸਰਿਆਂ ਨੂੰ ਸੁਣਨ ਦੀ, ਆਪਣੇ ਆਪ ਦੇ ਪ੍ਰੇਖਣ ਦੀ, ਆਪਣੇ ਆਪ ਨੂੰ ਪ੍ਰਗਟ ਕਰਨ ਦੀ। ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੀ ਡੀਊਟੀ ਠੀਕ ਤਰ੍ਹਾਂ ਨਾਲ ਕਰਦੇ ਹੋ, ਦੂਸਰਿਆਂ ਨਾਲ ਸਾਂਝ ਪਾਉਂਦੇ ਹੋ, ਸੰਸਾਰ ਦਾ ਕੰਮ ਕਾਜ ਚੰਗੀ ਤਰ੍ਹਾਂ ਨਾਲ ਕਰਦੇ ਹੋ।

**ਸੰਸਾਰਕ ਵਸਤੂਆਂ ਕਿਸੇ ਦੀਆਂ ਨਹੀਂ ਹਨ –**

ਇੱਕ ਹੋਰ ਸਮੱਸਿਆ ਹੈ ਜੇ ਤੁਸੀਂ ਆਪਣੀ ਡੀਊਟੀ ਕਰਨੀ ਸਿੱਖ ਵੀ ਲਈ ਹੋਵੇ ਪਿਆਰ ਨਾਲ ਡੀਊਟੀ ਕਰ ਰਹੇ ਹੋਵੋ ਤਾਂ ਵੀ ਹਰ ਕਰਮ ਦਾ ਪ੍ਰਤੀਕਰਮ ਹੈ ਹਰ ਕੰਮ ਦਾ ਫਲ ਹੈ, ਤੁਹਾਨੂੰ ਫਲ ਮਿਲਦਾ ਹੀ ਮਿਲਦਾ ਹੈ। ਸਮੱਸਿਆ ਇਹ ਹੈ ਕਰਮ ਫਲ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ ਕਿਉਂਕਿ ਇਹ ਤਾਂ ਇਕ ਨਾ ਖਤਮ ਹੋਣ ਵਾਲਾ ਚੱਕਰ ਹੈ, ਮਨੁੱਖ ਨੂੰ ਇਸ ਕਰਮ-ਫਲ-ਕਰਮ ਦੇ ਚੱਕਰ ਵਿਚੋਂ ਨਿਕਲਣ ਲਈ ਕੀ ਕਰਨਾ ਚਾਹੀਦਾ ਹੈ। ਵੱਡੇ-ਵੱਡੇ ਮਹਾਂਪੁਰਖਾਂ ਨੇ ਇਸ ਸਮੱਸਿਆ ਨੂੰ ਸਮਝਿਆ ਹੈ ਇਸ ਦਾ ਸਮਾਧਾਨ ਵੀ ਕੀਤਾ ਹੈ, ਕੋਈ ਪੁਸਤਕਾਂ ਉਨ੍ਹਾਂ ਨਹੀਂ ਪੜ੍ਹੀਆਂ, ਕੋਈ ਕਲਪਨਾ ਨਹੀਂ ਕੀਤੀ, ਕੋਈ ਸੋਚ ਨਹੀਂ ਲਗਾਈ, ਉਨ੍ਹਾਂ ਨੇ ਜੋ ਦੱਸਿਆ ਹੈ ਉਹ ਉਨ੍ਹਾਂ ਦਾ ਆਪਣਾ ਨਿਜੀ ਅਨੁਭਵ ਹੈ ਜਿਹੜਾ ਉਨ੍ਹਾਂ ਨੇ ਆਪਣੇ ਜੀਵਨ ਅੰਦਰ ਉਤਾਰ ਕੇ ਉਸ ਦਾ ਅਨੁਭਵ ਕੀਤਾ ਹੈ, ਉਹ ਮੰਤਰ ਹੈ, ਉਹ ਉਤਮ ਵਿਚਾਰ ਹੈ ਹੇ ਮਨੁੱਖ! ਸੰਸਾਰ ਦੀਆ ਸਾਰੀਆਂ ਵਸਤਾਂ ਤੇਰੇ ਲਈ ਹਨ, ਤੇਰੀ ਵਰਤੋਂ ਲਈ ਹਨ, ਪਰ ਕੁਝ ਵੀ ਤੇਰਾ ਨਹੀਂ ਹੈ, ਤੂੰ ਵਰਤ ਸਕਦਾ ਹੈਂ ਪਰ ਤੇਰੀ ਕੋਈ ਮਲਕੀਅਤ ਨਹੀਂ ਹੋਵੇਗੀ, ਇਸ ਤਰ੍ਹਾਂ ਦੇ ਵਿਚਾਰ ਰੱਖਣ ਨਾਲ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਸਭ ਕੁਝ ਮਨੁੱਖ ਦੇ ਉਦੇਸ਼ ਪ੍ਰਾਪਤੀ ਦੀ ਰੁਕਾਵਟ ਨਹੀਂ ਬਣਦੀਆਂ ਸਗੋਂ ਇੱਕ ਸਾਧਨ ਬਣ ਜਾਂਦੀਆਂ ਹਨ। ਅਸੀਂ ਆਪਣੇ ਬੱਚਿਆਂ ਨੂੰ ਇਹ ਗੱਲਾਂ ਸਿਖਾਉਂਦੇ ਹੀ ਨਹੀਂ ਇਹ ਸਿੱਖਿਆ ਹੀ ਨਹੀਂ ਦਿੰਦੇ। ਇਸ ਤਰ੍ਹਾਂ ਦੀਆਂ ਆਦਤਾਂ ਹੀ ਨਹੀਂ ਪਾਉਂਦੇ। ਅਸੀਂ ਤਾਂ ਸ਼ੁਰੂ ਤੋਂ ਉਨ੍ਹਾਂ ਨੂੰ ਦਸਦੇ ਹਾਂ ਇਹ ਤੇਰਾ ਹੈ, ਇਹ ਤੇਰਾ ਹੈ। ਅਸੀਂ ਦਸਦੇ ਹੀ ਨਹੀਂ ਕਿ ਇਹ ਤੇਰੀ ਵਰਤੋਂ ਲਈ ਹੈ, ਤੁਸੀਂ ਇਸ ਨੂੰ ਵਰਤ ਸਕਦੇ ਹੋ, ਇਸ ਦਾ ਸੁਖ ਮਾਣ ਸਕਦੇ ਹੋ। ਨਤੀਜਾ ਇਹ ਹੁੰਦਾ ਹੈ, ਬੱਚੇ ਇੱਕ ਝੂਠੇ ਮਾਣ, ਝੂਠੇ ਅਹੰਕਾਰ ਦੇ ਸ਼ਿਕਾਰ ਬਣ ਜਾਂਦੇ ਹਨ ਇਹ ਸਭ ਕੁਝ ਮੇਰਾ ਹੈ। ਵਾਸਤਵ ਵਿੱਚ ਇਸ ਤਰ੍ਹਾਂ ਨਹੀਂ ਹੈ, ਸੰਸਾਰ ਦੀਆਂ ਵਸਤੂਆਂ ਤਾਂ ਕਿਸੇ ਦੀਆਂ ਵੀ ਨਹੀਂ ਹਨ। ਸੰਸਾਰ ਤਾਂ ਚਲਾਇਮਾਨ ਹੈ ਇਥੇ ਤਾਂ ਸਭ ਕੁਝ ਬਦਲਦਾ ਹੈ ਬਦਲ ਰਿਹਾ ਹੈ। ਸੰਸਾਰਕ ਚੀਜ਼ਾਂ ਨਾਲ ਮੋਹ ਪਾ ਲੈਣਾ ਤਾਂ ਇੱਕ ਮੂਰਖਤਾ ਹੈ, ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ ਸਮਝ ਲੈਣਾ ਚਾਹੀਦਾ ਹੈ। ਸੰਸਾਰ ਦਾ ਸਭ ਕੁਝ ਸਾਡੇ ਲਈ ਹੀ ਹੈ। ਸਾਨੂੰ ਉਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਉਨ੍ਹਾਂ ਦਾ ਸੁਖ ਮਾਨਣਾ ਚਾਹੀਦਾ ਹੈ, ਪਰ ਉਹ ਸਾਡੀ ਮਲਕੀਅਤ ਨਹੀਂ ਹਨ, ਉਹ ਸਾਡੀਆਂ ਨਹੀਂ ਹਨ। ਇਹ ਗੱਲ ਬਹੁਤ ਅਵਸ਼ਕ ਹੈ, ਜ਼ਰੂਰੀ ਹੈ। ਜੇਕਰ ਮਨੁੱਖ ਇਹ ਵਿਚਾਰਧਾਰਾ ਬਣਾ ਕੇ ਰੱਖੇ, ਇਸ ਨਾਲ ਜੀਵਨ ਜੀਏ, ਮਨੁੱਖ ਮੁਕਤ ਹੋ ਸਕਦਾ ਹੈ, ਬੰਧਨ ਤੋਂ ਛੁੱਟ ਸਕਦਾ ਹੈ। ਇਸ ਤਰ੍ਹਾਂ ਸੋਚਣ ਲਈ, ਕਰਨ ਲਈ ਅੰਦਰ ਦੀ ਸ਼ਕਤੀ ਦੀ ਲੋੜ ਹੈ। ਸੰਸ਼ਾਰ ਦਾ ਚਲਾਇਮਾਨ ਹੋਣਾ ਹੀ ਮਨੁੱਖ ਨੂੰ ਮੋਹ ਤੋਂ ਮੁਕਤ ਕਰ ਸਕਦਾ ਹੈ, ਜੇ ਮਨੁੱਖ ਇਹ ਸਮਝ ਲਵੇ, ਜਾਣ ਜਾਏ, ਸੰਸਾਰ ਮਾਇਆ ਜਾਲ ਹੈ, ਮਨੁੱਖ ਮੋਹ ਤੋਂ ਮੁਕਤ ਹੋ ਸਕਦਾ ਹੈ, ਚੇਤਨ ਬਿੰਦੂ ਤੋਂ ਜਾਣੂੰ ਹੋ ਕੇ ਆਪਣੇ ਅੰਦਰੋਂ ਸ਼ਕਤੀ ਲੈ ਸਕਦਾ ਹੈ। ਕਰਮ ਯੋਗ ਦੇ ਮਾਰਗ ਤੇ ਦੋਨੋਂ ਪਾਸੇ ਰਖਣੇ, ਦੋਨੋਂ ਰੋਲ ਕਰਨੇ, ਅਤਿ ਅਵਸ਼ਕ ਹਨ, ਖੁਸ਼ ਰਹਿਣਾ, ਅਨੰਦ ਵਿੱਚ ਰਹਿਣਾ, ਜੀਵਨ ਦੇ ਹਰ ਪਹਿਲੂ ਤੋਂ ਗੁਜ਼ਰਨਾ ਏਨਾ ਹੀ ਨਹੀਂ ਬਿਨਾਂ ਕਿਸੇ ਅਸ਼ਾਂਤੀ ਤੋਂ ਬਿਨਾਂ ਕਿਸੇ ਰੁਕਾਵਟ ਤੋਂ ਹੋਣਾ ਹੀ ਜੀਵਨ ਸ਼ਕਤੀ ਹੈ। ਅੰਦਰ ਦੀ ਸ਼ਕਤੀ ਸਦਾ ਹੀ ਚੇਤਨ ਬਿੰਦੂ ਤੋਂ ਆਉਂਦੀ ਹੈ। ਕਰਮ ਯੋਗ ਦੇ ਮਾਰਗ ਤੇ ਚਲਦਿਆਂ ਇਹ ਅਵੱਸ਼ਕ ਹੈ ਕਿ ਜੀਵਨ ਦੇ ਦੋਨੋਂ ਰੋਲ ਖੁਸ਼ੀ-ਖੁਸ਼ੀ ਕੀਤੇ ਜਾਣ। ਸਿਖਿਆ ਦੇ ਬੀਜ ਸ਼ੁਰੂ ਤੋਂ ਹੀ ਬੱਚਿਆਂ ਦੇ ਮਨ ਤੇ ਦਿਮਾਗ ਵਿੱਚ ਪਾਉਣੇ ਜ਼ਰੂਰੀ ਹਨ, ਛੋਟੇ ਬੱਚਿਆਂ ਨੂੰ ਸਿਖਾਉਣਾ ਉਨ੍ਹਾਂ ਨੂੰ ਸਿੱਖਿਆ ਦੇਣੀ ਸੌਖੀ ਹੈ ਉਹ ਤਾਂ ਅਜੇ ਖਿੜ ਰਹੇ ਫੁੱਲ ਹਨ, ਨਰਮ ਸ਼ਾਖਾ ਹਨ, ਜਿਵੇਂ ਮੋੜੋਗੇ ਮੁੜ ਜਾਣਗੀਆਂ, ਵੱਡੇ ਬੂਟੇ ਨੂੰ ਮੋੜਨਾ ਤਾਂ ਔਖਾ ਹੀ ਹੁੰਦਾ ਹੈ ਬਹੁਤ ਵਾਰੀ ਅਸੰਭਵ ਹੁੰਦਾ ਹੈ, ਬੁਢਾਪੇ ਵਿੱਚ ਆ ਕੇ ਆਪਣੇ ਆਪ ਨੂੰ ਬਦਲਣਾ ਤਾਂ ਬਹੁਤ ਹੀ ਔਖਾ ਹੈ, ਏਸੇ ਕਰਕੇ ਬੁਢਾਪਾ ਤਾਂ ਮੂਰਖਤਾ ਭਰਪੂਰ ਹੁੰਦਾ ਹੈ।

ਬੱਚਿਆਂ ਦਾ ਪਾਲਣ ਪੋਸਣ ਹੀ ਸਭ ਤੋਂ ਵਧ ਮੁੱਢ ਹੈ, ਬੱਚਿਆਂ ਦੀਆਂ ਆਦਤਾਂ ਜੋ ਬਣਾ ਦਿਓ ਉਹ ਹੀ ਬਣ ਜਾਂਦੀਆਂ ਹਨ, ਪੱਕ ਜਾਂਦੀਆਂ ਹਨ। ਮਾੜੇ ਭਾਗਾਂ ਦੀ ਗੱਲ ਤਾਂ ਇਹ ਹੈ ਕਿ ਅੱਜ ਦੇ ਸਮੇਂ ਦੇ ਡਾਕਟਰ, ਮਨੋਵਿਗਿਆਨਕ, ਸਿਖਿਅਕ ਸਾਰੇ ਹੀ ਮਾਤਾ ਪਿਤਾ ਨੂੰ ਇਹ ਸਲਾਹ ਦਿੰਦੇ ਹਨ ਜਿਸ ਨਾਲ ਬੱਚਾ ਹਉਮੈ ਭਰਪੂਰ ਤੇ ਵਖਰਾ, ਇਕੱਲਾ ਬਣ ਜਾਂਦਾ ਹੈ ਬੱਚਾ ਇਕੱਲਾ ਪੈ ਜਾਂਦਾ ਹੈ, ਬੱਚੇ ਨੂੰ ਉਸ ਤਰ੍ਹਾਂ ਦੀ ਸੰਭਾਲ ਨਹੀਂ ਮਿਲਦੀ ਜਿਹੜੀ ਮਿਲਣੀ ਚਾਹੀਦੀ ਹੈ। ਜਦੋਂ ਤਕ ਅਸੀਂ ਬੱਚੇ ਨੂੰ ਠੀਕ ਗਿਆਨ ਨਹੀਂ ਦਿਆਂਗੇ, ਅਸੀਂ ਬੱਚੇ ਕੋਲੋਂ ਕਿਸ ਤਰ੍ਹਾਂ ਨਾਲ ਮਾਂ ਪਿਓ ਤੋਂ ਚੰਗੇ ਵਿਹਾਰ ਦੀ ਆਸ ਰੱਖ ਸਕਦੇ ਹਨ?

ਜਦੋਂ ਬੱਚਾ ਆਪਣੇ ਮਾਤਾ ਪਿਤਾ ਨੂੰ ਦੇਖਦਾ ਹੈ ਕਿ ਉਹ ਹੀ ਸੁਆਰਥੀ ਹਨ, ਬੱਚਾ ਕਿਵੇਂ ਨਿਸੁਆਰਥੀ ਹੋ ਸਕਦਾ ਹੈ, ਵੱਡਾ ਹੋ ਕੇ ਜੇ ਉਹ ਯੋਗ ਦੀ ਗੋਸ਼ਟੀ ਵਿੱਚ ਆਉਂਦਾ ਹੈ, ਉਸ ਨੂੰ ਦੱਸਿਆ ਜਾਂਦਾ ਹੈ ਨਿਸੁਆਰਥੀ ਬਣੋ, ਨਿਸ਼ਕਾਮ ਬਣੋ, ਜਦੋਂ ਕਿ ਉਸ ਦੇ ਸਾਰੇ ਸੰਸਾਰਕ ਸੁਆਰਥੀ ਹੋਣ ਦੇ ਹਨ, ਉਹ ਸਾਡੀ ਸਿੱਖਿਆ ਨੂੰ ਕਿਵੇਂ ਸਮਝ ਸਕਦਾ ਹੈ? ਬਚਨ, ਵੱਡਿਆਂ ਦਾ ਵੱਡਾ ਹੁੰਦਾ ਹੈ ਕਿਹਾ ਗਿਆ ਹੈ, child is father of man. ਸੋ ਜੋ ਸਮੱਸਿਆ ਬੱਚੇ ਅੰਦਰ ਹੁੰਦੀ ਹੈ, ਉਹ ਹੀ ਸਮਾਜ ਦੀ ਬਣ ਜਾਂਦੀ ਹੈ। ਸਾਨੂੰ ਨਿਸੁਆਰਥੀ ਹੋਣ ਸਿਖਣਾ ਚਾਹੀਦਾ ਹੈ, ਸਾਡੇ ਕੰਮ ਕਾਜ ਨਿਸੁਆਰਥੀ ਹੋਣੇ ਚਾਹੀਦੇ ਹਨ ਤਾਂ ਜੋ ਸਾਡੇ ਬੱਚੇ ਇਹ ਸਿੱਖ ਲੈਣ, ਸਾਡੇ ਬੱਚੇ ਸਮਾਜ ਨੂੰ ਬਦਲ ਸਕਣ। ਮਾਤਾ ਪਿਤਾ ਨੂੰ ਬੱਚਿਆਂ ਲਈ ਤਿਆਗ ਕਰਨਾ ਚਾਹੀਦਾ ਹੈ, ਆਪਣੀ ਖੁਸ਼ੀ ਆਪਣੇ ਆਰਾਮ ਬੱਚਿਆਂ ਦੀ ਖੁਸ਼ੀ, ਬੱਚਿਆਂ ਦੇ ਆਰਾਮ ਲਈ ਤਿਆਗ ਦੇਣੇ ਚਾਹੀਦੇ ਹਨ, ਬੱਚਿਆਂ ਨੂੰ ਇਸ ਤਰ੍ਹਾਂ ਨਾਲ ਪਤਾ ਲਗੇਗਾ ਕਿ ਤਿਆਗ ਕੀ ਹੈ, ਨਿਸ਼ਕਾਮ ਕੀ ਹੈ ਨਿਸੁਆਰਥ ਹੋ ਕੇ ਜੀਉਣਾ ਕੀ ਹੈ, ਤਾਂ ਹੀ ਬੱਚੇ ਇੱਕ ਚੰਗੇ ਸਮਾਜ ਦਾ ਨਿਰਮਾਣ ਕਰ ਸਕਣਗੇ। ਪਰ ਦੁੱਖ ਇਸ ਗੱਲ ਦਾ ਹੈ ਕਿ ਬੱਚੇ ਬਹੁਤ ਹੀ ਨਜ਼ਰ ਅੰਦਾਜ਼ ਕੀਤੇ ਜਾਂਦੇ ਹਨ, ਬੱਚਿਆਂ ਦੀ ਅਵੱਗਿਆਂ ਕੀਤੀ ਜਾਂਦੀ ਹੈ। ਬੱਚਿਆਂ ਨੂੰ ਪੂਰੀ ਤਰ੍ਹਾਂ ਨਾਲ ਦੇਖਿਆ ਭਾਲਿਆ ਹੀ ਨਹੀਂ ਜਾਂਦਾ ਇਸ ਸਭ ਕੁਝ ਦੇ ਹੁੰਦਿਆ ਮਾਤਾ ਪਿਤਾ ਬੱਚਿਆਂ ਨੂੰ ਵਧਦੇ ਫੁਲਦੇ ਖੁਸ਼ ਦੇਖਣਾ ਚਾਹੁੰਦੇ ਹਨ। ਉਨ੍ਹਾਂ ਚੰਗੇ ਮਨੁੱਖ ਦੇਖਣਾ ਚਾਹੁੰਦੇ ਹਨ।

**ਸਿਆਣੇ ਫਲ ਦਾ ਤਿਆਗ ਕਰਦੇ ਹਨ**

ਸਾਰੇ ਕੰਮ, ਸਾਰੇ ਕਰਮ ਦੂਸਰਿਆਂ ਲਈ ਕਰਨੇ - ਇਹ ਹੀ ਮੁਕਤ ਹੋਣ ਦਾ ਇੱਕੋ ਇੱਕ ਰਾਹ ਹੈ। ਸੰਸਾਰ ਦੇ ਸਾਰੇ ਮਹਾਨ ਪੁਰਖਾਂ ਨੇ ਵੱਡੀਆਂ-ਵੱਡੀਆਂ ਹਸਤੀਆਂ ਨੇ ਕਰਮ ਦੇ ਨਿਯਮ ਨੂੰ ਜਾਣਿਆ ਹੈ, ਸਮਝਿਆ ਹੈ ਉਨ੍ਹਾਂ ਨੇ ਕਰਮ ਕੀਤੇ ਹਨ, ਜੁਗਤੀ ਨਾਲ, ਨਿਰਸੁਆਰਥ ਹੋ ਕੇ, ਅਤਿ ਪਿਆਰ ਵਿੱਚ ਆ ਕੇ, ਸਭ ਤੋਂ ਵੱਡੀ ਮਹੱਤਵਪੂਰਣ ਗੱਲ ਜੋ ਉਨ੍ਹਾਂ ਨੇ ਕੀਤੀ ਉਹ ਹੈ ਕਿ ਉਨ੍ਹਾਂ ਨੇ ਆਪਣੇ ਕਰਮ ਦੇ ਆਪਣੇ ਕੰਮ ਦੇ ਫਲ ਦਾ ਤਿਆਗ ਕੀਤਾ ਫਲ ਦਾ ਸਮਰਪਣ ਕੀਤਾ, ਤਾਂ ਜੋ ਫਲ ਉਨ੍ਹਾਂ ਦਾ ਬੰਧਨ ਮੁੜ ਕੇ ਨਾ ਬਣ ਜਾਵੇ। ਪਰ ਆਮ ਆਦਮੀ ਇਸ ਤਰ੍ਹਾਂ ਨਾਲ ਨਹੀਂ ਕਰਦਾ, ਆਮ ਆਦਮੀ ਤਾਂ ਫਲ ਨਾਲ ਜੁੜ ਜਾਂਦਾ ਹੈ, ਮੋਹ ਪਾ ਲੈਂਦਾ ਹੈ ਤੇ ਉਹ ਇੱਕ ਘੁੰਮਣ ਘੇਰੀ ਬਣ ਜਾਂਦਾ ਹੈ, ਕਰਮ ਕਰੋ, ਫਲ ਲਵੋ, ਕਰਮ ਕਰੋ, ਫਲ ਲਵੋ।

ਇਹ ਕਰਮਾਂ ਦਾ ਬੰਧਨ ਅਸੀਂ ਆਪਣੀ ਅਗਿਆਨਤਾ ਨਾਲ ਹੀ ਬਣਾਉਂਦੇ ਹਾਂ ਇਸ ਤਰ੍ਹਾਂ ਕਰਕੇ ਅਸੀਂ ਆਪਣੀ ਅੰਦਰ ਦੀ ਮੁਕਤ ਹੋਣ ਦੀ ਇੱਛਾ ਦਾ ਨਾਸ਼ ਕਰਨਾ ਚਾਹੁੰਦੇ ਹਾਂ। ਇਸ ਸੰਸਾਰ ਦੇ ਬਹੁਤ ਸਾਰੇ ਲੋਕ ਸੰਸਾਰ ਦੀ ਮਾਇਆ ਤੋਂ ਲੁਭਾਇਮਾਨ ਹੋ ਜਾਂਦੇ ਹਨ। ਉਪਨਿਸ਼ਦ ਕਹਿੰਦੇ, Tene Tpaktena Bhunitha ਸੰਸਾਰਕ ਵਸਤਾਂ ਦੀ ਵਰਤੋਂ ਮਾਣੋ, ਆਪਣੀਆਂ ਸਮਝ ਕੇ ਨਹੀਂ। ਆਮ ਮਨੁੱਖ ਤੇ ਵੱਡੇ-ਵੱਡੇ ਪਹੁੰਚੇ ਮਨੁੱਖਾਂ ਵਿੱਚ ਅੰਤਰ ਹੈ। ਵੱਡੇ ਉਹ ਹੈ ਸਿਆਣਾ ਉਹ ਹੈ ਜਿਹੜਾ ਸਾਰੇ ਕਰਮ ਸਾਰੇ ਕੰਮ ਨਿਰਲਿਪਤ ਹੋ ਕੇ ਕਰਦਾ ਹੈ, ਸੁਆਰਥ ਰਹਿਤ ਹੋ ਕੇ ਕਰਦਾ ਹੈ। ਛੋਟਾ ਉਹ ਹੈ ਅਗਿਆਨੀ ਉਹ ਹੈ ਜਿਹੜਾ ਆਪਣੇ ਲਈ ਸਭ ਕੁਝ ਕਰਦਾ ਹੈ, ਮੋਹ ਪਾ ਲੈਂਦਾ ਹੈ, ਜੁੜ ਜਾਂਦਾ ਹੈ, ਆਪਣੇ ਆਪ ਹਾਂ ਕਰਮਾਂ ਦੇ ਬੰਧਨ ਕਰਮਾਂ ਦੇ ਚੱਕਰ ਵਿੱਚ ਫਲ ਜਾਂਦਾ ਹੈ। ਗਿਆਨੀ ਉਹ ਹੈ ਜਿਹੜਾ ਸਭ ਕੁਝ ਦੂਸਰਿਆਂ ਲਈ ਕਰਦਾ ਹੈ। ਜਦੋਂ ਵੀ ਕੋਈ ਇਹ ਸਮਝਦਾ ਹੈ, ਸੰਸਾਰ ਦੀਆਂ ਵਸਤਾਂ ਮੇਰੇ ਲਈ ਹਨ ਮੈਂ ਇਨ੍ਹਾਂ ਨੂੰ ਮਾਣਾਂ। ਮੈਂ ਇਨ੍ਹਾਂ ਨਾਲ ਮੌਜ ਮਸਤੀ ਕਰਾਂ, ਪਰ ਇਹ ਮੇਰੀਆਂ ਨਹੀਂ ਫੇਰ ਜਦੋਂ ਮਨੁੱਖ ਆਪਣੀ ਡੀਊਟੀ ਕਰਦਾ ਹੈ, ਆਪਣਾ ਫਰਜ਼ ਨਿਭਾਉਂਦਾ ਹੈ ਤਾਂ ਇਹ ਸਭ ਕੁਝ ਉਸ ਲਈ ਬਾਧਾ ਨਹੀਂ ਬਣਦਾ, ਰੁਕਾਵਟ ਨਹੀਂ ਬਣਦਾ, ਉਸ ਦੇ ਮੁਕਤੀ ਦਾ ਰਾਹ ਨਹੀਂ ਰੋਕਦਾ। ਇਸ ਤਰ੍ਹਾਂ ਸੰਸਾਰਕ ਵਸਤਾਂ ਇੱਕ ਸਾਧਨ ਬਣ ਜਾਂਦੇ ਹਨ, ਅੰਤ ਨਹੀਂ।

ਏਥੇ ਇਹ ਸਮਝਣ ਦੀ ਲੋੜ ਹੈ ਚੰਗੇ ਅਤੇ ਸੁਹਾਵਣੇ ਸੁਖਦਾਈ ਵਿੱਚ ਕੀ ਅੰਤਰ ਹੈ। ਅੱਜ ਕਿਸੇ ਨੂੰ ਕੋਈ ਚੀਜ਼ ਚੰਗੀ ਲੱਗੀ ਸੋਹਣੀ ਲੱਗੀ, ਉਸ ਪਿਛੇ ਦੌੜ ਪਏ, ਪਰ ਕੁਛ ਦਿਨਾਂ ਬਾਅਦ ਉਹ ਚੀਜ਼ ਓਨੀ ਸੋਹਣੀ ਸੁਹਾਵਣੀ ਨਹੀਂ ਰਹੀ। ਜੋ ਕੁਝ ਇਸ ਸਮੇਂ ਸੋਹਣਾ ਹੈ, ਸੁਹਾਵਣਾ ਹੈ ਉਹ ਅਗਲੀ ਘੜੀ ਨੁਕਸਾਨ ਦੇਹ ਹੋ ਸਕਦਾ ਹੈ, ਬੁਰਾ ਹੋ ਸਕਦਾ ਹੈ, ਸੰਸਾਰ ਵਿੱਚ ਬਹੁਤ ਸਾਰੀਆਂ ਗਲਤੀਆਂ ਲੋਕ ਏਸੇ ਕਰਕੇ ਕਰ ਬੈਠਦੇ ਹਨ, ਬਹੁਤ ਵਾਰੀ ਲੋਕ ਜਾਣਦੇ ਹਨ ਇਹ ਚੀਜ਼ ਸੋਹਣੀ ਹੈ, ਮਨਮੋਹਕ ਹੈ ਪਰ ਚੰਗੀ ਨਹੀਂ ਫੇਰ ਵੀ ਕਰਦੇ ਹਨ। ਕੋਈ ਵੀ ਇਸ ਤਰ੍ਹਾਂ ਨਾਲ ਅਣਜਾਣ ਨਹੀਂ ਹੈ ਬਹੁਤ ਥੋੜ੍ਹੀ ਵਾਰੀ ਅਣਜਾਣ ਵਿੱਚ ਭੋਲੇਪਨ ਵਿੱਚ ਪਾਪ ਕੀਤਾ ਜਾਂਦਾ ਹੈ। ਹਰ ਅਪਰਾਧ ਸੰਸਾਰ ਦੇ ਮੋਹ ਚੀਜ਼ ਦੇ ਮੋਹ ਚਮਕ-ਚਮਕ ਨੂੰ ਦੇਖ ਕੇ ਕੀਤਾ ਜਾਂਦਾ ਹੈ, ਇੱਕ ਦੋ ਵਾਰੀ ਅਪਰਾਧ ਕਰਨ ਤੋਂ ਬਾਅਦ ਆਦਤ ਬਣ ਜਾਂਦੀ ਹੈ। ਜਦੋਂ ਆਦਤ ਪੱਕ ਜਾਂਦੀ ਹੈ ਫੇਰ ਮਨੁੱਖ ਅਪਰਾਧ ਕੀਤੀ ਹੀ ਤੁਰੀ ਜਾਂਦੀ ਹੈ ਫੇਰ ਉਹ ਆਪਣੇ ਆਪ ਨੂੰ ਰੋਕ ਨਹੀਂ ਸਕਦਾ, ਭਾਵੇਂ ਉਹ ਜਾਣਦਾ ਹੈ ਕਿ ਇਹ ਗੱਲ ਗਲਤ ਹੈ ਇਸ ਦੀ ਉਸ ਨੂੰ ਸਜ਼ਾ ਮਿਲ ਸਕਦੀ ਹੈ। ਜੇ ਤੁਸੀਂ ਪ੍ਰਯੋਗ ਕਰਕੇ ਦੇਖੋ ਤੁਹਾਨੂੰ ਪਤਾ ਜਾਵੇਗਾ ਕਿ ਚੰਗਾ ਕਿਸ ਤਰ੍ਹਾਂ ਨਾਲ ਸੋਹਣੇ ਤੋਂ ਮਨਮੋਹਕ ਤੋਂ ਫਰਕ ਹੈ ਭਿੰਨ ਹੈ। ਜੇ ਤੁਹਾਡੀ ਜਿਹੀ ਅੱਗੇ ਦੀ ਖੋਜ ਕਰੇ ਤਾਂ ਇਹ ਵੀ ਪਤਾ ਲਗ ਜਾਵੇਗਾ ਕਿ ਇਹ ਸੁਹਾਵਣਾ ਕੀਮਤੀ ਸੱਚ ਸਾਮ੍ਹਣੇ ਆ ਜਾਵੇਗਾ ਕਿ ਵਾਸਤਵ ਵਿੱਚ ਚੰਗਾ ਹੀ ਸੋਹਣਾ ਹੈ ਕਿਉਂਕਿ ਚੰਗਾ ਹੀ ਤੁਹਾਨੂੰ ਤੁਹਾਡੇ ਗੋਲ ਤਕ, ਤੁਹਾਡੇ ਆਦੇਸ਼ ਤਕ ਪਹੁੰਚਾਉਂਦਾ ਹੈ ਪਰ ਇਥੇ ਤਕ ਪਹੁੰਚਣਾ ਬਹੁਤ ਹੀ ਔਖਾ ਹੈ, ਇਸ ਨੂੰ ਸਮਝਣਾ ਬਹੁਤ ਮੁਸ਼ਕਲ ਹੈ। ਇਹ ਬਹੁਤ ਉਚੀ ਪੜ੍ਹਾਈ ਹੈ, ਔਖੀ ਪੜ੍ਹਾਈ ਹੈ। ਇਸ ਨੂੰ ਸਮਝ ਲਈ ਅਭਿਆਸ ਦੀ ਲੋੜ ਹੈ।

ਅਭਿਆਸ ਤੋਂ ਭਾਵ ਹੈ ਬੜੇ ਸੱਚੇ ਸੁੱਚੇ ਦਿਲ ਨਾਲ ਕੋਸ਼ਿਸ਼ ਕਰਨੀ, ਲੱਗੇ ਰਹਿਣਾ। ਜਦੋਂ ਬੱਚਾ ਤੁਰਨਾ ਸਿਖਦਾ ਹੈ, ਤੁਸੀਂ ਦੇਖੋਗੇ ਉਹ ਖੜ੍ਹਾ ਹੁੰਦਾ ਹੈ, ਡਿੱਗ ਪੈਂਦਾ ਹੈ ਪਰ ਇਸ ਇਹ ਭਾਵ ਨਹੀਂ ਕਿ ਬੱਚਾ ਆਪਣਾ ਪਰਿਆਸ ਆਪਣੀ ਕੋਸ਼ਿਸ਼ ਛੱਡ ਦਿੰਦਾ ਹੈ। ਪਰ ਰੂਹਾਨੀ ਅਭਿਆਸ ਅੰਦਰ ਲੋਕੀ ਸੋਚਦੇ ਹਨ ਉਹ ਰੋਜ਼ ਤਰੱਕੀ ਕਰ ਰਹੇ ਹਨ, ਦੂਸਰੇ ਦਿਨ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਪਿੱਛੇ ਜਾ ਰਹੇ ਹਨ। ਪਰ ਸਮਝ ਦੀ ਗੱਲ ਤਾਂ ਇਹ ਹੈ ਕਿ ਅਭਿਆਸ ਆਪਣੇ ਆਪ ਆਸ ਦਿੰਦਾ ਹੈ ਸ਼ਕਤੀ ਦਿੰਦੀ ਹੈ। ਅਭਿਆਸ ਕਰਕੇ ਰਹਿਣ ਨਾਲ ਤੁਹਾਨੂੰ ਆਸ ਸ਼ਕਤੀ ਮਿਲਦੀ ਹੈ, ਆਸ ਬੱਝਦੀ ਹੈ। ਸੋ ਤੁਹਾਨੂੰ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ, ਪਰ ਇਹ ਸਮਝ ਕੇ, ਜਾਣ ਕੇ ਅਭਿਆਸ ਕਰਨਾ ਚਾਹੀਦਾ ਹੈ ਕਿ ਚੰਗਾ ਕੀ? ਸੋਹਣਾ ਕੀ ਹੈ। ਆਪਣੀਆਂ ਪਿਛਲੀਆਂ ਗਲਤੀਆਂ ਤੇ ਧਿਆਨ ਨਹੀਂ ਦੇਣਾ ਚਾਹੀਦਾ।

(*******)

# ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

## ਨਾਮ ਦਾ ਦਾਤਾ ਕੌਣ ਹੈ?

ਇਸ ਵਿਚ ਸੰਦੇ ਨਹੀਂ ਕਿ 'ਜੋ ਤੁਧੁ ਸਚੁ ਧਿਆਇੰਦੇ ਸੇ ਵਿਰਲੇ ਥੋੜੇ' ਗੁਰਵਾਕ ਅਨੁਸਾਰ ਨਾਮ-ਰਸੀਏ ਗੁਰਮੁਖ ਜਨ ਬਹੁਤ ਹੀ ਵਿਰਲੇ ਹਨ, ਪਰ ਸਾਰੀ ਸ੍ਰਿਸ਼ਟੀ ਵਿਚੋਂ ਇਹ ਗੁਰਮੁਖ ਖਾਲਸਾ ਪੰਥ ਅਜਿਹੇ ਵਿਰਲਿਆਂ, ਥੋੜ੍ਹਿਆਂ, ਚੁਣ ਕੱਢੇ ਲੱਧੋਵਾਰਿਆਂ, ਖਾਲਸ ਭਗਤ ਜਨਾਂ, ਸੱਚੇ ਸੁੱਚੇ ਨਾਮ-ਅਭਿਆਸੀਆਂ ਦਾ ਹੀ ਸਮੂੰਹ ਹੈ। ਇਸ ਗੁਰੂ ਨਾਨਕ-ਦਸ਼ਮੇਸ਼ ਜੀ ਦੇ ਸਾਜੇ ਨਿਵਾਜੇ ਪੰਥ ਅੰਦਰ ਨਾਮ ਅਭਿਆਸੀ ਗੁਰਮੁਖ ਜਨਾਂ ਦੀ ਕੋਈ ਥੁੜ ਤੇ ਕਮੀ ਨਹੀਂ, ਬਥੇਰੇ ਗੁੱਝੇ ਲਾਲ ਹਨ, ਪਰ ਏਸ ਦਾ ਇਹ ਭਾਵ ਨਹੀਂ ਕਿ ਸਾਰੇ ਹੀ ਨਾਮ ਅਭਿਆਸੀ ਗੁਰਮੁਖਿ ਜਨਾਂ ਨੂੰ ਥਾਉਂ ਥਾਈਂ ਨਾਮ-ਦਾਤੇ ਗੁਰ ਪੀਰ ਪਰਵਾਨਿਆਂ ਜਾਏ। ਏਸ ਦਾ ਨਤੀਜਾ ਇਹ ਹੋਵੇਗਾ ਕਿ ਜਿਤਨੇ ਨਾਮ-ਰਸੀਏ ਗੁਰਮੁਖ ਜਨ ਹਨ, ਉਤਨੀਆਂ ਹੀ ਗੁਰੂ-ਡੰਮ੍ਹ ਪ੍ਰਨਾਲੀਆਂ ਚੱਲ ਪੈਣਗੀਆਂ। ਗੁਰੂ ਪੰਥ ਵਿਖੇ ਦਸੋਂ ਗੁਰੂ ਸਾਹਿਬਾਨ ਦੇ ਸਮੇਂ ਵਿੱਚ ਤੇ ਪਿਛੋਂ ਹੁਣ ਤਾਈਂ ਭੀ ਨਾਮ ਅਭਿਆਸ ਕਮਾਈਆਂ ਵਾਲੇ ਪੁਗ-ਖਲੋਤੇ ਗੁਰਮੁਖਿ ਚਲੇ ਆਏ ਹਨ, ਪਰ ਦਸੋਂ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿਚ ਵੱਖਰੀ ਗੁਰੂ-ਡੰਮ ਕੋਈ ਪ੍ਰਵਾਣੀਕ ਨਹੀਂ ਹੋਈ। ਬਾਬਾ ਬੁੱਢਾ ਜੀ ਉਚ ਕੋਟੀ ਦੇ ਗੁਰਮੁਖਿ, ਨਾਮ ਅਭਿਆਸੀ ਤੇ ਬ੍ਰਹਮਗਿਆਨੀ ਸਨ, ਪਰ ਉਨ੍ਹਾਂ ਦੀ ਭੀ ਗੁਰੂ-ਡੰਮ ਸੰਪਰਦਾ ਨਹੀਂ ਸੀ, ਨਾ ਉਨ੍ਹਾਂ ਨੇ ਖੁਦ ਆਪਣੇ ਆਪ ਨੂੰ ਗੁਰੂ ਸਦਵਾਇਆ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਗੁਰੂ ਤਸਲੀਮ ਕੀਤਾ, ਤਦ ਹੋਰ ਏਥੇ ਕਿਸੇ ਦੀ ਕੀ ਵੱਟੀਦੀ ਹੈ।

*ਸਤਿਗੁਰੁ ਦਾਤਾ ਹਰਿ ਨਾਮ ਕਾ*
*ਪ੍ਰਭੁ ਆਪਿ ਮਿਲਾਵੈ ਸੋਇ ॥*
*ਸਤਿਗੁਰਿ ਹਰਿ ਪ੍ਰਭੁ ਬੁਝਿਆ*
*ਗੁਰ ਜੇਵਡੁ ਅਵਰੁ ਨ ਕੋਇ ॥*
*ਹਉ ਗੁਰ ਸਰਣਾਈ ਢਹਿ ਪਵਾ*
*ਕਰਿ ਦਇਆ ਮੇਲੇ ਪ੍ਰਭੁ ਸੋਇ ॥ ਅੰਗ - ੩੯*
*ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥*
*ਅੰਗ - ੫੨੩*
*ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥*
*ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥ ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥*
*ਅੰਗ - ੪੯*
*ਸਤਿਗੁਰ ਦਾਤੈ ਨਾਮੁ ਦਿੜਾਇਆ ॥*
*ਵਡਭਾਗੀ ਗੁਰ ਦਰਸਨੁ ਪਾਇਆ ॥*
*ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ*
*ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥ ਅੰਗ - ੯੬*
*ਸਤਿਗੁਰੁ ਦਾਤਾ ਮਿਲੈ ਮਿਲਾਇਆ ॥*
*ਪੂਰੈ ਭਾਗਿ ਮਨਿ ਸਬਦੁ ਵਸਾਇਆ ॥*
*ਨਾਨਕ ਨਾਮੁ ਮਿਲੈ ਵਡਿਆਈ*
*ਹਰਿ ਸਚੇ ਕੇ ਗੁਣ ਗਾਵਣਿਆ ॥ ਅੰਗ - ੧੧੫*
*ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ*
*ਪੂਰੇ ਗੁਰ ਕੈ ਆਗੇ ॥*
*ਸਤਿਗੁਰ ਦਾਤੈ ਨਾਮੁ ਦਿੜਾਇਆ*
*ਮੁਖਿ ਮਸਤਕਿ ਭਾਗ ਸਭਾਗੇ ॥ ਅੰਗ - ੧੭੧*
*ਸਤਗੁਰੁ ਦਾਤਾ ਵਡਾ ਵਡ ਪੁਰਖੁ ਹੈ*
*ਜਿਤੁ ਮਿਲਿਐ ਹਰਿ ਉਰ ਧਾਰੇ ॥*
*ਜੀਅ ਦਾਨੁ ਗੁਰਿ ਪੂਰੈ ਦੀਆ*
*ਹਰਿ ਅੰਮ੍ਰਿਤ ਨਾਮੁ ਸਮਾਰੇ ॥ ਅੰਗ - ੮੮੨*
*ਸਤਿਗੁਰੁ ਦਾਤਾ ਸਬਦੁ ਸੁਣਾਏ ॥*
*ਧਾਵਤੁ ਰਾਖੈ ਠਾਕਿ ਰਹਾਏ ॥*
*ਪੂਰੇ ਗੁਰ ਤੇ ਸੋਝੀ ਪਾਏ ॥ ਅੰਗ - ੨੩੨*
*ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥*
*ਹਉ ਗੁਰ ਵਿਟਹੁ ਸਦ ਵਾਰਿਆ*
*ਜਿਨਿ ਦਿਤੜਾ ਨਾਓ ॥ ਅੰਗ - ੭੨੬*
*ਸਤਿਗੁਰ ਦਾਤਾ ਰਾਮ ਨਾਮ ਕਾ*
*ਹੋਰੁ ਦਾਤਾ ਕੋਈ ਨਾਹੀ ॥*
*ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ॥*
*ਅੰਗ - ੧੨੫੮*

ਇਸ ਤਰ੍ਹਾਂ ਦੇ ਅਨੇਕਾਂ ਗੁਰਵਾਕ ਹਨ, ਜੋ ਸਾਫ ਤੌਰ ਪਰ ਸਿਧ ਕਰਦੇ ਹਨ ਕਿ ਨਾਮ ਦਾ ਦਾਤਾ ਕੇਵਲ ਸਤਿਗੁਰੂ ਹੀ ਹੈ। ਸਤਿਗੁਰੂ ਬਾਝਹੁੰ ਹੋਰ ਕੋਈ ਭੀ ਨਾਮ ਦਾ ਦਾਤਾ ਨਹੀਂ ਬਣ ਸਕਦਾ, ਅਰਥਾਤ ਸਤਿਗੁਰੂ ਬਾਝਹੁੰ ਹੋਰ ਕੋਈ ਸਿਖ, ਸੰਤ, ਮਹੰਤ, ਗੁਰਮੁਖਿ ਜਨ ਭਾਵੇਂ ਕਿਤਨਾ ਹੀ ਵੱਡਾ ਪੁਰਸ਼ ਬ੍ਰਹਮਗਿਆਨੀ ਹੋਵੇ ਉਹ ਇਕੱਲਾ ਕਿਸੇ ਨੂੰ ਨਾਮ ਨਹੀਂ ਦੇ ਸਕਦਾ, ਨਾ ਉਹ ਨਾਮ ਦਾ ਦਾਤਾ ਬਣ ਸਕਦਾ ਹੈ। ਜੋ ਸਿੱਖ, ਸੰਤ ਮਹੰਤ ਇਕੱਲੇ ਹੀ ਨਾਮ ਦੇਣ ਦੀ ਮਨਮਤਿ ਕਰਦੇ ਹਨ, ਉਹ ਨਾਮ ਦੇ ਦਾਤੇ ਗੁਰੂ ਬਣਨ ਦੀ ਹਮਾਕਤ ਕਰਦੇ ਹਨ ਤੇ ਸਤਿਗੁਰੂ ਦਾ ਸ਼ਰੀਕ ਬਣਦੇ ਹਨਮ ਉਹ ਗੁਰਮੁਖਿ ਨਹੀਂ, ਮਨਮੁਖਿ ਹਨ।

ਜਿਥੇ ਕੋਈ ਇਕ, ਕਿਸੇ ਇਕ ਸਿਖ ਪਾਸੋਂ ਨਾਮ ਲੈਂਦਾ ਹੈ, ਯਾ ਜਿਥੇ ਕੋਈ ਇਕ ਸਿਖ ਕਿਸੇ ਨੂੰ ਨਾਮ ਦਿੰਦਾ ਹੈ, ਉਥੇ ਸਮਝ ਲਵੋ ਕਿ ਪੱਕੀ ਗੁਰੂ-ਡੰਮ ਦਾ ਡਿੰਭ ਜਾਰੀ ਹੈ। ਸ੍ਰੀ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਤਮ ਤੌਰ ਪਰ ਗੁਰਿਆਈ ਬਖਸ਼ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੇ ਨਾ-ਦਾਨ ਦੇਣ ਦਾ ਅਧਿਕਾਰ ਦਿਤਾ। ਕਿਸੇ ਇਕ ਸਿਖ-ਸੰਤ ਨੂੰ ਨਾਮ-ਦਾਤਾ ਸਮਝਣਾ, ਓਸ ਨੂੰ ਗੁਰੂ ਸੰਤ ਦੀ ਪਦਵੀ ਦੇਣਾ ਹੈ। ਉਪਰਲੇ ਗੁਰਵਾਕ ਸਾਫ ਪ੍ਰਗਟ ਕਰਦੇ ਹਨ ਕਿ ਕੇਵਲ ਸਤਿਗੁਰੂ ਹੀ ਨਾਮ ਦਾ ਦਾਤਾ ਹੈ ਅਤੇ ਸਤਿਗੁਰੂ ਦਾ ਮੇਲ ਪ੍ਰਭੂ ਪ੍ਰਮਾਤਮਾ ਦੀ ਨਦਰ ਪ੍ਰਸਾਦਿ-ਮਿਲੌਣੀ ਦੁਆਰਾ ਹੀ ਹੁੰਦਾ ਹੈ। ਧੁਰੋਂ ਪਠਾਏ ਹੁਕਮ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਇਸ ਸੰਸਾਰ ਅੰਦਰ ਆਉਂਦੇ ਹਨ ਤੇ ਧੁਰਿ ਲਿਖਤ ਸੰਜੋਗਾਂ ਨਾਲ ਹੀ ਅਧਿਕਾਰੀ ਜਨਾਂ ਨੂੰ ਐਸੇ ਸਤਿਗੁਰੂ ਦਾ ਮੇਲ-ਮਿਲਾਪ ਤੇ ਪ੍ਰਾਪਤੀ ਹੁੰਦੀ ਹੈ। ਗੁਰੂ ਕਿਸੇ ਆਦਮੀ ਦੇ ਬਣਾਏ ਨਹੀਂ ਬਣਦੇ, ਆਪੇ ਬਣਾਈ ਬਣੌਟ ਦੁਆਰਾ ਨਹੀਂ ਬਣਦੇ, ਇਹ ਤਾਂ ਧੁਰੋਂ ਪਠਾਏ ਹੀ ਹੁੰਦੇ ਹਨ। ਅਕਾਲੀ ਹੁਕਮ ਅਨੁਸਾਰ ਏਸ ਕਲੀ ਕਾਲ ਅੰਦਰ

ਸਤਿਗੁਰ ਦੀ ਪਦਵੀ ਪ੍ਰਾਪਤ ਹੋਈ ਤਾਂ ਕੇਵਲ ਸਤਿਗੁਰੂ ਨਾਨਕ ਦੇਵ ਜੋਤਿ ਸਰੂਪੀ ਦਸਾਂ ਪਾਤਸ਼ਾਹੀਆਂ ਨੂੰ ਅਤੇ ਦਸਾਂ ਗੁਰੂਆਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਾਪਤ ਹੋਈ। ਹੋਰ ਕਿਸੇ ਨੂੰ ਨਾ ਇਹ ਪਦਵੀ ਪ੍ਰਾਪਤ ਹੋਈ, ਨਾ ਹੁਣ ਹੋਣੀ ਹੈ, ਨਾ ਹੋਵੇਗੀ। ਡਿੰਭੀ ਗੁਰੂ ਪਿਛੇ ਬਥੇਰੇ ਹੋਏ, ਆਗੇ ਭੀ ਹੁੰਦੇ ਰਹਿਣਗੇ, ਪਰ ਸੱਚੇ ਸਤਿਗੁਰੂ ਦੀ ਪਦਵੀ ਕਿਸੇ ਨੂੰ ਭੀ ਪ੍ਰਾਪਤ ਨਹੀਂ ਹੋਈ, ਤੇ ਨਾ ਹੋਵੇਗੀ। ਐਸੇ ਸੱਚੇ ਸਤਿਗੁਰ ਦੁਆਰਾ ਹੀ ਹਰੀ ਪ੍ਰਭ ਬੁਝੀਦਾ ਲਖੀਦਾ ਹੈ। ਗੁਰੂ ਦਾ ਪਦ ਘਟਦਾ ਹੈ ਤਾਂ ਕੇਵਲ ਧੁਰੋਂ ਆਏ ਸਤਿਗੁਰੂਾਂ ਪ੍ਰਥਾਇ ਹੀ ਘਟਦਾ ਹੈ। ਬੱਸ! ਸਤਿਗੁਰ ਜੇਵਡ ਹੋਰ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ। ਐਸੇ ਸਤਿਗੁਰੂ ਦੀ ਸ਼ਰਨਾਈ ਢਹਿ ਪੈਣਾ, ਅਰਥਾਤ ਸਤਿਗੁਰੂ ਦੇ ਅਨਿੰਨ ਸਿੱਖ ਮੁਰੀਦ ਹੋਣ ਕਰਕੇ ਹੀ ਗੁਰਸਿੱਖਾਂ ਦਾ ਨਿਸਤਾਰਾ ਹੈ।

ਕਿਸੇ ਨੂੰ ਉਪਦੇਸ਼ਟਾ ਗੁਰੂ, ਮੰਜੀ ਗੁਰੂ ਕਹਿਣਾ ਸਭ ਫਜ਼ੂਲ ਹਨ। ਭਾਈ ਅਵਤਾਰ ਸਿੰਘ ਵਹੀਰੀਏ ਨੇ ਬਹੁਤ ਸਾਰੀਆ ਪੁਸਤਕਾਂ ਛਾਪੀਆਂ ਸਨ, ਜਿਨ੍ਹਾਂ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਨੂੰ ਮੰਜੀ ਗੁਰੂ ਸਿੱਧ ਕਰਨ ਵਿੱਚ ਬਹੁਤਾ ਜ਼ੋਰ ਲਾਇਆ। ਉਨ੍ਹਾਂ ਦਾ ਇਹ ਕਥਨ ਸੀ ਕਿ ਗੱਦੀ ਗੁਰੂ ਤਾਂ ਗੁਰੂ ਸਾਹਿਬਾਨ ਹੀ ਸਨ ਪਰ ਬਾਬਾ ਖੇਮ ਸਿੰਘ ਜੀ ਮੰਜੀ ਗੁਰੂ ਸਨ। ਅਸੀਂ ਇੱਕ ਹੰਸ ਸਰੋਵਰ ਨਾਮੇ ਪੁਸਤਕ ਦੇਖੀ ਹੈ, ਉਸ ਵਿਚ ਭੀ ਨਿਰਾ ਗੁਰੂ-ਡੰਮ ਦੇ ਪ੍ਰਚਾਰ ਦਾ ਹੀ ਡਿੰਭ ਰਚਿਆ ਹੈ। ਏਸ ਗੁਰੂ ਡੰਭ ਦਾ ਬਾਨੀ ਦਿਕ ਠਾਕੁਰ ਜੀ ਨਾਮੇ ਕੇਸ਼ਹੀਨ ਹੈ, ਜਿਸਨੂੰ ਉਸ ਦੇ ਉਪਦੇਸ਼ਕ ਸੁਯੰਭੂ ਯਾ ਸੁਤੇ ਪ੍ਰਕਾਸ਼ ਗੁਰੂ ਕਰਕੇ ਮੰਨਦੇ ਤੇ ਮਨਾਉਂਦੇ ਹਨ। ਉਸ ਨੂੰ ਉਸ ਦੇ ਕਈ ਮੁਰੀਦ ਗੁਰੂ ਨਾਨਕ ਸਾਹਿਬ ਦਾ ਅਵਤਾਰ ਤੇ ਕਈ ਬਾਬਾ ਸ੍ਰੀ ਚੰਦ ਦਾ ਅਵਤਾਰ ਦਸਦੇ ਹਨ। ਏਸ ਪ੍ਰਾਣੀ ਵਿਚ ਭੀ ਗੁਰੂ ਡੰਭ ਦਾ ਸਿਲਸਿਲਾ ਚਲਿਆ ਹੋਇਆ ਹੈ।

ਨਾਮ-ਦਾਤੇ ਗੁਰੂ ਇੱਟ ਚੁਕਣ ਤੇ ਨਿਕਲ ਆਉਂਦੇ ਹਨ। ਇਕ ਆਦਮੀ ਤੋਂ ਨਾਮ ਲੈਣ ਦੇਣ ਦਾ ਸਿਲਸਿਲਾ ਤਾਂ ਅਨੇਕਾਂ ਅਜਿਹੀਆਂ ਸ਼੍ਰੇਣੀਆਂ ਵਿੱਚ ਚਲਿਆ ਹੋਇਆ ਹੈ। ਏਹਨਾਂ ਨਾਮ-ਦਾਤੀਆਂ ਸੰਪਰਦਾਵਾਂ ਦੀ ਬੀਮਾਰੀ ਦਾ ਮੁਢ ਤਾਂ ਨਾਮਧਾਰੀਆ ਦੀ ਗੁਰੂ ਡੰਮ੍ਹ ਸੰਪਰਦਾਇ ਹੈ, ਜਿਸ ਵਿਚ ਨਾਮ ਦੇਣ ਦੀ ਆਮ ਖੁਲ੍ਹ ਹੈ ਤੇ ਇਕ ਇਕੱਲਾ ਹੀ ਬਹੁਤਿਆਂ ਨੂੰ ਨਾਮ ਦੇ ਦਿੰਦਾ ਹੈ। ਏਸ ਖੁਲ੍ਹੀ ਖੇਡ ਨੇ ਨਾਮਦਾਤਿ ਨੂੰ ਹਾਸੋਹੀਣਾ ਬਣਾ ਦਿਤਾ ਹੈ, ਜਿਸ ਤੋਂ ਸਰਦਾ ਸੁਰਦਾ ਕੁਝ ਨਹੀਂ। ਇਹ ਸਭ ਕੁਝ ਗੁਰਮਤਿ ਅਸੂਲਾਂ ਤੋਂ ਬੇਅਸੂਲੇ ਹੋਣ ਵਾਲੀ ਗੁਰੂ-ਡੰਮ੍ਹ ਹੈ। ਅੰਮ੍ਰਿਤਧਾਰੀ ਹੋਏ ਬਾਝੋਂ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕੇ ਬਿਨਾਂ ਕਿਸੇ ਜਗਿਆਸੂ ਨੂੰ ਇਹ ਗੁਰਮਤਿ ਸਰਟੀਫਿਕੇਟ ਗੁਰੂ ਘਰ ਤੋਂ ਨਹੀਂ ਮਿਲ ਸਕਦਾ ਕਿ ਉਕਤ ਜਗਿਆਸੂ ਨੇ ਗੁਰੂ ਧਾਰਨ ਕਰ ਲਿਆ ਹੈ। ਉਹ ਨਿਗੁਰਾ ਹੀ ਰਹੇਗਾ ਅਤੇ ਨਿਗੁਰੇ ਨੂੰ ਸਗੁਰਾ ਕੀਤੇ ਬਾਝੋਂ ਨਾਮ-ਗੁਰਮੰਤਰ ਦੇਣਾ ਅਕਾਰਥ ਤੇ ਗੁਰਮਤਿ ਤੋਂ ਉਲਟ ਹੈ।

ਇਹ ਬੀਮਾਰੀ ਪੈ ਗਈ ਹੈ ਤੇ ਸੰਤਗੀਰੀ ਤੋਂ ਗੁਰਗੀਰੀ ਵਲ ਨੂੰ ਹੱਥ ਵਧਾਇਆ ਜਾ ਰਿਹਾ ਹੈ, ਜਿਸ ਨੇ ਸੰਤ ਪਦ ਨੂੰ ਬਦਨਾਮ ਕਰ ਦਿਤਾ ਹੈ। ਬੇਸ਼ਕ ਗੁਰਬਾਣੀ ਵਿਚ ਐਸੇ ਗੁਰਵਾਕ ਹਨ ਜਿਨ੍ਹਾਂ ਵਿਚ ਗੁਰੂ ਕੇ ਸਿੱਖਾਂ ਪਰਥਾਇ ਭੀ ਸੰਤ ਪਦ ਘਟਦਾ ਹੈ, ਪਰ ਸਾਰੀ ਬਾਣੀ ਵਿਚ 'ਸੰਤ' ਅਤੇ 'ਸਾਧ' ਪਦ ਦੀ ਬਹੁਤੀ ਸ਼ਲਾਘਾ ਪੂਜਮਈ ਸ਼ਲਾਘਾ ਜੋ ਹੈ ਸੋ ਸਿਰਫ ਗੁਰੂ ਸਾਹਿਬਾਨ ਉਪਰ ਹੀ ਘਟਦੀ ਹੈ। ਸੁਖਮਨੀ ਸਾਹਿਬ ਵਿਚ ਸੰਤ, ਸਾਧ ਤੇ ਬ੍ਰਹਮਗਿਆਨੀ ਦੀ ਜੋ ਮਹਿਮਾ ਸ੍ਰੀ ਪੰਚਮ ਪਾਤਸ਼ਾਹ ਨੇ ਵਰਨਣ ਕੀਤੀ ਹੈ ਉਹ ਸਭ ਪਹਿਲੇ ਗੁਰੂ ਸਾਹਿਬਾਨ ਪ੍ਰਥਾਇ ਹੀ ਉਚਾਰਨ ਹੋਈ ਹੈ। ਗੁਰਮੁਖ, ਸਾਧ ਸੰਤ ਮਈ ਮਹਿਮਾ ਗੁਰਮਤਿ ਆਦਰਸ਼ ਨਿਸ਼ਾਨਾ ਖਾਸ ਕਰ ਕੇਵਲ ਗੁਰੂ ਸਾਹਿਬਾਨ ਪਰ ਹੀ ਘਟਦਾ ਹੈ। ਕਲਿਜੁਗ ਵਿਚ ਪ੍ਰਗਟ ਹੋਏ ਗੁਰਮੁਖਿ ਗੁਰੂ ਸਾਧ ਦੀ ਮਹਿਮਾ ਆਪ ਗੁਰੂ ਅਕਾਲ ਪੁਰਖ ਕਰਤੇ ਪੁਰਖ ਨੇ ਗੁਰੂ ਜਾਮਿਆਂ ਵਿਚ ਖਲੋਇ ਕੇ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਉਚਾਰਨ ਕਰਾਈ। ਉਹ ਗੁਰਮੁਖਿ ਭੀ ਵਡਭਾਗੀ ਹਨ ਜਿਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਨੇ ਏਸ ਪ੍ਰਕਾਰ ਮਹਿਮਾ ਕੀਤੀ ਹੈ -

***ਧੰਨੁ ਧਨੁ ਭਾਗ ਤਿਨਾ ਭਗਤ ਜਨਾ***
***ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥***
***ਧਨੁ ਧਨੁ ਭਾਗ ਤਿਨਾ ਸੰਤ ਜਨਾ***
***ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥***
***ਧਨੁ ਧਨੁ ਭਾਗ ਤਿਨਾ ਸਾਧ ਜਨਾ***
***ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥***
***ਧਨੁ ਧਨੁ ਭਾਗ ਤਿਨਾ ਗੁਰਮੁਖਾ***
***ਜੋ ਗੁਰਸਿਖ ਲੈ ਮਨੁ ਜਿਣਤਿਆ ॥***
***ਸਭ ਦੂ ਵਡੇ ਭਾਗ ਗੁਰਸਿਖਾ ਕੇ***
***ਜੋ ਗੁਰ ਚਰਣੀ ਸਿਖ ਪੜਤਿਆ ॥ ਅੰਗ - ੬੪੯***

ਏਸ ਗੁਰਵਾਕ ਅੰਦਰ ਸਤਿਗੁਰਾਂ ਨੇ ਗੁਰਸਿਖਾਂ ਨੂੰ ਪੰਜ ਪ੍ਰਕਾਰੀ ਖਿਤਾਬ ਦੇ ਕੇ ਵਡਿਆਇਆ ਹੈ। ਪਹਿਲਾਂ ਤਾਂ ਗੁਰਸਿਖ ਦੀ ਭਗਤ ਹਨ ਕਹਿ ਕੇ ਮਹਿਮਾ ਕੀਤੀ ਹੈ, ਅਰਥਾਤ ਮੁੱਖ ਤੋਂ ਹਰ ਸਮੇਂ, ਹਰ ਖਿਨ ਨਾਮ ਜਪਣ ਵਾਲਿਆ ਗੁਰਸਿੱਖਾਂ ਨੂੰ ਭਗਤ ਜਨਾਂ ਦਾ ਖਿਤਾਬ ਦੇ ਕੇ ਧੰਨ ਧੰਨ ਆਖਿਆ। ਦੂਜੀ ਤੁਕ ਵਿੱਚ ਹਰਿ ਹਸ ਸ੍ਰਵਣੀ ਸੁਣਨਹਾਰਿਆਂ ਗੁਰਸਿੱਖਾਂ ਨੂੰ 'ਸੰਤ ਜਨਾ' ਦਾ ਰੁਤਬਾ ਦੇ ਕੇ ਧੰਨ ਧੰਨ ਆਖਿਆ ਹੈ। ਤੀਜੀ ਤੁਕ ਵਿੱਚ ਹਰੀ ਕੀਰਤਨ ਗਾਉਣ ਵਾਲੇ ਗੁਣੀ ਜਨ ਗੁਰਸਿੱਖਾਂ ਨੂੰ ਸਾਧ ਜਨਾਂ ਦਾ ਮਰਤਬਾ ਦੇ ਕੇ ਸਲਾਹਿਆ ਹੈ ਤੇ ਧੰਨ ਧੰਨ ਅਲਾਇਆ ਹੈ। ਚੌਥੀ ਤੁਕ ਵਿਚ ਗੁਰਦੀਖਿਆ ਲੈ ਕੇ ਤੇ ਗੁਰਦੀਖਿਆ ਗੁਰਮੰਤਰ ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰਿ, ਮਨ ਜਿਤਣ ਵਾਲਿਆਂ, ਸਦਾ ਗੁਰਪਰਣੇ ਰਹਿਣ ਵਾਲੇ ਸਤਿਗੁਰੂ ਦੇ ਸਨਮੁਖੀ ਸਿੱਖਾਂ ਨੂੰ ਗੁਰਮੁਖਾਂ ਦੀ ਪਦਵੀ ਦੇ ਕੇ ਨਦਰ ਨਿਹਾਲਿਆ ਤੇ ਧੰਨ ਧੰਨਾਲਿਆ ਹੈ। ਪੰਜਵੀਂ ਤੁਕ ਅੰਦਰ ਸਦਾ ਗੁਰੂ ਪ੍ਰਾਇਣ ਹੋ ਕੇ ਗੁਰ-ਸ਼ਰਣੀ ਪੜੇ ਰਹਿਣ ਵਾਲਿਆ ਸਿੱਖਾਂ ਨੂੰ ਨਿਰੋਲ ਖਾਲਸਾ ਗੁਰਸਿੱਖ ਆਖ ਕੇ ਸਭਦੂੰ ਵਡੇ ਭਾਗਾਂ ਵਾਲੇ ਗੁਰਸਿੱਖਾਂ ਦਾ ਸਭ ਤੋਂ ਉਚਾ ਦਰਜਾ ਦਿਤਾ ਹੈ।

ਸਿੱਖ ਨੂੰ ਸਦਾ ਗੁਰ ਕੇ ਚਰਣ ਸ਼ਰਣ ਸ਼ਰਣਾਗਤੀ ਸਿੱਖ ਰਹਿਣ ਵਿਚ ਹੀ ਸਭ ਤੋਂ ਵੱਡੀ ਵਡਿਆਈ ਹੈ। ਉਸ ਗੁਰਸਿਖ ਦੇ ਸਭ ਤੋਂ ਵੱਡੇ ਭਾਵ ਹਨ ਜੋ ਸਦਾ ਗੁਰ ਕੀ ਚਰਣ ਸਰਣ ਪਏ ਰਹਿਣ ਵਾਲਾ ਸਿੱਖ ਹੀ ਬਣਿਆ ਰਹਿੰਦਾ ਹੈ। ਕਦੇ ਗੁਰੂ ਬਣ ਕੇ ਗੁਰੂ ਦੀ ਬਰਾਬਰੀ ਨਹੀਂ ਕਰਦਾ ਤੇ ਕਦੇ ਸੁਪਨੇ ਵਿਚ

(ਬਾਕੀ ਅੰਗ 64 ਤੇ)

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ***
***ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

ਸਿਸਰ ਅਤੇ ਹੇਮੰਤ ਰੁੱਤ (ਮੱਘਰ-ਪੋਹ-ਮਾਘ-ਫੱਗਣ) (ਨਵੰਬਰ, ਦਸੰਬਰ, ਜਨਵਰੀ, ਫਰਵਰੀ)

***ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ***
***ਮੰਘਰ ਪੋਹਿ ਜੀਉ ॥***
***ਜਲਨਿ ਬੁਝੀ ਦਰਸੁ ਪਾਇਆ***
***ਬਿਨਸੇ ਮਾਇਆ ਧ੍ਰੋਹ ਜੀਉ ॥ ਅੰਗ - ੯੨੯***
***ਹਿਮਕਰ ਰੁਤਿ ਮਨਿ ਭਾਵਤੀ***
***ਮਾਘੁ ਫਗਣੁ ਗੁਣਵੰਤ ਜੀਉ ॥***
***ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ***
***ਹਰਿ ਕੰਤ ਜੀਉ ॥ ਅੰਗ - ੯੨੯***

ਇਸ ਰੁੱਤ ਵਿੱਚ ਉਤਰ ਦਿਸ਼ਾ ਤੋਂ ਸੀਤਲ ਹਵਾਵਾਂ ਆਉਂਦੀਆਂ ਹਨ, ਕਾਫੀ ਸਮਾਂ ਸੂਰਜ ਧੁੰਦ ਅਤੇ ਕੋਹਰੇ ਨਾਲ ਢਕਿਆ ਰਹਿੰਦਾ ਹੈ, ਜਿਸ ਕਾਰਨ ਸਰੀਰ ਅੰਦਰ ਜਠਰ ਅਗਨੀ (ਪਾਚਨ ਸ਼ਕਤੀ) ਤੇਜ਼ ਹੁੰਦੀ ਹੈ, ਇਸ ਲਈ ਹਰ ਤਰ੍ਹਾਂ ਦੇ ਭਾਰੇ ਭੋਜਨ ਵੀ ਆਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਇਸ ਰੁੱਤ ਵਿੱਚ ਨਿਗਰ ਅਤੇ ਚਿਕਨੇ, ਖੱਟੇ-ਮਿੱਠੇ ਅਤੇ ਖਾਰੇ ਪਦਾਰਥਾਂ ਦਾ ਸੇਵਨ ਕਰਨਾ ਚਾਹੀਦਾ ਹੈ। ਸਰਦੀ ਤੋਂ ਬਚਾਅ ਲਈ ਗਰਮ ਪਾਣੀ ਨਾਲ ਇਸ਼ਨਾਨ ਕਰਨਾ ਚਾਹੀਦਾ ਹੈ ਅਤੇ ਊਨੀ, ਸੂਤੀ ਤੇ ਖਾਦੀ ਦੇ ਮੋਟੇ ਕੱਪੜੇ ਪਹਿਨਣੇ ਚਾਹੀਦੇ ਹਨ।

**ਰੋਗਾਂ ਦੀ ਉਤਪਤੀ -** ਇਸ ਰੁੱਤ ਵਿੱਚ ਸਰਦੀ ਦੇ ਰੋਗ ਖਾਂਸੀ, ਜ਼ੁਕਾਮ, ਨਜ਼ਲਾ, ਸਿਰ ਦਰਦ, ਵਾਯੂ ਦਰਦ, ਪੇਟ ਰੋਗ, ਬਦਹਜ਼ਮੀ ਦੇਖਣ ਵਿੱਚ ਜ਼ਿਆਦਾ ਨਜ਼ਰ ਆਉਂਦੇ ਹਨ।

**ਇਲਾਜ -** ੧, ਇਸ ਰੁੱਤ ਵਿੱਚ ਰੋਗਾਂ ਤੋਂ ਬਚਾਅ ਲਈ ਸਵੇਰੇ ਸ਼ਾਮ ਇੱਕ-ਇੱਕ ਗਿਲਾਸ ਪਾਣੀ ਦਾ ਸੇਵਨ ਕਰਨਾ ਚੰਗਾ ਹੈ।

੨, ਇੱਕ ਹਿੱਸਾ ਜੰਗ ਹਰੜ, ਅੱਧਾ ਹਿੱਸਾ ਸੁੰਢ, ਚੌਥਾ ਹਿੱਸਾ ਅਜਵੈਣ ਬਰੀਕ ਚੂਰਨ ਕਰਕੇ ਅੱਧਾ-ਅੱਧਾ ਚਮਚ ਸਵੇਰੇ-ਸ਼ਾਮ ਗਰਮ ਪਾਣੀ ਨਾਲ ਸੇਵਨ ਕਰਨ ਨਾਲ ਵਾਯੂ ਦੇ ਦਰਦ, ਬਦਹਜ਼ਮੀ ਅਤੇ ਪੇਟ ਦੇ ਰੋਗ ਦੂਰ ਹੁੰਦੇ ਹਨ ਅਤੇ ਠੰਢ ਤੋਂ ਬਚਾਅ ਰਹਿੰਦਾ ਹੈ।

੩. ਰੇਸ਼ਾ, ਨਜ਼ਲਾ, ਜ਼ੁਕਾਮ ਅਤੇ ਖਾਂਸੀ ਦੇ ਰੋਗਾਂ ਲਈ ਸੁਹਾਗਾ (ਤਵੇ 'ਤੇ ਖਿੱਲ ਕਰਕੇ) ਮੁਲੱਠੀ ਬਰਾਬਰ-ਬਰਾਬਰ ਪੀਸ ਕੇ ਕੱਪੜਾ ਛਾਣ ਕਰੋ, ਇਸ ਵਿੱਚ ਦੁੱਗਣਾ ਸ਼ਹਿਦ ਅਤੇ ਅਦਰਕ ਦਾ ਰਸ ਮਿਲਾ ਕੇ ਰੱਖੋ, ਬੱਚਿਆਂ ਅਤੇ ਵੱਡਿਆਂ ਨੂੰ ਦਿਨ ਵਿੱਚ ਤਿੰਨ ਵਾਰ ਚਟਾਉ।

੪. ਤੁਲਸੀ ਦੇ ਪੱਤੇ ੧੫, ਕਾਲੀਆਂ ਮਿਰਚਾਂ ੭ ਕੁੱਟ ਕੇ, ਅਦਰਕ ੧੦ ਗ੍ਰਾਮ ਬਰੀਕ ਕੱਟ ਕੇ ਅਤੇ ੭ ਪਤਾਸੇ, ੨੪੦ ਗ੍ਰਾਮ ਪਾਣੀ ਵਿੱਚ ਅੱਗ 'ਤੇ ਪਕਾਉ, ਚੌਥਾ ਹਿੱਸਾ ਰਹਿ ਜਾਣ 'ਤੇ ਪੀਓ ਅਤੇ ਕੁਝ ਸਮੇਂ ਲਈ ਕੱਪੜਾ ਲੈ ਕੇ ਪੈ ਜਾਉ। ਇਸ ਤਰ੍ਹਾਂ ਦਿਨ ਵਿੱਚ ਦੋ-ਤਿੰਨ ਵਾਰ ਕਰਨ ਨਾਲ ਜ਼ੁਕਾਮ, ਨਜ਼ਲਾ, ਖਾਂਸੀ, ਗਲੇ ਦੀ ਖਰਾਬੀ ਅਤੇ ਸਰਦੀ ਦੇ ਹੋਰ ਰੋਗ ਵੀ ਠੀਕ ਹੁੰਦੇ ਹਨ।

੫, ਇਸ ਰੁੱਤ ਵਿੱਚ ਚਾਹ ਵਿੱਚ ਅਦਰਕ ਦਾ ਸੇਵਨ ਬਹੁਤ ਹੀ ਉਤਮ ਮੰਨਿਆ ਜਾਂਦਾ ਹੈ। ਦੁੱਧ ਵਿਚ ਉਬਾਲ ਕੇ ਛੁਹਾਰਾ, ਖਜੂਰ, ਮੁਨੱਕਾ, ਪਿਸ਼ਤਾ, ਬਾਦਾਮਗੀਰੀ ਆਦਿ ਦਾ ਸੇਵਨ ਸਰਦੀ ਤੋਂ ਬਚਾਅ ਲਈ ਫਾਇਦੇਮੰਦ ਹੈ। ਅਖਰੋਟ - ਗਿਰੀ, ਤਿਲ ਅਤੇ ਗੁੜ ਆਦਿ ਗਰਮ ਚੀਜ਼ਾਂ ਦੀ ਵਰਤੋਂ ਵੀ ਲਾਭਕਾਰੀ ਹੈ।

੬. ਸਰਦ ਰੁੱਤ ਦਾ ਜੀਵਨ ਨੂੰ ਸ਼ਕਤੀਸ਼ਾਲੀ ਬਣਾਉਣ 'ਚ ਸਭ ਤੋਂ ਅਧਿਕ ਯੋਗਦਾਨ ਹੁੰਦਾ ਹੈ, ਇਸ ਲਈ ਇਸ ਰੁੱਤ ਵਿਚ ਗਾਜਰਪਾਕ, ਬਾਦਾਮਪਾਕ ਅਤੇ ਅਸ਼ਵਗੰਧਾ ਪਾਕਿ ਆਦਿ ਵਰਤ ਕੇ ਲੋੜੀਂਦਾ ਲਾਭ ਉਠਾਉ।

ਇਸ ਸਰਦੀ ਦੀ ਰੁੱਤ ਵਿੱਚ ਨਵੀਂ ਤਾਕਤ ਪ੍ਰਾਪਤ ਹੁੰਦੀ ਹੈ। ਠੰਢ ਦੇ ਕਾਰਨ ਪੇਟ ਦੀ ਅਗਨੀ ਬਲਵਾਨ ਹੋ ਕੇ ਪਾਚਨ ਸ਼ਕਤੀ ਵੱਧ ਕੇ ਚੰਗੀ ਭੁੱਖ ਲਗਦੀ ਹੈ। ਇਸ ਰੁੱਤ ਵਿੱਚ ਤਾਕਤ ਵਾਲੀ ਪੌਸ਼ਟਿਕ ਖੁਰਾਕ ਖਾਣੀ ਚਾਹੀਦੀ ਹੈ।

ਸਰੀਰ ਬਲਵਾਨ ਬਨਾਉਣ ਵਾਸਤੇ ਦੇਸੀ ਘੀ, ਤੇਲ, ਕਣਕ, ਉੜਦ (ਮਾਂਹ) ਛੋਲੇ, ਗੰਨਾ, ਦੁੱਧ, ਸੁੰਢ ਮਾਘਾ, ਔਲੇ ਵਗੈਰਾ ਪਦਾਰਥਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਦੇਸੀ ਛੋਲੇ ਰਾਤ ਨੂੰ ਪਾਣੀ ਵਿੱਚ ਭਿਉਂ ਕੇ ਸਵੇਰੇ ਉਬਾਲ ਕੇ ਲੋੜ ਅਨੁਸਾਰ ਨਮਕ ਮਸਾਲਾ ਲਗਾ ਕੇ ਨਾਸ਼ਤੇ ਦੇ ਰੂਪ ਵਿੱਚ ਚੰਗੀ ਤਰ੍ਹਾਂ ਚਬਾ ਕੇ ਖਾਣੇ ਲਾਭਦਾਇਕ ਹਨ। ਔਲੇ ਦਾ ਮੁਰੱਬਾ, ਤਿਲ, ਗੁੜ, ਖੋਪਾ, ਖੰਜੂਰ ਆਦਿ ਦੀ ਵਰਤੋਂ ਹਿਤਕਾਰੀ ਹੈ। ਇੱਕ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਸਿਆਲ ਵਿਚ ਰਾਤ ਲੰਬੀ ਅਤੇ ਠੰਡੀ ਹੁੰਦੀ ਹੈ। ਆਯੁਰਵੈਦ ਦੇ ਅਚਾਰੀਆਂ ਨੇ ਸਵੇਰੇ ਨਾਸ਼ਤਾ ਕਰਨ ਨੂੰ ਕਿਹਾ ਹੈ। ਹੋਰ ਰੁੱਤਾਂ ਵਿਚ ਨਹੀਂ। ਜੋ ਸਰੀਰ ਕਰਕੇ ਕਮਜ਼ੋਰ ਹੋਵੇ ਉਸ ਸਰੀਰ ਵਿੱਚ ਤਾਕਤ ਵਧਣ ਲਈ ਵੈਦ ਦੀ ਸਲਾਹ ਲੈ ਕੇ ਆਮਲ ਕੀ ਰਸਾਇ, ਲਸਣ ਪਾਕ, ਬਾਦਾਮ ਪਾਕ, ਮੂਸਲੀ ਪਾਕ, ਸਾਲਮ ਪਾਕ (ਸਵਰਣ ਯੁਕਤ ਜਾਂ ਸਾਦਾ) ਛੁਹਾਰਾ ਪਾਕ ਆਦਿ ਦਾ ਸੇਵਨ ਸਿਹਤ ਲਈ ਬਹੁਤ ਹੀ ਵਰਦਾਨ ਹੈ ਜਿਸਨੂੰ ਕਬਜ਼ ਰਹਿੰਦੀ ਹੋਵੇ ਉਹ ਸਵੇਰੇ ਖਾਲੀ ਪੇਟ ਹਰੜ ਦਾ ਚੂਰਨ ਗੁੜ ਮਿਲਾ ਕੇ ਖਾਵੇ ਜਾਂ ਮੁਲੱਠੀ, ਹਰੜ, ਬਹੇੜਾ, ਔਲਾ ਚੂਰਨ ਕਰਕੇ ਪੰਜ ਗ੍ਰਾਮ ਪਾਣੀ ਨਾਲ ਲਵੇ। ਜਿਵੇਂ ਆਹਾਰ

(ਖਾਣ-ਪੀਣ) ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਵਿਵਹਾਰ (ਰਹਿਣ ਸਹਿਣ) ਦਾ ਵੀ ਖਾਸ ਖਿਆਲ ਰੱਖਣਾ ਚਾਹੀਦਾ ਹੈ। ਇਸ ਰੁੱਤ ਵਿੱਚ ਸਰੀਰ ਨੂੰ ਬਲਵਾਨ ਬਣਾਉਣ ਵਾਸਤੇ ਤੇਲ ਦੀ ਮਾਲਿਸ਼ ਕਰਨੀ ਚੰਗੀ ਹੈ ਅਤੇ ਛੋਲਿਆਂ ਦਾ ਆਟਾ ਲੋਧ ਅਤੇ ਔਲੇ ਦੇ ਪਾਊਡਰ ਦਾ ਬਟਣਾ ਲਾਉਣਾ ਵੀ ਬਹੁਤ ਲਾਭਦਾਇਕ ਹੈ। ਕਸਰਤ ਕਰਨੀ, ਡੰਡ ਬੈਠਕਾਂ ਕੱਢਣੀਆਂ, ਕੁਸ਼ਤੀ ਕਰਨੀ, ਭੱਜਣਾ, ਯੋਗ ਆਸਣ ਦਾ ਅਭਿਆਸ ਕਰਨਾ ਚਾਹੀਦਾ ਹੈ। ਸੂਰਜ ਦੀ ਧੁੱਪ ਸੇਕਣੀ ਵੀ ਲਾਭਕਾਰੀ ਹੈ।

ਥੋੜ੍ਹੇ ਗਰਮ ਪਾਣੀ ਨਾਲ ਇਸ਼ਨਾਨ ਕਰੋ। ਸਿਰ ਵਿੱਚ ਜ਼ਿਆਦਾ ਗਰਮ ਪਾਣੀ ਪਾਉਣਾ ਠੀਕ ਨਹੀਂ, ਭਾਵੇਂ ਕਿੰਨੀ ਵੀ ਠੰਢ ਹੋਵੇ ਸਵੇਰੇ ਛੇਤੀ ਉਠ ਕੇ ਇਸ਼ਨਾਨ ਕਰ ਲੈਣਾ ਚਾਹੀਦਾ ਹੈ ਰਾਤ ਨੂੰ ਸੌਣ ਨਾਲ ਜੋ ਸਰੀਰ ਵਿੱਚ ਗਰਮੀ ਪੈਦਾ ਹੁੰਦੀ ਹੈ ਉਹ ਇਸ਼ਨਾਨ ਕਰਨ ਨਾਲ ਬਾਹਰ ਨਿਕਲ ਜਾਂਦੀ ਹੈ। ਜਿਸ ਕਰਕੇ ਸਰੀਰ ਵਿੱਚ ਚੁਸਤੀ-ਫੁਰਤੀ ਵਿੱਚ ਵਾਧਾ ਹੁੰਦਾ ਹੈ। ਸਵੇਰੇ ਦਿਨ ਚੜ੍ਹੇ ਸੌਣ ਨਾਲ ਸਰੀਰ ਨੂੰ ਨੁਕਸਾਨ ਹੁੰਦਾ ਹੈ। ਸਰੀਰ ਵਿੱਚ ਵਧੀ ਹੋਈ ਗਰਮੀ, ਸਿਰ, ਅੱਖਾਂ, ਪੇਟ, ਪਿੱਤਾ, ਗੁਰਦੇ, ਪਿਸ਼ਾਬ ਦੀ ਥੈਲੀ, ਵੱਡੀ ਆਂਤ ਅਤੇ ਧਾਤ ਦੀ ਕਮਜ਼ੋਰੀ ਆਦਿ ਅਨੇਕਾਂ ਰੋਗ ਪੈਦਾ ਹੋ ਜਾਂਦੇ ਹਨ। ਇਸ ਕਰਕੇ ਸਵੇਰੇ ਜਲਦੀ ਉਠ ਕੇ ਪਾਣੀ ਪੀ ਕੇ, ਸੈਰ ਕਰਕੇ, ਦਿਸ਼ਾ ਉਪਰੰਤ ਦਾਤਣ ਕਰਕੇ ਇਸ਼ਨਾਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਅਨੇਕਾਂ ਰੋਗਾਂ ਤੋਂ ਬਚਾਅ ਹੋ ਕੇ ਸਰੀਰ ਤੰਦਰੁਸਤ ਰਹਿ ਸਕੇ। ਜ਼ਿਆਦਾ ਠੰਢ ਤੋਂ ਬਚਣ ਵਾਸਤੇ ਗਰਮ ਊਨੀ ਵਸਤਰ ਪਹਿਨਣੇ ਚੰਗੇ ਹਨ ਅਤੇ ਰਾਤ ਨੂੰ ਗਰਮ ਕੰਬਲ, ਰਜਾਈ, ਗਰਮ ਕਮਰੇ ਵਿੱਚ ਪੈਣਾ ਅਤੇ ਅਗਨੀ ਸੇਕਣੀ ਲਾਭਦਾਇਕ ਹੈ।

ਇਸ ਰੁੱਤ ਵਿੱਚ ਜ਼ਿਆਦਾ ਠੰਢ ਵਿੱਚ ਰਹਿਣਾ, ਠੰਡਾ ਪਾਣੀ, ਭੁੱਖਾ ਰਹਿਣਾ, ਜ਼ਿਆਦਾ ਵਰਤ ਰਖਣਾ, ਖੁਸ਼ਕ, ਕੌੜੇ, ਕਸੈਲੇ, ਠੰਡੇ ਅਤੇ ਬਾਸੀ ਪਦਾਰਥ ਦੀ ਵਰਤੋਂ, ਦਿਨ ਨੂੰ ਸੌਣਾ, ਚਿੱਤ ਨੂੰ ਕਾਮ, ਕ੍ਰੋਧ, ਈਰਖਾ, ਦਵੈਸ਼ ਰੱਖਣਾ, ਵੈਰ-ਵਿਰੋਧ ਕਰਨ ਆਦਿ ਇਹ ਗੱਲਾਂ ਸਰੀਰ ਅਤੇ ਮਨ ਲਈ ਬਹੁਤ ਨੁਕਸਾਨਦਾਇਕ ਹਨ।

ਮਲੇਰੀਆ, ਡੇਂਗੂ, ਬੁਖਾਰ ਤੋਂ ਬਚੋ।

ਕਾਲੀਆ ਮਿਰਚਾਂ - ੭

ਤੁਲਸੀ ਦੇ ਪੱਤੇ - ੧੫

ਨਿੰਮ ਦੇ ਤਾਜੇ ਪੱਤੇ - ੭

ਸਵੇਰੇ ਦਾਤਣ ਕੁਰਲਾ ਕਰਕੇ ਚਬਾ ਕੇ ਖਾਓ ਅਤੇ ਫਿਰ ਪਾਣੀ ਪੀਓ। ਇਸ ਤਰ੍ਹਾਂ ੭ ਦਿਨ ਕਰੋ। ਮਲੇਰੀਆ, ਡੇਂਗੂ ਬੁਖਾਰ ਤੋਂ ਬਚਾਅ ਰਹੇਗਾ।

☬☬☬☬☬


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........

ਪਤਾ/Address ..........

..........

..........

..........Pin Code..........

Phone.......... E-mail :..........

ਮੈਂ..........ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ..........ਮਿਤੀ..........ਰਾਹੀਂ ਭੇਜ ਰਿਹਾ ਹਾਂ।

ਦਸਖਤ..........

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, Fax : 0160-2255009, Email : atammarg@glide.net.in, www.ratwarasahib.org

**(ਅੰਗ 61 ਦਾ ਬਾਕੀ)**

ਭੀ ਗੁਰੂ ਕਾ ਗੁਰਮੰਤਰ-ਦਾਤਾਰਨੀ ਗੁਰਦੇਵ ਪਦਵੀ ਵਾਲਾ ਸੀਗਾ ਸਾਂਭਣ ਦੀ ਹਮਾਕਤ ਨਹੀਂ ਕਰਦਾ। ਐਸਾ ਕਰਨ ਵਿੱਚ ਉਸ ਦੀ ਗੁਰਸਿਖ ਪਦਵੀ ਵਾਲੀ ਵਡਿਆਈ ਭੀ ਖੋਹੀ ਜਾਂਦੀ ਹੈ, ਉਸ ਦੇ ਉਪਰ ਗੁਰ ਕਰੁਣਾ ਦੁਆਰਾ ਆਇਦ ਹੋਏ ਗੁਰ ਭਗਤ, ਸੰਤ, ਸਾਧ ਤੇ ਗੁਰਮੁਖ ਵਾਲੇ ਪਦ ਭੀ ਖੁਸ ਜਾਂਦੇ ਹਨ। ਗੁਰੂ ਕੇ ਸਿੱਖਾਂ ਲਈ ਭਲੀ ਗੱਲ ਇਹੋ ਹੀ ਹੈ ਕਿ ਉਹ ਸਦਾ ਸਿੱਖ ਹੀ ਬਣੇ ਰਹਿਣ ਤੇ ਕਦੇ ਭੀ ਆਪਣੇ ਆਪ ਨੂੰ ਸੰਤ ਸਦਾਉਣ ਵਿਚ ਫਖਰ ਨਾ ਸਮਝਣ। ਪਰਾਈ ਕਣੌਡ ਤੇ ਪਰਾਈ ਰੀਸ ਕੁਰੀਸੇ ਸੰਤ ਬਣ ਬੈਠਣਾ ਭਲੇ ਸਿੱਖਾਂ ਦਾ ਕੰਮ ਨਹੀਂ -

ਤੇ ਸੰਤ ਭਲੇ ਗੁਰਸਿਖਾਂ ਦੀ ਸੁਤੇ ਹੀ ਸਿਖ-ਸੰਤਾਂ ਵਾਲੀ ਮਹਿਮਾ ਹੋਣ ਲਗ ਪੈਂਦੀ ਹੈ। ਪਰ ਉਹ ਸਦਾ ਨਿਰਮਾਣ ਰਹਿੰਦੇ ਹੋਏ ਕਦੇ ਭੀ ਆਪਣੇ ਆਪ ਨੂੰ ਸੰਤ ਸਦਾਵਣ ਵਿਚ ਰਾਜ਼ੀ ਨਹੀਂ ਹੁੰਦੇ, ਕਿਥੇ ਇਹ ਕਿ ਉਹ ਗੁਰ-ਸੰਤ ਸਦਾਉਣ ਦੀ ਢੀਠਤਾ ਭਰੀ ਮਨਮਤਿ ਵਿਚ ਪੈਣ।

ਗੁਰਬਾਣੀ ਅੰਦਰ ਸੰਤ ਪਦ ਬਹੁਤਾ ਗੁਰੂ ਸਾਹਿਬਾਨ ਪ੍ਰਥਾਇ ਹੀ ਘਟਦਾ ਹੈ ਤੇ ਨਾਮ-ਦਾਤਿ ਦੇਣਹਾਰਾ ਗੁਰਮੁਖਿ ਪਦ ਭੀ ਸਤਿਗੁਰਾਂ ਪ੍ਰਥਾਇ ਹੀ ਘਟਦਾ ਹੈ। ਜੈਸਾ ਕਿ ਗੁਰਬਾਣੀ ਦੇ ਤੱਤਬੇਤਾ ਸ੍ਰੀ ਭਾਈ ਗੁਰਦਾਸ ਜੀ ਨੇ ਗੁਰਮੁਖਿ ਕਲਿ ਵਿਚਿ ਪਟਗਟੁ ਹੋਆ, ਦੀ ਪੰਗਤੀ ਅੰਦਰ ਗੁਰਮੁਖਿ ਪਦ ਸਤਿਗੁਰੂ ਨਾਨਕ ਸਾਹਿਬ ਪ੍ਰਥਾਇ ਹੀ ਘਟਾਇਆ ਹੈ।

ਸੋ ਗੁਰਬਾਣੀ ਵਿਚ ਜਿਥੇ ਕਿਤੇ ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ, ਦੇ ਭਾਵ ਵਾਲੀਆਂ ਤੁਕਾਂ ਆਉਂਦੀਆਂ ਹਨ, ਉਥੇ ਗੁਰਮੁਖਿ ਕੇਵਲ ਗੁਰੂ ਪ੍ਰਥਾਇ ਹੀ ਘਟਦਾ ਹੈ, ਕਿਸੀ ਇਕ ਗੁਰਸਿੱਖ ਪ੍ਰਥਾਇ ਕਦਾਚਿਤ ਨਹੀਨ ਘਟਦਾ। ਅਜਿਹੇ ਗੁਰ-ਪ੍ਰਮਾਣਾਂ ਦੇ ਆਸਰੇ ਹੀ ਬਹੁਤ ਸਾਰੇ ਗੁਰ-ਡੰਮ ਦਾ ਪਰਪੰਚ ਰਚ ਲੈਂਦੇ ਹਨ ਤੇ ਖਾਸ ਖਾਸ ਸਖਸੀਅਤ ਵਾਲੇ ਗੁਰਸਿੱਖਾਂ ਨੂੰ ਨਾਮ ਦੇ ਦਾਤੇ ਪ੍ਰਸਿੱਧ ਕਰਨ ਲਈ ਉਤਾਵਲੇ ਹੋ ਜਾਂਦੇ ਹਨ। ਇਸ ਤਰ੍ਹਾਂ ਕਰਨਾ ਗੁਰਮਤਿ ਤੋਂ ਉਲਟ ਹੈ। ਨਾਮ ਦਾ ਦਾਤਾ ਕੇਵਲ ਸਤਿਗੁਰੂ ਹੀ ਹੈ। ਨਾਮ (ਗੁਰਮੰਤਰ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜੇ ਪਿਆਰੇ ਹੀ ਅੰਮ੍ਰਿਤਧਾਰੀ ਸਿੰਘ ਨੂੰ ਦੇ ਸਕਦੇ ਹਨ, ਹੋਰ ਕੋਈ ਇਕੱਲਾ ਸਿਖ, ਸਾਧ, ਸੰਤ, ਭਗਤ, ਗੁਰਮੁਖ ਨਾਮ ਦੇਣ ਲਈ ਉਪਦੇਸ਼ਟਾ ਗੁਰੂ ਯਾ ਮੰਜੀ ਗੁਰੂ ਨਹੀ ਹੋ ਸਕਦਾ।

**ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ**

**ਐਤਵਾਰ - 01, 08, 15, 22, 29** ਨਵੰਬਰ

**(ਦਿਨ ਦੇ ਸਮੇਂ** 1.00 **ਵਜੇ ਤੋਂ** 4.00 **ਵਜੇ ਤੱਕ)**

**ਸੰਗਰਾਂਦ** - 16 ਨਵੰਬਰ, ਦਿਨ ਸੋਮਵਾਰ

**(ਦਿਨ ਦੇ ਸਮੇਂ** 1.00 **ਵਜੇ ਤੋਂ** 4.00 **ਵਜੇ ਤੱਕ)**

**ਪੂਰਨਮਾਸ਼ੀ** - 1 ਨਵੰਬਰ, ਦਿਨ ਐਤਵਾਰ

**(ਸਮਾਂ - ਦੁਪਿਹਰ 1.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)**

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ** 9.00 **ਵਜੇ ਹੁੰਦਾ ਹੈ।**


**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', | Rs.70/- |